# ਸਿਰਜਣਾ

ਅਪਰੈਲ-ਜੂਨ 2009 (ਅੰਕ 152)

**April- June 2009**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ -Sign: ____________

ਪਤਾ -Address: ____________

1728, ਸੈਕਟਰ 43-ਬੀ, ਚੰਡੀਗੜ੍ਹ - 160022

1728, Sector 43-B, Chandigarh - 160022 India

ਤਾਰੀਕ -Date: 25-10-2014

# ਸਿਰਜਣਾ



ਅਪਰੈਲ-ਜੂਨ 2009 152 25 ਰੁਪਏ

# ਸਿਰਜਣਾ

152

ਅਪਰੈਲ-ਜੂਨ 2009



ਸੰਪਾਦਕ : **ਰਘਬੀਰ ਸਿੰਘ**

Editor : **Raghbir Singh**

*

ਪਤਾ

*1728, ਸੈਕਟਰ 43-ਬੀ,*

*ਚੰਡੀਗੜ੍ਹ - 160 022*

*ਫੋਨ : +91-172-2601693*

*

**SIRJANA**

*1728, Sector 43-B,*

*Chandigarh-160 022*

*INDIA*

*Phone : +91-172-2601693*

*E-mail :*

*raghbirsingh_chd@dataone.in*

*raghbirssirjana@yahoo.com*


*


SIRJANA is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966


## ਇਸ ਅੰਕ ਵਿਚ


ਰਘਬੀਰ ਸਿੰਘ/ਸੰਪਾਦਕੀ/1

ਦੇਵ/ਦਸ ਕਵਿਤਾਵਾਂ/3

ਸ਼ਸ਼ੀ ਸਮੁੰਦਰਾ/ਦੋ ਕਵਿਤਾਵਾਂ/8

ਉਂਕਾਰਪ੍ਰੀਤ/ਤਿੰਨ ਨਜ਼ਮਾਂ/9

ਕੇਸਰਾ ਰਾਮ/ ਕਹਾਣੀ/ ਆਪਣਾ ਆਪਣਾ ਇਤਿਹਾਸ/13

ਬਲਦੇਵ ਸਿੰਘ ਢੀਂਡਸਾ/ ਕਹਾਣੀ/ ਫ਼ਤਵਾ/ 26

ਸੁਖਬੀਰ/ਕਹਾਣੀ/ਕਿਤਾਬਾਂ ਵਿਚਕਾਰਲੀ ਵਿੱਥ/41

ਸੁਰਜੀਤ ਹਾਂਸ/ ਨਿਬੰਧ/(ਹੁਣ) ਅਸੀਂ ਹਿੰਦੂ ਨਹੀਂ /47

ਰਘਬੀਰ ਸਿੰਘ/ ਨਿਬੰਧ/ਗ਼ਦਰ ਪਾਰਟੀ ਅਤੇ ਅਕਾਲੀ ਲਹਿਰ! / 55

ਚਮਨ ਲਾਲ/ਡਾਇਰੀ ਦੇ ਪੰਨੇ/ 'ਗੁੱਝੇ ਅਰਥਾਂ ਦੀ ਤਲਾਸ਼' ਦਾ ਦਹਾਕਾ/ 64

ਚੰਦਰ ਮੋਹਨ/ ਨਿਬੰਧ/ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦੀ ਕਲਾਤਮਕ ਕੁਸ਼ਲਤਾ/68

ਗੁਲਜ਼ਾਰ ਸਿੰਘ ਸੰਧੂ/ਰਿਵਿਊ/ਖਯਾਮ ਉਡਾਰੀ/82

ਸਤਿੰਦਰਪਾਲ ਸਿੰਘ/ਰਿਵਿਊ/ਆਪਣੇ ਆਪਣੇ ਜੰਗਲ /85

ਰਾਜਵੰਤ ਕੌਰ/ਰਿਵਿਊ/ਮਹਿਰੂਮੀਆਂ/88



ਟਾਈਟਲ ਚਿੱਤਰ : **ਦੇਵ** ਟਾਈਪ-ਸੈਟਿੰਗ : **ਰਾਜਪ੍ਰੀਤ ਸਿੰਘ**

ਚੰਦਾ-ਦਸ ਅੰਕ : ਦੇਸ : 250 ਰੁਪਏ, ਵਾਰਸ਼ਿਕ : 100 ਰੁਪਏ

ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 25 ਪੌਂਡ, 50 ਡਾਲਰ,ਵਾਰਸ਼ਿਕ:10 ਪੌਂਡ, 20 ਡਾਲਰ




# *ਚਿੰਤਾਜਨਕ ਰੁਝਾਨ*

ਕੁਝ ਸਮਾਂ ਪਹਿਲਾਂ ਸੁਖਜੀਤ ਦੀ ਇਕ ਕਹਾਣੀ ਛਪੀ ਸੀ ਜਿਸ ਦਾ ਸਿਰਲੇਖ ਸੀ 'ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ'। ਆਪਣੇ ਸਿਰਲੇਖ ਸਦਕਾ ਇਸ ਕਹਾਣੀ ਨੇ ਅਤੇ ਇਸਦੇ ਲੇਖਕ ਨੇ ਕੁਝ ਵਧੇਰੇ ਹੀ ਧਿਆਨ ਖਿੱਚਿਆ ਸੀ। ਲੇਖਕ ਨੇ ਏਸੇ ਕਹਾਣੀ ਦੇ ਸਿਰਲੇਖ ਉੱਤੇ ਆਪਣੇ ਨਵੇਂ ਕਹਾਣੀ ਸੰਗ੍ਰਹਿ ਦਾ ਨਾਮਕਰਨ ਕੀਤਾ ਹੈ। ਅਤੇ ਸੁਣਨ ਵਿਚ ਆਇਆ ਹੈ ਕਿ ਇਸ ਪੁਸਤਕ ਦੀ ਰਿਲੀਜ਼ ਅਤੇ ਵਿਚਾਰ-ਚਰਚਾ ਲਈ ਦਲੀਪ ਕੌਰ ਟਿਵਾਣਾ ਨੂੰ ਬੇਨਤੀ ਕੀਤੀ ਗਈ ਸੀ। ਦਲੀਪ ਕੌਰ ਟਿਵਾਣਾ ਨੇ ਅਜਿਹੇ ਸਮਾਗਮ ਵਿਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ। ਉਸ ਦਾ ਕਹਿਣਾ ਸੀ ਕਿ ਪੁਸਤਕ ਦਾ ਨਾਂ ਹੀ ਸੁਝਾਉਂਦਾ ਹੈ ਕਿ ਇਸ ਵਿਚ ਅਵੱਸ਼ ਅਸ਼ਲੀਲਤਾ ਦਾ ਅੰਸ਼ ਹੋਵੇਗਾ। ਜੇ ਕਰ ਪੁਸਤਕ ਵਿਚ ਸੱਚਮੁੱਚ ਅਸ਼ਲੀਲਤਾ ਦਾ ਅੰਸ਼ ਨਾ ਵੀ ਹੋਵੇ ਤਦ ਵੀ ਇਕ ਜ਼ੁੰਮੇਵਾਰ ਲੇਖਕ ਵਜੋਂ ਉਹ ਅਜਿਹੇ ਸਨਸਨੀਖੇਜ਼ ਨਾਂ ਵਾਲੀ ਪੁਸਤਕ ਨਾਲ ਸੰਬੰਧਤ ਨਹੀਂ ਹੋਣਾ ਚਾਹੇਗੀ। ਸੁਖਜੀਤ ਨੇ ਹੀ ਕੁਝ ਸਮਾਂ ਪਹਿਲਾਂ 'ਬਰਫ਼' ਨਾਂ ਦੀ ਇਕ ਕਹਾਣੀ ਲਿਖੀ ਸੀ ਜਿਸ ਵਿਚ ਸਕੇ ਭੈਣ-ਭਰਾ ਦੇ ਕਾਮੁਕ ਸੰਬੰਧ ਦੀ ਬਾਤ ਕੀਤੀ ਗਈ ਸੀ। ਇਸ ਤਰ੍ਹਾਂ ਦੇ ਬੰਧੇਜ-ਰਹਿਤ ਕਾਮੁਕ ਸੰਬੰਧਾਂ ਦੀ ਬਾਤ ਪਾਉਣ ਦਾ ਰੁਝਾਨ ਪਿਛਲੇ ਕੁਝ ਸਮੇਂ ਤੋਂ ਜ਼ਿਆਦਾ ਹੀ ਉਘੜਵਾ ਹੁੰਦਾ ਗਿਆ ਹੈ ਜਿਸ ਨੂੰ ਪ੍ਰੇਮ ਪ੍ਰਕਾਸ਼ ਵਰਗੇ ਲੇਖਕਾਂ ਦੀ ਹੱਲਾਸ਼ੇਰੀ ਮਿਲਦੀ ਰਹੀ ਹੈ। ਪ੍ਰੇਮ ਪ੍ਰਕਾਸ਼ ਨੇ ਆਪਣੀ ਸਵੈ-ਜੀਵਨੀ ਵਿਚ ਵੀ ਇਸ ਤਰ੍ਹਾਂ ਦੇ ਬੰਧੇਜ-ਰਹਿਤ ਕਾਮੁਕ ਵਿਹਾਰ ਦਾ ਚੰਗਾ ਖਲਾਰਾ ਪਾਇਆ ਸੀ। ਇਹ ਸਾਰਾ ਕੁਝ ਗੰਭੀਰ ਸਾਹਿਤਕ ਹਲਕਿਆਂ ਨੂੰ ਅਵੱਸ਼ ਪਰੇਸ਼ਾਨ ਕਰਨ ਵਾਲਾ ਹੈ।

ਸਾਡਾ ਇਹ ਮਤ ਨਹੀਂ ਕਿ ਲਿੰਗਕ ਵਿਹਾਰ ਜਾਂ ਕਾਮੁਕ ਸੰਬੰਧਾਂ ਦੀ ਗੱਲ ਕਰਨਾ ਮਾੜੀ ਗੱਲ ਹੈ ਜਾਂ ਇਸ ਤਰ੍ਹਾਂ ਦੀ ਵਸਤੂ ਲਿਆਉਣ ਨਾਲ ਹੀ ਕੋਈ ਲਿਖਤ ਅਸ਼ਲੀਲ ਹੋ ਜਾਂਦੀ ਹੈ। ਕਿਸੇ ਵੀ ਵਿਸ਼ੇ ਨੂੰ ਸਾਹਿਤ ਲਈ ਵਰਜਤ ਨਾ ਮਿੱਥਦੇ ਹੋਏ ਅਸੀਂ ਇਹ ਅਵੱਸ਼ ਸਮਝਦੇ ਹਾਂ ਕਿ ਸਾਹਿਤ ਨਕਾਰਾਤਮਕ ਗੱਲਾਂ ਦਾ ਵਾਹਨ ਨਹੀਂ ਹੋ ਸਕਦਾ। ਸੱਚ, ਸੁੰਦਰ ਤੇ ਕਲਿਆਣਕਾਰੀ ਹੋਣ ਦੇ ਸਾਹਿਤ ਦੇ ਉਦੇਸ਼ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਇਸ ਲਈ ਸਾਹਿਤ-ਸਿਰਜਣਾ ਵਿਚ ਕਾਮੁਕ ਵਿਹਾਰ ਵਰਗੇ ਵਿਸ਼ੇ ਨੂੰ ਬਹੁਤ ਸੰਜੀਦਗੀ ਨਾਲ ਨਿਭਾਏ ਜਾਣ ਦੀ ਲੋੜ ਹੈ। ਪਿਆਰ, ਰੋਮਾਂਸ ਤੇ ਮਨੁੱਖੀ ਰਿਸ਼ਤਿਆਂ ਦੀ ਗੱਲ ਹਮੇਸ਼ਾ ਸਾਹਿਤ ਵਿਚ ਹੁੰਦੀ ਰਹੀ ਹੈ ਤੇ ਹੁੰਦੀ ਰਹੇਗੀ। ਸੱਚ ਤਾਂ ਇਹ ਹੈ ਕਿ ਸਾਹਿਤ-ਰਚਨਾ ਦਾ ਵਡੇਰਾ ਭਾਗ ਇਹਨਾਂ ਹੀ ਵਿਸ਼ਿਆਂ ਉੱਤੇ ਕੇਂਦਰਤ ਰਹਿੰਦਾ ਹੈ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਇਸ ਤਰ੍ਹਾਂ ਦੇ ਵਿਸ਼ਿਆਂ ਨੂੰ ਸਾਹਿਤ ਦੀ ਵਸਤ ਬਣਾਉਣ ਸਮੇਂ ਲੇਖਕ ਦੇ ਸਾਹਮਣੇ ਉਦੇਸ਼ ਕੀ ਹੈ। ਕੀ ਉਹ ਚੰਗੇ ਸਹਿਜ-ਸੁਆਦ ਅਤੇ ਮੁੱਲ-ਵਿਧਾਨ ਨੂੰ ਉਭਾਰ ਰਿਹਾ ਹੈ ਜਾਂ ਅਚੇਤ-ਸੁਚੇਤ ਮਨੁੱਖ ਦੀਆਂ ਨਿਮਨ ਪ੍ਰਵਿਰਤੀਆਂ ਨੂੰ ਉਕਸਾ ਰਿਹਾ ਹੈ। ਪਹਿਲੀ ਕਿਸਮ ਦੀ ਪਹੁੰਚ ਨਾਲ ਹੋਈ ਰਚਨਾ ਹੀ ਚੰਗੇ ਸਾਹਿਤ ਦੀ ਕੋਟੀ ਵਿਚ ਸ਼ਾਮਲ ਹੋ ਸਕਦੀ ਹੈ ਜਦ ਕਿ ਦੂਜੀ ਪਹੁੰਚ ਨਾਲ ਕੀਤੀ ਰਚਨਾ ਨਿਮਨ ਜਾਂ ਅਣ ਸਾਹਿਤ ਹੀ ਗਿਣੀ ਜਾਵੇਗੀ।

ਲਿੰਗਕ ਪ੍ਰਵਿਰਤੀ ਅਤੇ ਕਾਮੁਕ ਵਿਹਾਰ ਦਾ ਪ੍ਰਸ਼ਨ ਬਹੁਤ ਗੁੰਝਲਦਾਰ ਹੈ। ਮਨੁੱਖ ਨੇ ਪ੍ਰਕਿਰਤੀ ਤੋਂ ਸੰਸਕ੍ਰਿਤੀ ਤਕ ਦਾ ਇਕ ਲੰਮਾ ਸਫਰ ਅਵੱਸ਼ ਤੈਅ ਕੀਤਾ ਹੈ ਪਰ ਪ੍ਰਕਿਰਤੀ ਤੇ

ਸੰਸਕ੍ਰਿਤੀ ਨੂੰ ਦੋ ਵਿਰੋਧੀ ਧਰੁਵਾਂ ਵਜੋਂ ਨਹੀਂ ਵੇਖਿਆ ਜਾ ਸਕਦਾ। ਇਕ ਸਮਾਜਕ ਜੀਵ ਵਜੋਂ ਮਨੁੱਖ ਦੇ ਵਿਹਾਰ ਉੱਤੇ ਕੁਝ ਪ੍ਰਤੀਬੰਧ ਲਗਦੇ ਹਨ ਜਿਹਨਾਂ ਦਾ ਉਲੰਘਣ ਨਹੀਂ ਹੋਣਾ ਚਾਹੀਦਾ। ਜੇ ਕੋਈ ਅਜਿਹਾ ਉਲੰਘਣ ਕਰਦਾ ਹੈ ਤਾਂ ਉਸਦੇ ਵਿਹਾਰ ਨੂੰ ਅਨੈਤਿਕ ਗਿਣਿਆ ਜਾਵੇਗਾ। ਵੱਖ-ਵੱਖ ਸਮਾਜਾਂ ਵਿਚ ਤੇ ਵੱਖ-ਵੱਖ ਸਮਿਆਂ ਉੱਤੇ ਨੈਤਿਕਤਾ ਦੇ ਮਾਪਦੰਡਾਂ ਵਿਚ ਤਬਦੀਲੀ ਤਾਂ ਆਉਂਦੀ ਰਹਿੰਦੀ ਹੈ। ਤਦ ਵੀ ਭੈਣ-ਭਰਾ, ਪਿਉ-ਧੀ, ਮਾਂ-ਪੁੱਤਰ ਅਤੇ ਹੋਰ ਨੇੜਲੇ ਰਿਸ਼ਤਿਆਂ ਵਿਚ ਕਾਮੁਕ ਸੰਬੰਧ ਜੁੜਨ ਨੂੰ ਅਪਰਾਧੀ ਜਾਂ ਅਨੈਤਿਕ ਹੀ ਗਰਦਾਨਿਆ ਜਾਵੇਗਾ। ਏਸੇ ਤਰ੍ਹਾਂ ਹੀ ਵੇਸਵਾ ਬਿਰਤੀ ਜਾਂ ਸਮਾਜ ਮਰਿਯਾਦਾ ਦੇ ਵਿਰੋਧ ਵਿਚ ਜਾ ਕੇ ਸਥਾਪਤ ਕੀਤੇ ਅਵੈਧ ਲਿੰਗਕ ਸੰਬੰਧਾਂ ਨੂੰ ਆਮ ਰੂਪ ਵਿਚ ਪ੍ਰਵਾਨਗੀ ਨਹੀਂ ਦਿੱਤੀ ਜਾਂਦੀ। ਸੁਆਲ ਇਹ ਨਹੀਂ ਕਿ ਜੀਵਨ ਵਿਚ ਸੱਚ-ਮੁੱਚ ਜੁੜਦੇ ਇਸ ਤਰ੍ਹਾਂ ਦੇ ਰਿਸ਼ਤੇ ਜਾਂ ਹਕੀਕਤ ਵਿਚ ਵਾਪਰਦੀਆਂ ਇਸ ਤਰ੍ਹਾਂ ਦੀਆਂ ਘਟਨਾਵਾਂ ਸਾਹਿਤ-ਵਸਤੂ ਬਣ ਕੇ ਨਾ ਆਉਣ, ਸੁਆਲ ਇਹ ਹੈ ਕਿ ਇਸ ਸਭ ਕੁਝ ਨੂੰ ਕਿਸ ਪਹੁੰਚ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਸੰਸਾਰ ਪ੍ਰਸਿੱਧ ਯੂਨਾਨੀ ਕਲਾਸਿਕ 'ਈਡੀਪਸ' ਵਿਚ ਮਾਂ ਤੇ ਪੁੱਤਰ ਦੇ ਰਿਸ਼ਤੇ ਦੀਆਂ ਭਾਵੇਂ ਬਹੁਤ ਸਾਰੀਆਂ ਪਰਤਾਂ ਹਨ ਜਿਹਨਾਂ ਵਿਚ ਸਮੇਂ ਦੇ ਹਿਸਾਬ ਨਾਲ ਹੋਣੀ ਤੇ ਭਾਵੀ ਆਦਿ ਦਾ ਦਖਲ ਵੀ ਹੈ ਤਦ ਵੀ ਉਸ ਰਿਸ਼ਤੇ ਨੂੰ ਪੇਸ਼ ਕਰਦਿਆਂ ਮਹਾਨ ਯੂਨਾਨੀ ਲੇਖਕ ਨੇ ਉਸ ਪ੍ਰਤੀ ਪ੍ਰਵਾਨਗੀ ਦੀ ਭਾਵਨਾ ਨਹੀਂ ਦਰਸਾਈ। ਵੇਸਵਾਵਾਂ ਵੀ ਅਕਸਰ ਸਾਹਿਤ-ਰਚਨਾਵਾਂ ਦੀਆਂ ਪਾਤਰ ਬਣੀਆਂ ਹਨ ਪਰ ਚੰਗੀਆਂ ਸਾਹਿਤ-ਲਿਖਤਾਂ ਉਹ ਹੀ ਪ੍ਰਵਾਨ ਹੋਈਆਂ ਹਨ ਜਿਹਨਾਂ ਵਿਚ ਵੇਸਵਾਵਾਂ ਦੀ ਜ਼ਿੰਦਗੀ ਮਨੁੱਖੀ ਤੇ ਸਮਾਜਕ ਯਥਾਰਥ ਦੇ ਕਲਾਤਮਕ ਪ੍ਰਗਟਾਅ ਦਾ ਮਾਧਿਅਮ ਬਣੀ ਹੈ। ਨਹੀਂ ਤਾਂ ਅਜਿਹੀਆਂ ਲਿਖਤਾਂ ਸਾਹਿਤ 'ਚੋਂ ਖਾਰਜ ਹੀ ਸਮਝੀਆਂ ਜਾਂਦੀਆਂ ਹਨ। ਇਸ ਪ੍ਰਸੰਗ ਵਿਚ ਵੇਖਣ ਵਾਲੀ ਗੱਲ ਹੈ ਕਿ ਬਲਦੇਵ ਸਿੰਘ ਦਾ ਨਾਵਲ 'ਲਾਲ ਬੱਤੀ' ਕੀ ਸੱਚਮੁੱਚ ਲੇਖਕ ਦੇ ਆਪਣੇ ਦਾਅਵੇ ਅਨੁਸਾਰ ਇਕ ਚੰਗੀ ਸਿਰਜਣਾਤਮਕ ਲਿਖਤ ਹੈ? ਜਾਂ ਲੇਖਕ ਆਪਣੇ ਆਪ ਨੂੰ ਹੀ ਧੋਖਾ ਦਿੰਦਾ ਹੋਇਆ ਨਿਮਨ ਪ੍ਰਵਿਰਤੀਆਂ ਨੂੰ ਉਕਸਾ ਕੇ ਆਪਣੀ ਰਚਨਾ ਲਈ ਵਡੇਰਾ ਪਾਠਕ ਵਰਗ ਤਲਾਸ਼ ਰਿਹਾ ਹੈ।

ਅੱਜੋਕੇ ਸਮੇਂ ਵਿਚ ਸਮਲਿੰਗਕ ਪ੍ਰਵਿਰਤੀ ਦਾ ਮਸਲਾ ਮਨੁੱਖ ਦੀ ਸਮਾਨਤਾ ਤੇ ਆਜ਼ਾਦੀ ਦੇ ਸੁਆਲ ਵਜੋਂ ਉਭਰ ਕੇ ਸਾਹਮਣੇ ਆ ਰਿਹਾ ਹੈ। ਇਸ ਸੰਬੰਧ ਵਿਚ ਇਹ ਤਾਂ ਪ੍ਰਵਾਨ ਕੀਤਾ ਜਾਂਦਾ ਹੈ ਕਿ ਕਾਫੀ ਵੱਡੀ ਗਿਣਤੀ ਵਿਚ ਔਰਤਾਂ ਤੇ ਮਰਦਾਂ ਵਿਚ ਇਸ ਤਰ੍ਹਾਂ ਦੀ ਕੁਦਰਤੀ ਪ੍ਰਵਿਰਤੀ ਮੌਜੂਦ ਰਹਿੰਦੀ ਹੈ ਜਿਸ ਨੂੰ ਸਮਾਜਕ ਮਾਣ-ਮਰਿਯਾਦਾ ਦੇ ਡਰ ਕਾਰਨ ਦਬਾਅ ਕੇ ਜਾਂ ਲੁਕੋ ਕੇ ਰੱਖਿਆ ਜਾਂਦਾ ਹੈ। ਵਿਕਸਤ ਦੇਸ਼ਾਂ ਵਿਚ ਇਹ ਸਵਾਲ ਜੇ ਸਮਾਜ ਤੇ ਵਿਵਸਥਾ ਦੇ ਲਈ ਇਕ ਭਖਦਾ ਮਸਲਾ ਬਣਿਆ ਹੈ ਤਾਂ ਇਸ ਦਾ ਪ੍ਰਗਟਾਅ ਸਾਹਿਤਕ ਤੇ ਕਲਾਤਮਕ ਰੂਪ ਵਿਚ ਵੀ ਹੋਣ ਲੱਗਾ ਹੈ। ਅਜਿਹੇ ਪ੍ਰਗਟਾਅ ਨੂੰ ਉਸ ਹੱਦ ਤਕ ਅਸ਼ਲੀਲ ਜਾਂ ਅਨੈਤਿਕ ਨਹੀਂ ਗਰਦਾਨਿਆ ਜਾ ਸਕਦਾ ਜਿਸ ਹੱਦ ਤਕ ਇਹ ਮਨੁੱਖ ਦੀ ਸਹਿਜ ਪ੍ਰਵਿਰਤੀ ਦੀਆਂ ਤੈਹਾਂ ਅਤੇ ਰਿਸ਼ਤਿਆਂ ਦੀ ਗੁੰਝਲ ਨੂੰ ਫਰੋਲਣ ਦਾ ਮਾਧਿਅਮ ਬਣਦਾ ਹੈ। ਪਰ ਸਾਡੀ ਜ਼ੁਬਾਨ ਵਿਚ ਸਮਾਜਕ ਜਾਂ ਮਾਨਸਿਕ ਯਥਾਰਥ ਤੋਂ ਪਰੇਡੇ ਜਾ ਕੇ ਜੇ ਮਹਿਜ਼ ਸਨਸਨੀ ਪੈਦਾ ਕਰਨ ਲਈ ਜੇ ਇਸ ਤਰ੍ਹਾਂ ਦੀ ਲਿਖਤ ਲਿਖੀ ਜਾਂਦੀ ਤਾਂ ਉਹ ਅਵੱਸ਼ ਨਕਾਰਨਯੋਗ ਹੈ।

ਅਸੀਂ ਇਹੀ ਆਖਣਾ ਚਾਹਵਾਂਗੇ ਕਿ ਸਾਡੇ ਲੇਖਕ ਸਮਾਜ ਅਤੇ ਮਨੁੱਖੀ ਵਿਹਾਰ ਦੀ ਡੂੰਘੀਆਂ ਤੈਹਾਂ ਨੂੰ ਤਾਂ ਅਵੱਸ਼ ਫਰੋਲਣ ਪਰ ਉਹ ਇਹ ਸਵਾਲ ਹਮੇਸ਼ਾ ਆਪਣੇ ਸਾਹਮਣੇ ਰੱਖਣ ਕਿ ਕੀ ਉਹ ਮਹਿਜ਼ ਸਨਸਨੀ ਪੈਦਾ ਕਰਨ ਦੀ ਖਾਤਰ ਹੀ ਤਾਂ ਇਸ ਤਰ੍ਹਾਂ ਦੀ ਲਿਖਤ ਨਹੀਂ ਲਿਖ ਰਹੇ? ਮਗਰਲੀ ਹਾਲਤ ਵਿਚ ਉਹਨਾਂ ਨੂੰ ਦਲੀਪ ਕੌਰ ਟਿਵਾਣਾ ਵਰਗੀ ਪ੍ਰਤਿਸ਼ਠਤ ਲੇਖਕਾ ਦੀ ਅਪ੍ਰਵਾਨਗੀ ਦਾ ਸਾਹਮਣਾ ਤਾਂ ਕਰਨਾ ਪਵੇਗਾ ਹੀ, ਗੰਭੀਰ ਸਾਹਿਤ ਸਿਰਜਕ ਵਜੋਂ ਵੀ ਉਹਨਾਂ ਉੱਤੇ ਪ੍ਰਸ਼ਨ ਚਿੰਨ੍ਹ ਲਗਦਾ ਰਹੇਗਾ।

-ਰਘਬੀਰ ਸਿੰਘ



# ਦਸ ਕਵਿਤਾਵਾਂ/ਦੇਵ

## ਨੁੱਚੜਦਾ ਗੁਲਾਬ

ਨੁੱਚੜਦੇ ਗੁਲਾਬ 'ਚ
ਮੇਰਾ ਲਹੂ ਦਫਨ ਏ
ਹੁਣ ਆਹਮੋ-ਸਾਹਮਣੇ ਨਹੀਂ ਝਗੜੇ ਅਸੀਂ
ਸਿਮਰਤੀ ਸ਼ੀਸ਼ੇ ਨੂੰ ਕੰਕਰਾਂ ਨਾਲ ਕੋਸਦੀ
ਉਹ ਅਜੇ ਵੀ ਮੇਰੀ ਨੀਂਦ ਦੇ ਪਛਵਾੜੇ
ਦੂਰ ਸੁਪਨਾ ਬਣ ਉਭਰਦੀ
ਪਰੇਸ਼ਾਨ ਕਰਨ ਲਈ ਬੋਲਦੀ ਨਹੀਂ
ਖਾਮੋਸ਼ੀ ਦਾ ਕਸੂਤਾ
ਪਰਛਾਵਾਂ

ਗੁਲਾਬ ਨੂੰ ਮਚੋੜ ਰਿਹਾ ਹਾਂ
ਰੱਬ ਤੋਂ ਮੈਂ ਨੂੰ ਮੁਕਤ ਕਰਨ ਲਈ
ਗੁਲਾਬ ਨੇ ਮੈਥੋਂ ਬਦਲਾ ਲੈ ਲਿਐ
ਹਥੇਲੀਆਂ 'ਚ ਕੰਡੇ ਚੁਭੋ ਕੇ
ਹੱਥਾਂ 'ਚੋਂ ਹੁਣ ਸੱਜਰੇ ਲਹੂ ਦੀ
ਖੁਸ਼ਬੂ ਆ ਰਹੀ ਏ

## ਸ਼ੀਸ਼ੇ ਦੇ ਅੱਗੇ

ਸ਼ੀਸ਼ੇ ਦੇ ਅੱਗੇ
ਆਪਣਾ ਆਪ ਰੱਖਿਆ
"ਪੁੱਛ" ਲਈ
ਕਦੋਂ ਭਰੇਗੀ ਮੇਰੀ ਖਿਲਾਅ
ਕਿ ਤੇਰੇ ਅੰਦਰ ਸਾਲਮ ਸਬੂਤਾ ਸਮਾ ਸਕਾਂ
ਸ਼ੀਸ਼ੇ ਨੇ ਕਿਹਾ:
ਤੇਰੀ ਹੋਣੀ ਹੋਰਾਂ ਦੇ ਸੰਤਾਪਾਂ ਦੀ ਸਪੰਜਗੀ ਹੋਣੈ
ਤੇਰੇ ਲਈ ਨਿਰਵਾਣ ਨਹੀਂ
ਹੋਰਾਂ ਦੇ ਜ਼ਖ਼ਮਾਂ ਦੀ ਮਲ੍ਹਮ ਕਰਨੈ
ਸ਼ੀਸ਼ੇ ਨੇ ਕਿਹਾ
"ਪਹਿਚਾਣ"
ਸਫਰ ਤੂੰ ਬਹੁਤ ਕਰ ਲਏ
ਹੁਣ ਤੂੰ ਆਪਣੀ ਯਾਤਰਾ "ਆਰੰਭ" ਕਰ
ਤੱਕ ਜਾ ਨਾ ਤੱਕ
ਚੁੱਪ ਚੁਪੀਤਾ ਸ਼ਬਦ ਵੱਲ ਗਿਆ
ਲੋਅ ਨੇ ਪੱਤਝੜ ਦਾ ਪੱਤਾ
ਤਲੀ 'ਤੇ ਰੱਖਿਆ

ਛਾਂ ਦੀ ਅਰਦਾਸ ਬਿਰਖ ਬਣੀ
ਸ਼ਬਦ ਤੇ ਸੁਪਨੇ ਦੀ ਪਰਿਕਰਮਾ ਕਰਦਾ
ਜਦੋਂ ਮੈਂ ਆਪਣੇ ਤਕ ਅਪੜਿਆ
ਸ਼ੀਸ਼ਾ ਤਿੜਕ ਚੁੱਕਾ ਸੀ
ਜ਼ਖਮ ਯਾਦ ਦੀ ਜਿਲਦ ਦੇ ਕੈਦੀ
ਨਕਸ਼ ਜੋ ਸ਼ੀਸ਼ੇ ਨਾਲ ਜ਼ਿੱਦਾਂ ਕਰਦਾ
ਜ਼ਿੱਦੀ ਹੰਕਾਰ ਦੇ ਹੱਥੋਂ
ਧੂੜ ਧੂੜ ਹੋ ਗਿਆ
ਚੱਲਿਆ ਹਾਂ ਤੂੰ ਹਾਜ਼ਰ ਰਹੀਂ
ਇਤਿਹਾਸ ਕੀ ਇਸ ਤਰ੍ਹਾਂ ਹੀ
ਬਣਦਾ ਮਿਟਦੈ
ਮਾਇਆ ਦੀ ਲੀਲ੍ਹਾ ਰਚਦਾ
ਸ਼ੀਸ਼ਾ ਦ੍ਰਿਸ਼ ਰਤਿਕ
ਤ੍ਰਿਪਤੀਕਾਰ

## ਚਾਰ ਚੁਫੇਰੇ

ਚਾਰ ਚੁਫੇਰੇ
ਖਿਲਰੇ ਪਏ ਅੱਖਰ
ਕਿਸ ਨੂੰ ਚੁਣਾਂ, ਕਿਸ ਨੂੰ ਛੱਡਾਂ
ਪਏ ਨੇ ਜੋ ਸ਼ਬਦਕੋਸ਼ 'ਚ ਕੈਦ
ਅੱਖ ਨੂੰ ਉਡੀਕਦੇ
ਸ਼ਾਇਰ ਦੀ ਉਂਗਲ ਆਕਾਸ਼ੀਂ ਝੂੱਲਦੀ
ਪੱਤੀ-ਪੱਤੀ ਹੋ ਗਏ
ਲਾਲ ਗੁਲਾਬ ਲਈ
ਅਜੇ ਵੀ ਕਿੰਨਾ ਅੰਧ ਵਿਸ਼ਵਾਸ
ਸ਼ੁੱਧ ਧਾਰਮਿਕ ਜਿਹਾ
ਮੈਂ ਹਾਂ ਪ੍ਰਸ਼ਨਾਂ ਦੀਆਂ ਤੰਦਾਂ 'ਚ ਅੱਧ ਮਰੀ ਮੱਛੀ
ਕਿੰਤੂਆਂ ਦੇ ਜਾਲ 'ਚ ਤੜਫਦੀ
ਨਹੀਂ! ਮੇਰੇ ਕੋਲ ਕੋਈ ਜਵਾਬ ਨਹੀਂ
ਨਾ ਹੀ ਧੁੰਆਂਖਿਆ ਅੰਧ-ਅਕੀਦਾ
ਸੁਆਲ ਹੀ ਸੁਆਲ ਨੇ
ਝੂਠੇ ਸੱਚ ਦੀ ਅੰਨ੍ਹੀ ਚਮਕ
ਸੱਚ :
ਪੱਤੇ 'ਤੇ ਕੰਬਦੀ
ਤ੍ਰੇਲ ਤਲਿਸਮੀ
ਹਰ ਨਵਾਂ ਧਰਮ ਪਹਿਲੇ ਦਾ ਕਤਲ ਕਰਕੇ



'ਆਪਣੇ' ਝੂਠੇ ਸੱਚ ਦੀ ਖਬਰ ਤੇ ਮਿਥ ਬੁਣਦੈ

## ਘਰ

ਉਹ ਘਰ ਜਿਹਨਾਂ 'ਚ
ਮੈਂ ਕਦੇ ਰਹਿਣਾ ਨਹੀਂ
ਕਿਉਂ ਖਰੀਦਾਂ
ਉਸਾਰਾਂ
ਸੁਪਨੇ
ਜਿਹਨਾਂ ਨੇ "ਮੈਨੂੰ" ਅਜੇ
ਜਿਉਣੈ
ਕਿਉਂ ਨਾ ਉਹਨਾਂ ਲਈ
ਭਟਕਾਂ
ਉਡੀਕਾਂ

## ਰੰਗ ਅੰਦਰ ਤਨ

ਮਨ ਦਾ ਨਹੀਂ ਕੋਈ ਵੀ ਰੰਗ
ਨਾ ਉਡਾਣਾਂ ਦੀ ਰਾਹਦਾਰੀ
ਨਾ ਸੁਰਾਂ ਦੀਆਂ
ਸਰਹੱਦਾਂ
ਬੰਦੇ ਨੇ ਬਣਾ ਲਈਆਂ
ਆਪਣੇ ਆਪਣੇ ਪਰਚਮਾਂ ਅੰਦਰ
ਤਰ੍ਹਾਂ ਤਰ੍ਹਾਂ ਦੇ ਰੰਗਾਂ ਦੀਆਂ
ਕਬਰਾਂ

## ਸ਼ਬਦ ਤਲਾਸ਼

ਸ਼ਬਦ ਕੋਸ਼ 'ਚੋਂ
ਚੁਗਦਾ ਰਹਿੰਦਾ ਸਾਂ ਜੋ
ਅੱਖਰ
ਕਦੋਂ ਦੇ ਉਹ ਖਿੱਲਰ ਗਏ ਨੇ
ਮੇਰੇ ਹੱਥਾਂ 'ਚੋਂ
ਜ਼ਿੰਦਗੀ ਅੰਦਰ
ਕਿੰਨਾ ਮੁਸ਼ਕਲ ਏ
ਜ਼ਿੰਦਗੀ 'ਚੋਂ ਆਪਣੇ ਆਪਣੇ
ਸਹੀ ਅੱਖਰਾਂ ਨੂੰ ਲੱਭਣਾ

ਕੁਝ ਦੁੱਖ ਅਸੀਂ ਆਪ ਸਹੇੜਦੇ ਹਾਂ
ਕੁਝ ਸਹੇੜਦੇ ਨੇ ਸਾਨੂੰ
ਕਿੰਨਾ ਆਸਾਨ ਸੀ
ਸ਼ਬਦ ਕੋਸ਼ 'ਚੋਂ
ਕੰਡਿਆਲੀ ਅੱਖਰਾਂ ਨੂੰ
ਚੁਗਣਾ
ਅਸੀਂ ਇਕੱਲ ਨੂੰ 'ਕਲ੍ਹ ਤਕ' ਨਹੀਂ
ਪਸਾਰ ਸਕਦੇ
ਲੋੜੋਂ ਵੱਧ ਖਿੱਚਣ ਨਾਲ ਤਿੜਕ ਜਾਏਗੀ
ਸਾਡੀ "ਕਲ੍ਹ"
ਹੋਰ ਇਕੱਲ ਨਾਲ ਭਰ ਜਾਏਗੀ
ਸ਼ਬਦ-ਤਲਾਸ਼ਗੀ ਵੀ ਕੁਝ ਇਸ ਤਰ੍ਹਾਂ ਹੀ ਹੁੰਦੀ ਏ

## ਪੱਬ

ਜਿੱਥੇ ਵੀ ਉਹ ਪੱਬ ਧਰਦੈ
ਕਮਲ ਖਿੜ ਪੈਂਦੇ ਨੇ
ਜਿੱਥੋਂ ਵੀ ਉਹ ਪੈਰ ਚੁਕਦੈ
ਜਾਗ ਪੈਂਦੇ ਨੇ ਉਥੇ
ਸੁਪਨਿਆਂ ਦੇ ਕਾਰਵਾਨੀ ਜਸ਼ਨ
ਮੈਂ ਕਿਤੇ ਵੀ ਤਾਂ ਗਿਆ ਨਹੀਂ ਸੀ
ਐਵੇਂ ਹੀ ਦੂਰ ਚਲਾ ਗਿਆ
"ਤੱਕਣ" ਲਈ
ਕਿਤੇ ਵੀ ਨਾ ਜਾਣਾ
ਕਿਉਂ ਕਿੰਨਾ ਦੂਰ ਹੁੰਦੈ

## ਉਡੀਕ

ਪਰਤ ਆਉਂਦਾ ਹਾਂ ਮੈਂ
ਦਿਨ ਅੰਦਰੋਂ
ਰਾਤ ਦੇ
ਤਹਿਖਾਨੇ ਅੰਦਰ ਉਤਰਨ ਲਈ
ਜਿੱਥੇ ਤਰ੍ਹਾਂ ਤਰ੍ਹਾਂ ਦੇ ਜ਼ਖਮ ਉਡੀਕਦੇ ਨੇ
ਮੈਨੂੰ ਜਾਗਦੇ ਰੱਖਣ ਲਈ
ਉਹਨਾਂ ਧੂਣੀ ਬਾਲ ਰੱਖੀ ਏ
ਮੈਂ ਤਾਂ ਨਿੱਤ ਹੀ ਅਨੀਂਦੀ ਚਾਦਰ ਤਾਣ ਕੇ
ਰਾਤ ਅੰਦਰ ਲੱਭਦਾ ਹਾਂ



ਧੁੱਪ ਲਈ ਸੁਪਨਿਆਂ ਦੀ ਮਹਿਕ ਇਕੱਠੀ ਕਰਦਾ
ਬਸ ਇਸ ਤਰ੍ਹਾਂ ਹੀ
ਮੇਰਾ ਰੋਜ਼
ਜਿਉਂਣਾ ਮਰਨਾ ਹੁੰਦੈ

## ਪੁਲ

ਸਰਹੱਦ ਪਾਰ ਦਾ
ਉਹ ਕੋਈ ਸਰਨਾਵਾਂ
ਪਰ ਹੈ ਤਾਂ ਉਹ ਅਜੇ ਵੀ
ਮੇਰੇ ਪੁਰਖਿਆਂ ਦਾ ਹੀ
ਚੇਤਾ
ਬਾਬਾ ਪੰਜਾਬਾ
ਬਿਰਧ ਹੋ ਚੁੱਕੇ
ਉਸ 'ਚੋਂ ਅਜੇ ਵੀ ਮਰੀ ਨਹੀਂ
ਰੀਝ ਉਸ ਥਾਂ ਦੀ
ਮਹਿਕ ਉਸ ਮਿੱਟੀ ਦੀ
ਅਸੀਂ ਤਕਸੀਮੇ ਦੋ ਤਾਂ ਹੋ ਗਏ
ਪਰ...ਸਾਨੂੰ "ਇਕ" ਕੌਣ ਵੱਖ ਕਰ ਸਕੇਗਾ
ਅਸੀਂ ਜੋ ਪੁਲਾਂ ਦੇ
ਆਰ-ਪਾਰ ਵਸਦੇ
ਦਰਿਆ ਸਾਨੂੰ ਆਪਣੀ ਸਤਲੁਜੀ ਨਾਲ
ਅਰਦਾਸਦਾ
ਆਇਤਦਾ ਰਹਿੰਦੈ

## ਵੈਣਦੇ ਪਾਣੀ

ਜ਼ਖਮ ਪੂਰਦਾ ਹੀ ਨਹੀਂ
ਤੁਪਕਾ ਤੁਪਕਾ ਰਿਸਦੀ ਪਸ
ਦਰਿਆ 'ਚ ਵਗਦੇ ਰਹਿੰਦੇ ਡੁਬਦੇ ਚੇਤੇ
ਖੰਡਰੀ ਸ਼ਿਲਾਲੇਖ
ਕਾਲੇ ਮਾਤਮ 'ਚ ਤਰਦੀਆਂ
ਸਿਸਕੀਆਂ
ਲੋਥਾਂ
ਨਾ ਕੋਈ ਚਿੰਨ੍ਹ
ਨਾ ਹੀ ਨਿਸ਼ਾਨ
ਅੱਖਾਂ 'ਚ ਖੁਦਕੁਸ਼ੀ ਕਰ ਗਏ

ਅੱਥਰੂਆਂ ਦੇ
ਰੋਜ਼ ਵੈਣਦੇ ਪਾਣੀਆਂ ਅੰਦਰ
ਵਹਾਅ ਦਿੱਤਾ ਜਾਂਦੇ
ਪੋਰੀ ਪੋਰੀ ਜ਼ਿਬਾਹ ਕੀਤਾ ਇਤਿਹਾਸ
ਝੁਲਸ ਚੁੱਕੈ ਅਦਨ ਦਾ ਬਾਗ
ਰੱਬ ਨਾਲ ਸੰਚਾਰਦੀ
ਬੈਬੇਲੋਨੀਆ
ਖੰਡਰ 'ਤੇ ਗੁੰਗੀ ਹੋ ਗਈ ਏ

[Schullhausgasse 12, CH 3113 Rubigen, Switzerland]

## ਮਾਵਾਂ ਧੀਆਂ : ਦੋ ਕਵਿਤਾਵਾਂ / ਸ਼ਸ਼ੀ ਸਮੁੰਦਰਾ

### ਤੂੰ ਤੇ ਮੈਂ

ਕਿੰਨੇ ਚਾਅ ਤੇ ਉਮੀਦ ਨਾਲ ਉੱਡਦੀ ਫ਼ਿਰਦੀ ਹੋਏਂਗੀ ਤੂੰ
ਪਰ ਕਦੇ ਕਦੇ, ਡਰ ਫ਼ਿਕਰ ਤੇ ਨਿਰਾਸ਼ਾ ਵੀ ਆ ਘੇਰ ਲੈਂਦੇ ਹੋਣਗੇ।
ਝੋਲੀ ਅੱਡ ਤਰਲੇ ਕੀਤੇ ਹੋਣਗੇ ਰੱਬ ਅੱਗੇ ਤੂੰ
ਮੱਥੇ ਰਗੜੇ ਹੋਣਗੇ ਮੰਦਰਾਂ ਵਿਚ ਤੇ ਦਰਗਾਹਾਂ 'ਤੇ।
ਮੇਰੀ ਸੰਭਾਵਨਾ ਦਾ ਸੋਚ ਤੂੰ ਨਹੀਂ ਚਾਹੁੰਦੀ ਹੋਏਂਗੀ ਮੈਨੂੰ
ਪਰ ਉਦੋਂ, ਤੂੰ ਇਹਦਾ ਕਰ ਵੀ ਕੀ ਸਕਦੀ ਸੀ!
ਤੇ ਮੈਂ ਉਸ ਬੂਟੇ ਵਰਗੀ ਜੋ ਔੜ ਵਿਚ ਵੀ ਉੱਗ ਪੈਂਦਾ ਹੈ
ਜਾਂ ਉਸ ਖੱਬਲ ਵਰਗੀ ਜੋ ਬੇਲੋੜੀ, ਆਪਣੀ ਹੋਂਦ ਜਿਤਾਉਂਦੀ ਹੈ।

ਧੀਮੀ ਸੁਰ 'ਚ, ਦੱਸਿਆ ਹੋਏਗਾ ਦਾਈ ਨੇ ਕਿਸੇ ਕੋਲ ਖਲੋਤੀ ਔਰਤ ਨੂੰ
ਪੜ੍ਹ ਹੀ ਲਈ ਹੋਏਗੀ ਚਿਹਰਿਆਂ ਦੀ ਜ਼ੁਬਾਨ ਤੂੰ
ਫਿਰ ਵੀ, ਧੜਕਦੇ ਦਿਲ ਨਾਲ ਪੁੱਛਿਆ ਹੋਏਗਾ ਜ਼ਰੂਰ...
ਨਾਨੀ ਨੇ ਹਉਕਾ ਭਰ, ਪਾਇਆ ਹੋਏਗਾ ਮੈਨੂੰ ਤੇਰੇ ਕੋਲ
ਤੇ ਤੂੰ ਗੁੱਸੇ ਤੇ ਦੁੱਖ ਨਾਲ ਮੈਨੂੰ ਦੇਖ ਕੀਤਾ ਹੋਏਗਾ ਸਵਾਲ:
"ਮੁੰਡਾ ਬਣਕੇ ਨਹੀਂ ਆ ਸਕਦੀ ਸੀ ਤੂੰ?"
ਉਦੋਂ ਖੌਰੇ ਕਿੰਨਾ ਚਿਰ ਰੋਂਦੀ ਰਹੀ ਹੋਏਂਗੀ ਤੂੰ
ਪਰ ਤੇਰੀ ਨੇੜਤਾ ਦੇ ਨਿੱਘ ਤੇ ਹਿਫ਼ਾਜ਼ਤ ਵਿਚ ਮੁਸਕਰਾਈ ਹੋਊਂਗੀ ਮੈਂ।
ਤੇ ਫੇਰ, ਸਹੁਰੇ, ਸ਼ਰੀਕੇ ਤੇ ਖ਼ਾਵੰਦ ਦੀ ਕਚਹਿਰੀ ਵਿਚ ਪੇਸ਼ਗੀ ਦਾ ਸੋਚ
ਕੀ ਕੀ ਬੀਤੀ ਹੋਏਗੀ ਤੇਰੇ 'ਤੇ?

ਇਸ ਲਾਅਨਤ ਦਾ ਬੋਝ, ਕਿੰਝ ਚੁੱਕਿਆ ਹੋਏਗਾ ਤੇਰੇ ਨਿਮਾਣੇ ਮੋਢਿਆਂ?
ਤੇਰੇ ਦੁੱਖ, ਸ਼ਰਮ ਤੇ ਜੁਰਮ ਦੀ ਜ਼ਿੰਮੇਵਾਰ ਮੈਂ
ਸਾਹ ਲੈਂਦਿਆਂ ਹੀ ਹੋ ਗਈ ਸਾਂ
ਤੇ ਹੁਣ ਜਦ ਮੈਂ ਇਹਦੀ ਮੁਆਫ਼ੀ ਮੰਗਣ ਦਾ ਸੋਚਿਆ



ਤਾਂ ਤੂੰ ਜਾ ਚੁੱਕੀ ਸੈਂ।

"ਮੈਨੂੰ ਮੁਆਫ਼ ਕਰੀਂ..." ਮੈਂ ਤੇਰੀ ਯਾਦ ਨੂੰ ਕਹਿੰਦੀ ਹਾਂ
ਤਾਂ ਦੂਰ ਕਿਤੋਂ ਆਉਂਦੀ ਹੈ ਤੇਰੀ ਆਵਾਜ਼:
"ਹੁਣ ਕੀ ਫ਼ਾਇਦਾ?
ਮੈਂ ਕਿਹੜਾ ਉੱਥੇ ਰਹਿੰਦੀ ਹਾਂ
ਮੈਂ ਉਹਨਾਂ ਬੇੜੀਆਂ ਤੋਂ ਮੁਕਤ ਹਾਂ
ਮੈਂ ਉਹਨਾਂ ਮੂਰਖਾਂ ਤੋਂ ਮੁਕਤ ਹਾਂ
ਮੈਂ ਤੇਰੇ ਤੋਂ ਵੀ ਮੁਕਤ ਹਾਂ।"

ਇੰਝ ਲਗਦੇ ਜਿਵੇਂ ਸਦਾ ਸਦਾ ਲਈ
ਖ਼ਿਲਾਅ ਵਿਚ ਫ਼ੈਲ ਗਿਆ ਹੈ ਤੇਰਾ ਹਾਸਾ
ਤੇ ਹਵਾਵਾਂ ਵਿਚ ਬਿਖਰ ਗਏ ਨੇ ਮੇਰੇ ਹੰਝੂ।

### ਮਾਂ

ਦੂਰ ਭੱਜ ਗਈ ਸਾਂ ਮੈਂ ਤੇਰੇ ਤੋਂ
ਪਰ ਇਕ ਦਿਨ ਸ਼ੀਸ਼ੇ ਵਿਚ, ਅਚਾਨਕ
ਤੂੰ ਮੇਰੇ ਪਿੱਛੇ ਖੜ੍ਹੀ ਸੈਂ
ਤੇਰੀਆਂ ਅੱਖਾਂ ਦੇਖਦੀਆਂ ਸਨ
ਤੇਰਾ ਨੱਕ, ਤੇਰੇ ਬੁੱਲ੍ਹ, ਤੇਰਾ ਮੱਥਾ ਪਰ ਰਤਾ ਕੁ ਚੌੜਾ
ਤੇਰਾ ਰੰਗ, ਸਲੇਟੀ ਵਾਲ ਤੇ ਖੱਬੇ ਵਿਚ ਚੱਕਰੀ, ਤੇਰੇ ਹੱਥ ਤੇ ਤੇਰੇ ਪੈਰ
ਤੇਰਾ ਕੱਦ ਪਰ ਕੁਝ ਕੁ ਹੋਰ
ਤੇਰਾ ਜਿਸਮ ਪਰ ਕੁਝ ਕੁ ਭਾਰਾ।
ਮੁੜ, ਮੈਂ ਆਪਣੀ ਧੀ ਨੂੰ ਤੱਕਿਆ ਤਾਂ ਮੁਸਕਰਾਉਂਦੀ
ਉਹਦੀਆਂ ਅੱਖਾਂ ਵਿਚੋਂ ਵੀ ਤੂੰ ਮੈਨੂੰ ਦੇਖ ਰਹੀ ਸੈਂ।

ਸੁੰਨ, ਮੈਂ ਸੋਚਾਂ ਵਿਚ ਪੈ ਗਈ...
ਤੇਰਾ ਤੇ ਮੇਰਾ ਰਿਸ਼ਤਾ ਆਦਿ-ਜੁਗਾਦਿ ਤੋਂ ਤੁਰਦਾ ਆਇਆ
ਤੇ ਕਿਆਮਤ ਤਕ ਇਹ ਬਣਿਆ ਰਹਿਣਾ
ਤੇਰੇ ਤੋਂ ਭੱਜ ਕੇ "ਮੈਂ" ਕਿੱਥੇ ਜਾ ਸਕਦੀ ਹਾਂ!

[S.Samundra@yahoo.com]

## ਤਿੰਨ ਨਜ਼ਮਾਂ / ਉਂਕਾਰਪ੍ਰੀਤ

### ਅਕਾਲ ਮੂਰਤ

ਹੇ ਧੁਰ ਦੇਵ! ਜਿੱਥੇ ਤੂੰ ਮੈਨੂੰ ਘੱਲਿਆ ਹੈ
ਏਥੇ ਜੇ-ਬੱਚੇ ਵਾਂਗ ਕਿਲਕਾਰੀਏ-ਤਾਂ
ਤੋਤਲੇ ਨਕਸ਼ ਸਾਥ ਆ ਜੁੜਦੇ।

ਬਲਿਹਾਰ ਜਾਈਏ ਧੁੱਪਾਂ ਦੇ
ਤਾਂ ਵਜੂਦ ਚੋਂ-ਉੱਗ ਆਉਂਦੇ ਪਰਛਾਵੇਂ।

ਮੌਲਦੇ ਮੌਸਮਾਂ ਨੂੰ
ਕਲਾਵੀਂ ਲੈ ਕੇ ਨੱਚੀਏ ਤਾਂ
ਉਹ-ਹੋ ਫੁੱਲ-ਫੁੱਲ ਪੱਤੀ-ਪੱਤੀ
ਵਿਛ ਜਾਂਦੇ ਕਦਮੀਂ।

ਨਦੀ ਦਾ ਸਾਥ ਮਾਣੀਏ ਤਾਂ
ਤਪਦੇ ਥਲਾਂ ਦੀਆਂ ਪੈੜਾਂ
ਸਮੁੰਦਰ ਲਈ ਬਿਹਬਲ ਕਰਦੀਆਂ।

ਹੇ ਧੁਰ ਦੇਵ! ਤੇਰੇ ਵਿਚ ਸਮਾਉਣ ਲਈ
ਅਕਾਲ ਮੂਰਤ ਹੋਣ ਲਈ
ਜੇ ਇਸ ਪਿੰਡ ਦੇ ਵਸੀਮੇਂ ਨੂੰ
ਲੰਘ ਜਾਣ ਲੱਗੀਏ ਤਾਂ -
ਤੋਤਲੇ ਨਕਸ਼ 'ਰਾਹੁਲ' ਵਾਂਗ
ਸਾਡੇ ਸੀਨੇ 'ਤੇ ਹੱਥ ਧਰੀ-ਸੌਂ ਰਹੇ ਹੁੰਦੇ।

ਫੁੱਲ ਫੁੱਲ ਪੱਤੀ ਪੱਤੀ ਮੌਸਮ
ਵਿਛੇ ਹੁੰਦੇ ਸੇਜ ਬਣੇ।
ਪਰਛਾਵਿਆਂ ਨੇ 'ਸਿਰੀ ਚੰਦ' ਵਾਂਗ
ਘੁੱਟਿਆ ਹੁੰਦਾ ਲੜ
ਵਜੂਦ ਦੇ ਕੁੜਤੇ ਦਾ।
ਗੱਚ ਵਿਚ ਭਰੀ 'ਸੁਲੱਖਣੀ' ਨਦੀ
ਮੇਰੀ ਸ਼ਾਹ ਰਗ ਨੂੰ
ਅਪਣੇ ਕੇਸਾਂ ਨਾਲ ਕੱਜੀ
ਸੁੱਤੀ 'ਯਸ਼ੋਧਰਾ'
'ਸਿਰੜ' ਮੰਗਦੀਆਂ ਚਾਂਦਨੀ ਚੌਂਕ ਦਾ।

ਹੇ ਧੁਰ ਦੇਵ!
ਝਟਕ ਦੇਵਾਂ ਸੀਨੇ ਤੋਂ ਤੋਤਲੇ ਨਕਸ਼?
ਝਿੜਕ ਦੇਵਾਂ ਵਜੂਦ ਦੇ ਦਰੀਂ
ਕੁੜਤਾ ਘੁੱਟੀ ਖੜ੍ਹੇ ਪਰਛਾਵੇਂ?
ਕਹਿ ਦਿਆਂ ਨਦੀ ਨੂੰ ਛਲਾਵਾ?
ਦੇ ਦਿਆਂ 'ਚਾਂਦਨੀ ਚੌਕ' ਨੂੰ ਬੇਦਾਵਾ?
ਤਪਦੇ ਥਲਾਂ ਦੀਆਂ ਪੈੜਾਂ ਦੇ ਇਸ-ਉਸ ਸਿਰੇ
ਭੁੱਲ ਜਾਵਾਂ 'ਨਾਨਕੀ' ਤੇ 'ਜੀਵਨ ਕਾਜੀ' ਉਡੀਕਦੇ?



ਮੇਟ ਦਿਆਂ ਸਫ਼ਰ 'ਚੋਂ 'ਸਾਰਨਾਥ'?

ਹੇ ਧੁਰ ਦੇਵ! ਨਹੀਂ ਤਾਂ-ਜਿੱਥੇ ਤੂੰ ਮੈਨੂੰ ਘੱਲਿਆ ਹੈ
ਏਸ ਪਿੰਡ ਦੇ ਵਸੀਮੇਂ ਅੰਦਰ-ਕਿੰਝ ਹੋਵੀਏ 'ਅਕਾਲ ਮੂਰਤ'?

## ਅਜੂਨੀ

ਹੇ ਧੁਰ ਦੇਵ! ਜਿੱਥੇ ਤੂੰ ਮੈਨੂੰ ਘੱਲਿਆ ਹੈ
ਏਥੇ ਜੇ ਸਫ਼ਰ, ਸਿੱਧਾ-'ਯੋਨੀ ਤੋਂ ਜੂਨੀ' ਦਾ ਹੀ ਹੁੰਦਾ
ਤਾਂ ਮਹਾਂਸਫ਼ਰ-'ਜੂਨੀ ਤੋਂ ਅਜੂਨੀ' ਦਾ
ਸੁਲਤਾਨਪੁਰੋਂ ਵੇਈਂ ਤਕ-ਕਪਲਵਸਤੂਓਂ ਬੋਹੜ ਤਕ
ਬਾਰਾਂ ਪਹਿਰ ਜਾਂ ਬਾਰਾਂ ਸਾਲ 'ਚ ਮੁੱਕ ਜਾਂਦਾ।
ਪਰ ਏਥੇ ਤਾਂ-'ਯੋਨੀ ਤੋਂ ਜੂਨੀ' ਤਕ ਦਾ ਹੀ ਰਾਹ
ਪੀ ਜਾਂਦਾ ਕਾਫ਼ਲਿਆਂ ਦੇ ਸਾਹ!
ਸੁਲਤਾਨਪੁਰ ਜਾਂ ਕਪਲਵਸਤੂ ਦੇ-ਵਸੀਮੇਂ 'ਤੇ
ਵੇਈਂ ਜਾਂ ਬੋਹੜ ਤੋਂ ਬਾਰਾਂ ਕਦਮ ਉਰੇ-ਬੱਸ ਪਹੁੰਚੇ ਕੋਈ ਕੋਈ
'ਯੋਨੀ ਤੋਂ ਜੂਨੀ' ਦੇ ਸਫ਼ਰ ਦੀ-ਕੋਈ ਆਖਰੀ ਹਿਚਕੀ।

ਹੇ ਧੁਰ ਦੇਵ! ਜਿੱਥੇ ਤੂੰ ਮੈਨੂੰ ਘੱਲਿਆ ਹੈ
ਏਥੇ ਹਾਲੇ ਮੇਰਾ 'ਸਮੁੰਦਰੀ ਆਪਾ'
ਮੇਰੇ ਹੀ ਡਰਾਇੰਗ ਰੂਮ 'ਚ- ਫਿਸ਼ ਟੈਂਕ ਦੀ ਮੱਛੀ ਹੈ।
ਖੁਦ ਨੂੰ ਵਸ ਕਰਨਾ- ਪ੍ਰਭੁਤਾ-ਪੱਖ ਮੇਰਾ,
ਪਟੇ ਅਤੇ ਸੰਗਲੀ 'ਚ ਬੱਧਾ
ਮੇਰੇ ਪੈਰੀਂ ਲਿਟਿਆ-ਪਲਾਸਟਿਕ ਦੀ ਹੱਡੀ ਚੱਬ ਰਿਹਾ।
ਸਥੂਲ, ਸੂਖਮ ਦਿਸਹੱਦੇ ਲੰਘਦੀ-ਪਰਵਾਜ਼ ਮੇਰੀ
ਮੇਰੀ ਹੀ ਡਿਊੜੀ ਦੇ ਪਿੰਜਰੇ- 'ਗੰਗਾ-ਰਾਮੀ' ਜੂਨ ਭੋਗ ਰਹੀ।
ਸਰਕਸ ਦੇ ਗਲੋਬੀ ਪਿੰਜਰੇ 'ਚ-ਮੋਟਰਸਾਈਕਲ ਚਲਾ ਰਿਹਾ
'ਉਹ ਮੇਰੇ ਅਰਗਾ'- ਅਸਲ 'ਚ ਹੈ ਮੇਰਾ 'ਛਲੇਡਾ'।

ਹੇ ਧੁਰਦੇਵ! ਜੇ ਅਸੀਂ
'ਮਨੁੱਖਾ ਯੋਨੀ' ਤੋਂ 'ਮਨੁੱਖ ਜੂਨੀ'-ਦੇ ਰਾਹ 'ਚ ਬਿਖਰੇ ਹੋਏ
ਹਾਲੇ ਉਹ ਨਹੀਂ ਜੋ ਦਿਸ ਰਹੇ
ਤਾਂ ਅਸੀਂ-'ਯੋਨੀ ਤੋਂ ਜੂਨੀ' ਵਿਚਲੇ 'ਅਜੂਨੀ'
ਕਿੰਝ ਪੁੱਜ ਸਕੀਏ?
'ਜੂਨੀ ਤੋਂ ਅਜੂਨੀ' ਦੇ-ਮਹਾਂਸਫ਼ਰ 'ਤੇ??

ਹੇ ਧੁਰ ਦੇਵ! ਜਿੱਥੇ ਤੂੰ ਮੈਨੂੰ ਘੱਲਿਆ ਹੈ
ਏਥੇ! ਰਕਤ-ਬਿੰਦ ਦੇ ਗੁੰਦੇ ਪਿੰਡੇ
ਆਣ ਵਸੀ ਹੈ ਉਹ 'ਗਿੱਦੜ-ਸਿੰਗੀ' ਲੋਅ
ਤੁਸੀਂ ਮੈਨੂੰ ਦੇ ਕੇ ਜੋ
ਤੋਰਨ ਵੇਲੇ ਕਿਹਾ ਸੀ:
'ਏਸ ਦੀ ਲੋਏ ਤੁਰੀਂ, ਸੱਚ ਵਣਜ ਕਰੀਂ, ਸੈਭੰ ਭਈ'।

ਹੇ ਧੁਰਦੇਵ!
ਏਥੇ ਜਦ ਵਣਜ ਕਰਨ ਤੁਰਾਂ
ਤਾਂ ਇਸ ਪਿੰਡ ਦੇ ਪੰਜ ਭੁੱਖੇ ਸਾਧੂ, ਆਸਾਗਤ ਨੈਣੇ
ਰਾਹ ਮੇਰੇ ਨੂੰ ਡੰਗਦੇ ਲੋਅ ਦੀ ਗਰਾਹੀ ਮੰਗਦੇ!

ਹੇ ਧੁਰਦੇਵ!
ਭੁੱਖੇ ਸਾਧੂ ਅਣਡਿੱਠ ਕਰਕੇ
ਜੇ ਵੇਖਾਂ ਅੱਗੇ ਕਦਮ ਧਰ ਕੇ
ਤਾਂ ਜਾਪੇ:
ਬਾਬਾ ਨਾਨਕ ਮੁੱਠ 'ਚ ਘੁੱਟਕੇ-ਵੀਹ ਰੁਪਈਏ
ਪੈ ਗਿਆ ਹੈ ਹੋਰ ਡੰਡੀਏ!!

ਸੂਰਦਾਸ ਨੇ ਕ੍ਰਿਸ਼ਨ ਦਾ- ਜੋਬਨ ਤੱਕਣ ਤੋਂ ਪਹਿਲਾਂ
ਸਲਾਖ ਲਈਆਂ ਨੇ ਮੁੜ ਅੱਖਾਂ!!

ਗੋਬਿੰਦ ਰਾਏ ਨੇ 'ਨੰਦਪੁਰੋਂ' ਮੁੜਦੇ ਜੈਤੇ ਨੂੰ
ਦੇ ਕੇ ਅਪਣੀ ਤਲਵਾਰ ਹੈ ਕਿਹਾ
'ਲੈ ਕਰ ਦੇਵੀਂ ਯਮੁਨਾ 'ਚ ਜਲਪਰਵਾਹ'!!

ਨਗਰ ਦਾ ਚੱਕਰ ਲਾ ਕੇ, ਗੌਤਮ
ਜਾਮ ਛਲਕਾ ਹੈ ਕਹਿ ਰਿਹਾ
'ਸੁਖ ਨਈਂ ਮੇਰੇ ਮਹਿਲ ਜਿਹਾ'!!

ਹੇ ਧੁਰਦੇਵ!
ਪੰਜ ਸਾਧੂਆਂ ਤੋਂ ਲੋਅ ਬਚਾ ਕੇ
ਵੇਖਾਂ ਅੱਗੇ ਕਦਮ ਵਧਾ ਕੇ
ਤਾਂ ਬਚੇ, ਮੁਰਦਾ ਸ਼ਾਂਤੀ
ਬਰਫ਼ਾਏ ਸੁੰਨੇ ਅੰਗ-ਸਵੈ-ਭੰਗ!!

ਹੇ ਧੁਰਦੇਵ! ਕ੍ਰਿਪਾ ਕਰੋ ਦੁਬਿਧਾ ਹਰੋ।
ਏਸ ਵਸਦੇ ਰਸਦੇ ਪਿੰਡ
ਪੰਜ ਅਤ੍ਰਿਪਤ ਸਾਧੂਆਂ ਸੰਗ
ਕਿੰਝ ਹੋਵੀਏ 'ਸੈਭੰ'??

**[17 Blairwood Court, Brampton, Ontario, L6P 1B5-Canada]**



# ਆਪਣਾ ਆਪਣਾ ਇਤਿਹਾਸ

## ਕੇਸਰਾ ਰਾਮ

ਛੋਟੂ ਰਾਮ ਦੇ ਦਿਮਾਗ ਵਿਚ ਕੁਝ ਚਮਕਿਆ। ਕਈ ਗੱਲਾਂ ਕਿਵੇਂ ਕਿਸੇ ਦੇ ਦਿਲ-ਦਿਮਾਗ 'ਚ ਘਰ ਕਰ ਜਾਂਦੀਆਂ ਨੇ। ਵਜੂਦ ਨੂੰ ਘੇਰ ਲੈਂਦੀਆਂ ਨੇ ਅਤੇ ਮੌਕਾ ਮਿਲਣ ਸਾਰ ਨਾਗ ਵਾਂਗ ਫਣ ਤਾਣ ਲੈਂਦੀਆਂ ਨੇ। ਉਦੋਂ ਉਹਦੇ ਕੁਝ ਵੀ ਪੱਲੇ ਨਹੀਂ ਸੀ ਪਿਆ ਜਦ ਗੁਪਤਾ ਸਰ ਇਤਿਹਾਸ ਜਾਂ ਵਿਚਾਰ ਦੇ ਅੰਤ ਦੀ ਗੱਲ 'ਤੇ ਠਹਾਕਾ ਮਾਰ ਕੇ ਹੱਸ ਪਏ ਸਨ...। ਅਤੇ ਹੋਰ ਵੀ ਕਿੰਨਾ ਕੁਝ...।

ਮੌਸਮ ਹੁੰਮਸ ਭਰਿਆ ਸੀ। ਬਸ ਵਿਚ ਭੀੜ ਜ਼ਿਆਦਾ ਨਹੀਂ ਸੀ। ਸਾਰੀਆਂ ਖਿੜਕੀਆਂ ਖੁੱਲ੍ਹੀਆਂ ਸਨ। ਬਲਕਿ ਕਈਆਂ ਦੇ ਤਾਂ ਸ਼ੀਸ਼ੇ ਹੀ ਨਹੀਂ ਸਨ। ਡਰਾਇਵਰ ਦੇ ਸਾਹਮਣੇ, ਬਿਲਕੁਲ ਉਪਰ 'ਜੈ ਹਿੰਦ' ਲਿਖਿਆ ਹੋਇਆ ਸੀ... ਖੱਬੇ ਪਾਸੇ 'ਨੋ ਸਮੋਕਿੰਗ' ਅਤੇ ਸੀਟ ਨੰਬਰ ਇਕ, ਦੋ, ਤਿੰਨ ਉਪਰ ਸੌਣਾ ਮਨ੍ਹਾ ਸੀ। ਸੱਜੇ ਪਾਸੇ 'ਮੇਰਾ ਭਾਰਤ ਮਹਾਨ' ਸੀ। ਇਸ ਤੋਂ ਇਲਾਵਾ ਬਸ ਚਲਾਉਣ ਵਾਲੇ ਦੀ ਸ਼ਰਧਾ...ਮਸਲਨ, ਬਾਬੇ ਦੀ ਫੁੱਲ ਕਿਰਪਾ, ਜੈ ਮਾਤਾ ਦੀ ਜਾਂ ਕਿਸੇ ਡੇਰੇ ਵਾਲੇ ਦਾ ਆਸਰਾ...। ਤਾਂ ਕਿ ਬਸ ਚਲਦੀ ਰਹੇ?

ਲਗਦਾ ਨਹੀਂ ਸੀ ਕਿ ਬਾਰਿਸ਼ ਹੋਵੇਗੀ। ਭਾਵੇਂ ਤਿੱਤਰ-ਖੰਭੀ ਬੱਦਲੀ ਆਸਮਾਨ ਵਿਚ ਛਾਈ ਹੋਈ ਸੀ।

ਢਲਦੀ ਦੁਪਹਿਰ। ਬਸ ਵਿਚਲੀਆਂ ਸਵਾਰੀਆਂ ਛੇਤੀ ਹੀ ਊਂਘਣ ਲੱਗੀਆਂ ਸਨ। ਘੱਟ ਸਵਾਰੀਆਂ ਕਾਰਨ ਛੇਤੀ ਵਿਹਲਾ ਹੋਇਆ ਕੰਡਕਟਰ ਵਾਉਚਰ ਭਰ ਕੇ ਟਿਕਟਾਂ ਦਾ ਹਿਸਾਬ ਮਿਲਾਉਣ ਲੱਗਿਆ। ਫੇਰ ਸਵਾਰੀਆਂ ਗਿਣੀਆਂ। ਇਕ ਵਾਰੀ ਫੇਰ ਟਿਕਟਾਂ। ਲੋਕ ਕਿਵੇਂ ਬੋਰਿੰਗ ਜਿਹੇ ਇਕੋ ਕੰਮ ਨੂੰ ਵੀ ਬਾਰ-ਬਾਰ ਕਰਕੇ ਸਮਾਂ ਬਤੀਤ ਕਰਨ ਦਾ ਜ਼ਰੀਆ ਲੱਭ ਲੈਂਦੇ ਹਨ। ਉਹ ਆਪਣੀ ਬਾਰ-ਬਾਰ ਸਰਕਦੀ ਹੋਈ ਪੈਂਟ ਨੂੰ ਝੱਟ ਉਪਰ ਖਿੱਚ ਲੈਂਦਾ ਸੀ।

ਕੰਡਕਟਰ ਦੇ ਖੁਰਦਰੇ ਚਿਹਰੇ 'ਤੇ ਖੁਰਦਰਾ ਜਿਹਾ ਕੁਝ ਉਕਰ ਗਿਆ ਸੀ। ਸਵਾਰੀਆਂ ਤੇ ਟਿਕਟਾਂ ਦੀ ਗਿਣਤੀ ਬਰਾਬਰ ਨਹੀਂ ਸੀ ਬੈਠ ਰਹੀ। ਉਸਨੇ ਮੂੰਹ ਤੋਂ ਪਸੀਨਾ ਪੂੰਝਿਆ। ਚਿੰਤਾ, ਪਰ ਨਾ ਪੂੰਝੀ ਜਾ ਸਕੀ। ਜ਼ਰੂਰ ਕਿਸੇ ਸਵਾਰੀ ਨੇ ਟਿਕਟ ਨਹੀਂ ਸੀ ਲਈ। ਉਸਨੇ ਊਂਘਦੀਆਂ ਸਵਾਰੀਆਂ ਵੱਲ ਸਵਾਲੀਆ ਨਿਗਾਹ ਨਾਲ ਤੱਕਿਆ। ਜਿਵੇਂ ਕਿ ਸੇਨਸੇਕਸ ਗਿਰਨ 'ਤੇ ਸਾਡੇ ਅਰਥਸ਼ਾਸਤਰੀ ਵਾਲ-ਸਟਰੀਟ ਵੱਲ ਤੱਕਦੇ ਹਨ। 'ਏਅਰ ਕੰਡੀਸ਼ਂਡ ਬਸ-ਸਧਾਰਣ ਕਿਰਾਇਆ' ਅਤੇ 'ਡੀ.ਵੀ.ਡੀ.ਕੋਚ' ਦੇ ਬੋਰਡ ਵਾਲੀਆਂ ਚਮਾਚਮ ਪ੍ਰਾਈਵੇਟ ਬੱਸਾਂ ਨਾਲ ਮੁਕਾਬਲਾ... ਕਿਵੇਂ ਹੋਊ ਬਾਈ...? ਪਰ ਅਜੇ ਤਾਂ ਮੈਨੂੰ ਸਿਰਫ ਟਿਕਟ ਬਾਰੇ ਹੀ ਸੋਚਣਾ ਚਾਹੀਦੈ... ਕੌਣ ਹੋ ਸਕਦੈ ਜਿਸਨੇ ਟਿਕਟ ਨਹੀਂ ਲਈ...? ਸੋਚਦਿਆਂ ਉਹ ਤਾੜਨ ਲੱਗਿਆ।

'ਜੈ ਹਿੰਦ ਮਾਅਨੇ ਗਰਬ ਸੇ ਕਹੋ ਹਮ ਹਿੰਦੂ ਹੈਂ... ਜੈ ਮਾਤਾ ਦੀ ਮਾਅਨੇ ਜੈ ਸ਼੍ਰੀ ਰਾਮ... ਸਰਕਾਰੀ ਲਾਰੀ ਹੈ ਬਰਖੁਰਦਾਰ, ਏਕ ਨੋ ਕਿਰਾਸ, 786 ਔਰ ੴ ਭੀ ਲਿਖਵਾ ਦੇਤੇ ਤੋ ਇੰਡੀਆ ਕੇ ਸੰਵਿਧਾਨ ਕਾ ਮਾਨ ਰਹਿ ਜਾਤਾ...' ਆਪਣੇ ਵੱਲ ਝਾਕਦੇ ਕੰਡਕਟਰ ਨੂੰ ਉਹ ਹੌਲੀ ਜਿਹੀ ਮੁਖਾਤਿਬ ਸੀ। ਪਰ ਇਸ ਆਰਥਿਕ ਮੰਦੀ ਦੇ ਦੌਰ ਵਿਚ ਉਸਨੂੰ ਤਾਂ ਆਪਣਾ ਹਿਸਾਬ ਮਿਲਾਉਣ ਦੀ ਪਈ ਸੀ।

ਜੇ ਹਿਸਾਬ ਮਿਲ ਜਾਂਦਾ ਤਾਂ ਕੰਡਕਟਰ ਨੇ ਵੀ ਊਂਘਣ ਲਈ ਕਦੋਂ ਦਾ ਪਿਛਲੀ ਸੀਟ 'ਤੇ ਚਲੇ ਜਾਣਾ ਸੀ। ਕਿਉਂਕਿ ਇਹ ਸਮਾਂ ਹੀ ਅਜਿਹਾ ਸੀ।

ਇਹ ਉਹ ਸਮਾਂ ਸੀ ਜਦ ਮੱਧਵਰਗੀ ਆਦਰਸ਼ਵਾਦ ਹਵਾ ਹੋ ਚੁੱਕਾ ਸੀ। ਸਵਰਗ, ਨਰਕ, ਪਾਪ-ਪੁੰਨ ਵਰਗੇ ਅੰਧਵਿਸ਼ਵਾਸਾਂ ਨੂੰ ਵੀ ਲੋਕ ਆਪਣੀ ਲੋੜ ਅਨੁਸਾਰ ਵਰਤਣ ਲੱਗ ਪਏ ਸਨ। ਸਾਰੇ

ਹਿਜਾਬ ਤੇ ਲਿਹਾਜ ਖਤਮ ਹੋ ਚੁੱਕੇ ਸਨ। ਜ਼ਿਆਦਾਤਰ ਲੋਕਾਂ ਦਾ ਖਿਆਲ ਸੀ ਕਿ ਡੇਰਾਵਾਦ ਤੇ ਬਜ਼ਾਰਵਾਦ ਨੇ ਸਮਾਜਕ ਤਵਾਜ਼ਨ ਵਿਗਾੜ ਦਿੱਤਾ ਸੀ। ਮੌਸਮਾਂ ਤਕ ਦੀ ਤਰਤੀਬ ਵਿਗੜ ਚੁਕੀ ਸੀ। ਗਰਮੀ 'ਚ ਸਰਦੀ, ਸਰਦੀ 'ਚ ਗਰਮੀ, ਮੌਨਸੂਨ ਦਾ ਸਮੇਂ ਤੋਂ ਪਹਿਲਾਂ ਆਉਣਾ ਜਾਂ ਆਪਣੀ ਮਰਜ਼ੀ ਨਾਲ ਮਿੱਸ ਮਾਰ ਜਾਣਾ, ਆਮ ਜਿਹੀ ਗੱਲ ਹੋ ਚੁੱਕੀ ਸੀ।

ਛੋਟੂ ਰਾਮ ਨੂੰ ਊਂਘਣਾ ਪਸੰਦ ਨਹੀਂ। ਨਾ ਊਂਘਣ ਵਾਲੇ ਲੋਕ। ਸਫਰ ਦੌਰਾਨ ਅਕਸਰ ਉਹ ਕਿਤੇ ਹੋਰ ਸਫਰ 'ਤੇ ਨਿਕਲ ਜਾਂਦੈ। ਕਦੇ ਸੁੰਨਸਾਨ ਪਹਾੜਾਂ ਉਪਰ ਤਾਂ ਕਦੇ ਇਤਿਹਾਸ ਦੀਆਂ ਡੂੰਘੀਆਂ ਘਾਟੀਆਂ ਵਿਚ।

ਉਸ ਦੀਆਂ ਸਿਮਰਤੀਆਂ ਵਿਚ ਕੁਝ ਉਭਰਨ ਲੱਗਿਆ... ਇਤਿਹਾਸ ਉਹੀ ਨਹੀਂ ਹੁੰਦਾ ਜੋ ਅਸੀਂ ਇਤਿਹਾਸ ਦੀਆਂ ਪੁਸਤਕਾਂ ਵਿਚ ਪੜ੍ਹਦੇ ਹਾਂ... ਖਣਕਦੇ ਹੋਏ ਬੋਲ ਉਸਦੇ ਕੰਨਾਂ ਵਿਚ ਗੂੰਜੇ।

'ਹਾਂ ਜੀ ਟਿਕਟ?' ਕੰਡਕਟਰ ਦੀ ਖਰਵੀ ਆਵਾਜ਼ ਅਤੇ ਢਿਲਕੀ ਹੋਈ ਗੋਗੜ ਇਕ ਨੌਜਵਾਨ ਨੂੰ ਮੁਖਾਤਬ ਸੀ। ਸੁਣ ਕੇ ਛੋਟੂ ਰਾਮ ਦੀ ਬਿਰਤੀ ਟੁੱਟੀ।

ਉਸ ਨੌਜਵਾਨ ਕੋਲ ਸਟੂਡੈਂਟ ਪਾਸ ਸੀ। ਇਹ ਸੰਖੇਪ ਜਿਹਾ ਵਾਰਤਾਲਾਪ ਸੁਣ ਕੇ ਛੋਟੂ ਰਾਮ ਨਾਲ ਬੈਠੀ ਸਵਾਰੀ ਨੇ ਵੀ ਊਂਘਣਾ ਮੁਲਤਵੀ ਕਰ ਦਿੱਤਾ ਸੀ। ਛੋਟੂ ਰਾਮ ਜਾਣ ਬੁੱਝ ਕੇ ਉਸ ਦੇ ਇਸ ਕਾਰਜ ਦੀ ਮਿਆਦ ਵਧਾਉਣੀ ਚਾਹੁੰਦਾ ਸੀ।

ਉਸ ਵੱਲ ਅਪਣੱਤ ਨਾਲ ਦੇਖਿਆ। ਆਦਤ ਅਨੁਸਾਰ ਬੁਸ਼ਰਟ ਦਾ ਉਪਰਲਾ ਬਟਨ ਖੋਲ੍ਹਿਆ। ਬਾਹਾਂ ਚਾੜ੍ਹੀਆਂ। ਗੱਲ ਤੋਰੀ, 'ਮੌਸਮ... ਮੌਸਮ ਅੱਜ ਬਹੁਤ ਹੁੰਮਸ ਭਰਿਆ ਹੈ ਨਾ। ਕੀ ਖਿਆਲ ਹੈ ਤੁਹਾਡਾ?'

'ਉਹ ਤਾਂ ਹੈ ਈ।' ਏਨੀ ਗਰਮੀ ਵਿਚ ਵੀ ਏਨਾ ਠੰਡਾ ਪ੍ਰਤੀਕ੍ਰਮ !

'ਲੱਗਦਾ ਨਹੀਂ ਕਿ ਅੱਜ ਬਾਰਿਸ਼ ਹੋਵੇਗੀ...?'

'ਆਹ ਪਿੱਛੇ ਵੀ ਲੱਗਦਾ ਨਈਂ ਤੀ ਗੜੇ ਪੈਣਗੇ, ਪੈ ਗੇ ਤੀ ਕ ਨ੍ਹੀਂ?'

ਉਹ ਝੇਂਪ ਗਿਆ। ਸਾਲਾ ਦੇਸੀ ਜਿਹਾ ਬੰਦਾ, ਜਵਾਬ ਟੱਲੀ ਵਰਗੇ।

ਛੋਟੇ-ਮੋਟੇ ਖੱਡਿਆਂ ਅਤੇ ਅੱਡਿਆਂ ਦੀ ਪਰਵਾਹ ਕੀਤੇ ਬਿਨਾਂ ਹੀ ਬਸ ਦੌੜਦੀ ਜਾ ਰਹੀ ਸੀ। ਜਿਵੇਂ ਕਿ ਸਮੇਂ ਦੀ ਆਪਣੀ ਇਕ ਰਫ਼ਤਾਰ ਹੁੰਦੀ ਹੈ।

ਉਹ ਵੀ ਉਥੇ ਦੌੜ ਗਿਆ ਜਿੱਥੇ ਸੀਨੀਅਰ ਕਹਿ ਰਹੇ ਸੀ, 'ਟੱਲੀ ਵਜਾ, ਨਾਲੇ ਆਰਤੀ ਗਾ... ਜੇ ਨਾਸਤਿਕ ਹੈਂ ਤਾਂ 'ਵੁਈ ਦ ਪੀਪਲ ਆਫ ਇੰਡੀਆ...' ਦੀ ਵਿਆਖਿਆ ਕਰ ਕੇ ਦੱਸ।'

'ਸਾਡੇ ਸੰਵਿਧਾਨ ਦਾ ਪਰਿਐਂਬਲ...ਅ...ਅਸੀਂ ਭਾਰਤਵਰਸ਼ ਦੇ ਲੋ...ਲੋਕ...।'

'ਆਖਰੀ ਮੌਕਾ- 'ਮਾਈ ਏਮ ਇਨ ਲਾਈਫ' ਲੇਖ ਸੁਣਾ...?'

'ਆਈ ਵਾਂਟ ਟੂ ਬੀ ਏ...।'

'ਸਾਲਿਆ ! ਕਿਤਾਬ ਹਿਸਟਰੀ ਦੀ ਚੁੱਕੀ ਫਿਰਦੈਂ ਤੇ ਵਾਂਟ ਟੂ ਬੀ ਏ ਡਾਕਟਰ...?'

'ਆਪਣਾ ਇਤਿਹਾਸ ਜਾਨਣ ਲਈ ਆਇਐਂ ਇਥੇ ਕਿ ਡਾਕਟਰ ਬਣਨ? ਕੋਈ ਡਾਕਟਰ-ਡੁਕਟਰ ਨ੍ਹੀਂ, ਸਬ ਮਰੀਜ ਨੇ ਇਥੇ...। ਨਾਲੇ ਸੁਣ... ਇਸ ਕਿਤਾਬ 'ਤੇ ਕਿਉਂ ਪੈਸੇ ਲਾਏ ਨੇ? ਨਵੀਂ ਸਰਕਾਰ ਨਵਾਂ ਇਤਿਹਾਸ ਲਿਖਵਾਊਗੀ, ਫੇਰ ਆਪਾਂ...।'

'ਓਏ ਵੱਡੇ ਪੜ੍ਹਾਕੂਆ।', ਵਿਚੇ ਕੋਈ ਹੋਰ ਬੋਲ ਪਿਆ, 'ਮਾਰ ਗੋਲੀ ਹਿਸਟਰੀ-ਹੁਸਟਰੀ ਨੂੰ... ਚਲ ਦੇਸ਼ ਭਗਤੀ ਦਾ ਗੀਤ ਗਾ ਕੇ ਸੁਣਾ... ਆਜ ਕਾ ਬੱਚਾ ਕਲ੍ਹ ਕਾ ਨੇਤਾ ਬਣਨੈ ਕਿ ਨਹੀਂ?'

ਕੋਈ ਇਕ ਹੋਰ, 'ਚੱਲ ਗਾ... ਬਾਈ ਨੇ ਕੀ ਕਿਹੈ, ਸੁਣਿਆ ਨ੍ਹੀਂ... ਗਾ, ਨੰਨ੍ਹਾਂ-ਮੁੰਨਾ ਰਾਹੀ ਹੂੰ, ਦੇਸ਼ ਕਾ ਸਿਪਾਹੀ ਹੂੰ... ਦੇਸ਼ ਭਗਤੀ ਦਾ ਮੁਖੌਟਾ ਅਤੇ ਕੁਰੱਪਸ਼ਨ, ਦੋ ਹੀ ਤਾਂ ਪਸੰਦੀਦਾ ਵਿਸ਼ੇ ਨੇ



ਜਿੰਨ੍ਹਾਂ ਦੇ ਸਿਰ 'ਤੇ ਬੰਦਾ ਲੀਡਰ ਬਣ ਸਕਦੈ... ਸ਼ਾਬਾਸ਼ੇ... ਗਾ...।'

'ਚੱਲ ਉਸ ਖੱਟੇ ਡੋਰੀਏ ਵਾਲੀ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਆ...।'

ਅਤੇ ਫੇਰ ਹਿਸਟਰੀ ਦੀ ਕਲਾਸ ਵਿਚ...? ਮਾਰੇ ਗਏ ਓਏ...! ਕਿਆਮਤ ਆ ਕੇ ਉਸ ਨਾਲ ਸੀਟ 'ਤੇ ਬੈਠ ਗਈ ਸੀ।

ਅੱਜ ਮੌਸਮ ਆਮ ਵਾਂਗ ਨਹੀਂ ਸੀ। ਆਸਮਾਨ ਵੀ ਅਜੇ ਸਾਫ ਨਹੀਂ ਸੀ। ਬਲਕਿ ਲੱਗਿਆ ਜਿਵੇਂ ਕਾਲੀ ਘਟਾ ਛਾ ਗਈ ਹੋਵੇ। ਛੱਤ ਵਿਚ ਲਟਕ ਰਿਹਾ ਪੁਰਾਣਾ ਊਸ਼ਾ ਫੈਨ ਆਪਣੀ ਸਟੈਂਡਰਡ ਗਤੀ ਨਾਲ ਚੱਲਣ ਦਾ ਅਹਿਸਾਸ ਕਰਵਾ ਰਿਹਾ ਸੀ। ਪੱਖੇ 'ਤੇ ਲਿਖਿਆ 'ਡੋਨੇਟਿਡ ਬਾਇ... ਇਨ ਦ ਮੈਮਰੀ ਆਫ਼...' ਧੁੰਧਲਾ ਪੈ ਕੇ ਪੜ੍ਹਨ ਯੋਗ ਨਹੀਂ ਸੀ ਰਹਿ ਗਿਆ। ਖੱਟੇ ਡੋਰੀਏ ਵਾਲੀ ਨੇ ਉਸ ਵੱਲ ਤੱਕਿਆ। ਉਸ ਦਾ ਚਿਹਰਾ ਪੜ੍ਹ ਕੇ ਛੋਟੂ ਰਾਮ ਦਾ ਤਣਾਅ ਕੁੱਝ ਘਟਿਆ।

ਹਵਾਈ ਚੱਪਲਾਂ 'ਚ ਕਪਾਹ ਦੀਆਂ ਫੁੱਟੀਆਂ ਵਰਗੀਆਂ ਨਰਮ-ਨਰਮ, ਗੋਰੀਆਂ-ਚਿੱਟੀਆਂ ਉਂਗਲਾਂ।

'ਮਾਈ ਏਮ ਇਨ ਲਾਈਫ' ਵਾਲੇ ਲੇਖ ਦਾ ਹੁਣ ਉਸਨੂੰ ਮਜਮੂਨ ਹੀ ਬਦਲ ਗਿਆ ਮਹਿਸੂਸ ਹੋਇਆ। ਉਂਝ ਵੀ ਹੁਣ ਤਾਂ ਸਭ ਨੇ ਨਵੇਂ ਸਿਰੇ ਤੋਂ ਆਪਣੇ ਲੇਖ ਲਿਖਣੇ ਸਨ। ਕਿਉਂਕਿ ਸਕੂਲ ਵਿਚੋਂ ਵਿਦਾਈ ਦਿੰਦਿਆਂ ਅਧਿਆਪਕਾਂ ਨੇ ਤਾਂ ਉਹਨਾਂ ਦੀ ਜ਼ਿੰਦਗੀ ਵਿਚ ਕਾਮਯਾਬੀ ਨੂੰ ਪਰਮਾਤਮਾ ਦੇ ਆਸਰੇ ਛੱਡ ਹੀ ਦਿੱਤਾ ਸੀ।

ਉਹ ਪਰਮਾਤਮਾ ਦੇ ਦਰਬਾਰ ਵਿਚ ਜਾ ਹਾਜ਼ਰ ਹੋਇਆ, 'ਮਹਾਰਾਜ ! ਮੇਰੇ ਖਾਤੇ 'ਚ ਦੇਖੋ, ਪਿਛਲੇ ਜਨਮ 'ਚ ਕੀਤੇ ਪੁੰਨ ਕਿੰਨੇ ਕੁ ਹਨ? ਉਹਨਾਂ ਬਦਲੇ ਮੈਂ ਇਕ ਚੀਜ਼ ਮੰਗਣੀ ਚਾਹੁੰਦਾਂ ਮਾਲਕੋ !' ਬੜਾ ਹਾਸੋਹੀਣਾ ਜਿਹਾ ਖ਼ਿਆਲ ਦਿਮਾਗ਼ ਵਿਚ ਆਉਣ 'ਤੇ ਵੀ ਉਸਨੇ ਪਰ ਆਪਣਾ ਸਿਰ ਨਹੀਂ ਸੀ ਝਟਕਿਆ। ਸੋਚਿਆ ਜ਼ਰੂਰ, 'ਏਨੀ ਕਾਹਲੀ?'

ਕਾਹਲੀ ਦਾ ਆਲਮ ਤਾਂ ਇਹ ਸੀ ਕਿ ਮੌਸਮ ਦੇ ਮਿਜਾਜ਼ ਦੀ ਗੱਲ ਤੋਂ ਗੱਲ ਸ਼ੁਰੂ ਕਰਨ ਵਾਲਾ ਛੋਟੂ ਰਾਮ ਕਿਤੇ ਬੇਮੌਸਮੀ ਬਾਰਿਸ਼ ਵਿਚ ਘਿਰ ਗਿਆ ਲੱਗਦਾ ਸੀ। ਸੱਸੀ, ਸਾਹਿਬਾਂ, ਹੀਰ-ਸਲੇਟੀ ਤੋਂ ਲੈ ਕੇ ਉਸਨੇ ਪਲਾਂ ਵਿਚ ਹੀ ਮੁਮਤਾਜ ਮਹਿਲ ਤਕ ਦਾ ਇਤਿਹਾਸ ਛਾਣ ਮਾਰਿਆ ਸੀ। ਕਦੇ ਪ੍ਰੇਮਿਕਾ, ਕਦੇ ਪਤਨੀ, ਕਦੇ ਕੁਝ ਹੋਰ ਬਣ ਕੇ ਕੋਈ ਧੁੰਧਲਾ ਜਿਹਾ ਚਿਹਰਾ ਸਾਰੀ ਰਾਤ ਉਸਦੇ ਤਸੱਵੁਰ ਵਿਚ ਆਉਂਦਾ ਰਿਹਾ।

'ਛੋਟੂ ਰਾਮ ਕਿੱਥੇ ਰਹਿੰਦੈਂ ਓਏ ਅੱਜਕਲ੍ਹ? ਚੱਲ, ਕੰਟੀਨ ਚੱਲੀਏ।' ਉਸਨੇ ਆਵਾਜ਼ ਵੱਲ ਮੁੜ ਕੇ ਦੇਖਿਆ। ਉਹੀ ਦੋਨੋਂ ਸੀਨੀਅਰ ਆਪਣੇ ਦੋ ਸਾਥੀਆਂ ਨਾਲ ਖੜ੍ਹੇ ਮੁਸਕੁਰਾ ਰਹੇ ਸਨ। ਇਹ ਭਾਈ ਲੋਕ...! ਛੋਟੂ ਰਾਮ ਕੁਝ ਸੋਚ ਹੀ ਰਿਹਾ ਸੀ ਕਿ ਸਾਰੀ ਕਲਾਸ ਨੂੰ ਸੁਣਾ ਕੇ ਉਹ ਫੇਰ ਬੋਲਿਆ, 'ਗੁਪਤਾ ਸਰ ਤਾਂ ਅੱਜ ਛੁੱਟੀ 'ਤੇ ਹਨ।'

ਤੇ ਸਾਰੀ ਕਲਾਸ ਝੱਟ ਕਲਾਸ 'ਚੋਂ ਬਾਹਰ। ਪਰ ਬਰਾਂਡੇ 'ਚ ਸਾਹਮਣਿਓਂ ਆਉਂਦੇ ਗੁਪਤਾ ਸਰ ਨੂੰ ਦੇਖ ਕੇ ਸਾਰੇ ਝੱਟ ਵਾਪਸ ਕਲਾਸ 'ਚ ਵੀ ਆ ਗਏ। ਆਉਣ ਸਾਰ ਗੁਪਤਾ ਸਰ ਨੇ ਹਾਜ਼ਰੀ ਰਜਿਸਟਰ ਖੋਲ੍ਹਿਆ। ਇਕ ਨਜ਼ਰ ਸਾਰਿਆਂ 'ਤੇ ਮਾਰੀ। ਰਜਿਸਟਰ ਬੰਦ ਕਰ ਦਿੱਤਾ। ਸਖ਼ਤ ਲਹਿਜਾ। ਸ਼ਾਂਤ ਸੁਰ। ਮਜ਼ਬੂਤ ਇਰਾਦੇ ਨਾਲ ਬੋਲੇ, 'ਆਊਟਸਾਈਡਰ ਪਲੀਜ਼ ਬਾਹਰ ਚਲੇ ਜਾਣ।' ਕੋਈ ਕਾਰਨ ਨਹੀਂ ਸੀ ਕਿ ਚਾਰੇਂ ਸੀਨੀਅਰ ਉਠ ਕੇ ਬਾਹਰ ਨਾ ਜਾਂਦੇ।

ਕਲਾਸ ਛੇਤੀ ਹੀ ਛੁੱਟ ਗਈ ਸੀ। ਜ਼ਬਾਨੀ ਗੱਲਾਂ-ਬਾਤਾਂ ਤੋਂ ਸਿਵਾ ਪੜ੍ਹਾਉਣ ਲਈ ਕੁਝ ਹੈ ਵੀ ਨਹੀਂ ਸੀ। ਛੋਟੂ ਰਾਮ ਨੇ ਬੁਸ਼ਰਟ ਦਾ ਉਪਰਲਾ ਬਟਨ ਖੋਲ੍ਹ ਲਿਆ। ਮੌਸਮ ਦੇ ਮਿਜ਼ਾਜ ਤੋਂ ਗੱਲ ਸ਼ੁਰੂ ਕੀਤੀ। ਮੌਸਮ ਬਾਰੇ ਭਾਵੇਂ ਮੌਸਮ ਵਿਭਾਗ ਨੂੰ ਵੀ ਪਤਾ ਨਹੀਂ ਸੀ ਕਿ ਕਿਹੋ ਜਿਹਾ ਰਹੇਗਾ, ਫੇਰ ਵੀ

ਕੁਲਵਿੰਦਰ ਨੇ ਉਸ ਦੀ ਹਾਂ ਵਿਚ ਹਾਂ ਮਿਲਾਈ। ਸ਼ੁਰੂ-ਸ਼ੁਰੂ ਵਿਚ ਤਾਂ ਉਪਚਾਰਕ ਜਿਹੀਆਂ ਗੱਲਾਂ ਹੀ ਹੋਇਆ ਕਰਦੀਆਂ ਨੇ, 'ਆਈ ਐਮ ਸੌਰੀ, ਉਸ ਦਿਨ ਤੁਸੀਂ ਬੁਰਾ ਤਾਂ ਨਹੀਂ ਮਨਾਇਆ?'

'ਮੈਂ ਬੁਰਾ ਕਾਹਤੋਂ ਮਨਾਉਣਾ ਸੀ? ਤੁਸੀਂ ਤਾਂ ਸਤਿ ਸ੍ਰੀ ਅਕਾਲ ਹੀ ਬੁਲਾਈ ਸੀ ਨਾ?'

'ਨਹੀਂ, ਮੇਰਾ ਮਤਲਬ...।'

'ਐਨਾ ਕੁ ਤਾਂ ਚਲਦੈ, ਨਾਲੇ ਤੁਸੀਂ ਕਿਹੜਾ ਆਪੇ ਕੀਤਾ ਸੀ।'

'ਛੋਟੂ ਰਾਮਾਂ, ਕੁੜੀ ਜਿੰਨੀ ਸੋਹਣੀ ਹੈ ਉਨੀ ਨਖਰੇਬਾਜ਼ ਨਹੀਂ ਲੱਗਦੀ।' ਸੋਚਦਿਆਂ ਉਸਨੇ ਪੁੱਛਿਆ, 'ਅੱਛਾ ਉਸ ਦਿਨ ਤੁਸੀਂ ਹਵਾਈ ਚੱਪਲਾਂ...?'

'ਮਾਈ ਫੁੱਟ! ਹਵਾਈ ਚੱਪਲਾਂ ਤਾਂ ਮੈਂ ਬਾਥਰੂਮ 'ਚ ਵੀ ਨਹੀਂ ਪਾਉਂਦੀ। ਉਹ ਤਾਂ ਰੈਗਿੰਗ ਵਾਲਿਆਂ ਨੇ...।' ਬੜੀ ਛੇਤੀ ਉਪਚਾਰਕਤਾ ਕਿਤੇ ਉਡ-ਪੁੱਡ ਗਈ ਸੀ।

'ਨਾਲੇ ਖੱਟਾ ਡੋਰੀਆ...?' ਹਾਸਾ ਕਾਲਿਜ ਦੀ ਸਾਰੀ ਫਿਜ਼ਾ ਵਿਚ ਫੈਲਦਾ ਹੋਇਆ ਰੁੱਖਾਂ 'ਤੇ ਬੈਠੇ ਪੰਛੀਆਂ ਤਕ ਪਹੁੰਚ ਗਿਆ। ਪੰਛੀ ਚਹਿਕੇ। ਚਹਿਕੇ ਕਿ ਹੁਣ ਇਥੇ ਕੋਈ ਨਵਾਂ ਇਤਿਹਾਸ ਰਚਿਆ ਜਾਵੇਗਾ। ਮੱਧਮ-ਮੱਧਮ ਹਵਾ ਵੀ ਰੁਮਕਣ ਲੱਗ ਪਈ ਸੀ।

ਉਹ ਕਲ੍ਹ ਜੋ ਬੀਤ ਗਿਆ, ਅੱਜ ਇਤਿਹਾਸ ਬਣ ਚੁੱਕਾ ਹੈ। ਉਹ ਸਾਰੀਆਂ ਗੱਲਾਂ, ਉਹ ਸਾਰੀਆਂ ਸਿਮਰਤੀਆਂ, ਜੋ ਸਾਂਭ ਕੇ ਰੱਖ ਲੈਣ ਲਈ ਹੁੰਦੀਆਂ ਹਨ, ਉਹ ਸਾਂਭ ਰਹੇ ਸਨ।

ਸਮੇਂ ਦੀ ਆਪਣੀ ਚਾਲ ਹੁੰਦੀ ਹੈ।

ਸਮੇਂ ਦਾ, ਬਲਕਿ ਹਰ ਪਲ ਦਾ ਆਪਣਾ ਇਤਿਹਾਸ ਹੁੰਦਾ ਹੈ। ਭਾਵੇਂ ਉਹ ਰੋਜ਼ਾਨਾ ਇਕੱਠੇ ਹੁੰਦੇ ਸਨ, ਇਤਿਹਾਸ ਪੜ੍ਹਨ ਲਈ। ਆਪਣਾ ਇਤਿਹਾਸ ਜਾਨਣ ਲਈ। ਇਤਿਹਾਸ ਦੇ ਖੰਡਹਰਾਂ ਵਿਚੋਂ ਕਿੰਨਾ ਕੁਝ ਲੱਭ ਲਿਆਉਣ ਲਈ। ਜਗਿਆਸਾ ਨਾਲ ਲਬਰੇਜ਼। ਦੋ ਅਤ੍ਰਿਪਤ ਰੂਹਾਂ। ਪਰ ਇਤਿਹਾਸ ਤਾਂ ਅਜੇ ਲਿਖਿਆ ਜਾਣਾ ਸੀ। ਉਹਨਾਂ ਦੇ ਹਿੱਸੇ ਦਾ ਇਤਿਹਾਸ। ਉਹਨਾਂ ਦੇ ਸਿਲੇਬਸ ਲਈ ਇਤਿਹਾਸ। ਪਾਠ-ਪੁਸਤਕ ਦੇ ਰੂਪ ਵਿਚ। ਜਿਸ ਲਈ ਬਹਿਸ ਦਰਕਾਰ ਸੀ। ਪਰ ਉਹਨਾਂ ਤਾਂ ਸੁਣਿਆ ਸੀ, ਪੁਸਤਕਾਂ ਬਾਰੇ ਬਹਿਸ ਹੋ ਸਕਦੀ ਐ, ਪਾਠ-ਪੁਸਤਕਾਂ ਬਾਰੇ ਕਾਹਦੀ ਬਹਿਸ?

ਬਹਿਸ ਚੰਗੀ ਭਖੀ ਹੋਈ ਸੀ। ਟੀ.ਵੀ. ਚੈਨਲਾਂ 'ਤੇ ਬ੍ਰੇਕਿੰਗ ਨਿਊਜ਼ ਆ ਰਹੀ ਸੀ। ਡਿਸਕਸ਼ਨਾਂ ਅਤੇ ਸਪੈਸ਼ਲ ਪ੍ਰੋਗਰਾਮ ਪ੍ਰਸਾਰਤ ਹੋ ਰਹੇ ਸਨ। ਕ੍ਰਾਇਮ ਅਤੇ ਭੂਤਾਂ-ਪ੍ਰੇਤਾਂ ਵਾਲੇ ਪ੍ਰੋਗਰਾਮਾਂ ਵਾਂਗ। ਪਰ ਸਰਕਾਰ ਦੀ ਆਪਣੀ ਚਾਲ ਹੁੰਦੀ ਹੈ। ਆਪਣਾ ਨਜ਼ਰੀਆ ਵੀ। ਉਸ ਵੱਲੋਂ ਤਾਂ ਅਜੇ ਕਮੇਟੀਆਂ ਬਣਾਈਆਂ ਜਾਣੀਆਂ ਸਨ।

ਫੇਰ ਸਿਲੇਬਸ ਤਿਆਰ ਹੋ ਕੇ ਆਉਣਾ ਸੀ।

ਫੇਰ ਕਲਾਸਾਂ ਵਿਚ ਪੜ੍ਹਾਇਆ ਜਾਣਾ ਸੀ।

...ਲਾਲ...ਭਗਵਾ...ਨੀਲਾ... ਇਤਿਹਾਸ ਕਹਿੰਦੇ ਹੁਣ ਹੋਰ ਵੀ ਰੰਗ ਬਿਰੰਗਾ ਹੋਣ ਜਾ ਰਿਹਾ ਸੀ। ਨਵੀਂ ਸਰਕਾਰ ਨੇ ਇਸ ਨੂੰ ਆਪਣੇ ਹਿਸਾਬ ਨਾਲ ਡਾਈ ਕਰਵਾਉਣਾ ਸੀ। ਗਠਬੰਧਨ ਸਰਕਾਰ ਦੀਆਂ ਆਪਣੀਆਂ ਮਜਬੂਰੀਆਂ ਸਨ। ਮਜਬੂਰੀ ਦਾ ਨਾਂ ਹੁਣ ਮਹਾਤਮਾ ਗਾਂਧੀ ਹੀ ਨਹੀਂ ਹੋਰ ਵੀ ਬਥੇਰਾ ਕੁਝ ਸੀ। ਭਾਵੇਂ ਬਾਪੂ ਦਾ ਨਾਂ ਹੁਣ ਗਰਮ ਸਮੋਸਿਆਂ ਵਾਂਗ ਵਿਕਣ ਵਾਲੀ ਚੀਜ਼ ਬਣ ਚੁੱਕਾ ਸੀ। ਖ਼ੈਰ !

ਜਦ ਤਕ ਇਤਿਹਾਸ ਦੁਬਾਰਾ ਕਲਰ ਹੋ ਕੇ ਨਹੀਂ ਆ ਜਾਂਦਾ, ਇਤਿਹਾਸ ਦੇ ਵਿਦਿਆਰਥੀ ਈਸਟਮੇਨ-ਕਲਰ ਦੇਖਣ ਵੱਲ ਰੁਚਿਤ ਹੋ ਗਏ ਸਨ। ਨਾ ਕੋਈ ਰਸਤਾ, ਨਾ ਹੀ ਕੋਈ ਮੰਜ਼ਿਲ ਤੈਅ ਸੀ। ਆਪਹੁਦਰਾਪਨ। ਬਸ।

ਅੰਗਰੇਜ਼ੀ ਵਾਲੀ ਮੈਡਮ ਨੂੰ ਵੀ ਲੱਗਦਾ ਸੀ ਕਿ ਸਾਰੇ ਬੱਚੇ ਵਿਗੜੇ ਹੋਏ ਹਨ। ਖ਼ਾਸ ਕਰਕੇ



ਪਿੰਡਾਂ ਵਾਲੇ। ਉਂਝ ਤਾਂ ਉਹ ਸ਼ੁਰੂ ਤੋਂ ਹੀ ਕਹਿੰਦੀ ਰਹੀ ਸੀ ਕਿ ਉਹਨਾਂ ਨੂੰ ਮੈਨਰਜ਼ ਨਹੀਂ ਹਨ। ਹੁਣ ਵੀ ਜਦ ਉਹ ਉਹਨਾਂ ਨੂੰ ਕਈ ਵਾਰੀ ਕਹਿੰਦੀ ਕਿ ਯੂ ਪੀਪਲ ਨੂੰ ਮੈਨਰਜ਼ ਨਹੀਂ ਹਨ ਤਾਂ ਉਹਨਾਂ ਨੂੰ ਲੱਗਦਾ ਜਿਵੇਂ ਕਹਿ ਰਹੀ ਹੋਵੇ - ਯੂ ਦ ਮੈਨਰਲੈੱਸ ਪੀਪਲ ਆਫ ਇੰਡੀਆ...।

ਉਂਝ ਵੀ ਇਹਨਾਂ ਅੰਗਰੇਜ਼ੀਦਾਂ ਲੋਕਾਂ ਦੇ ਇਤਿਹਾਸ ਵਿਚ 'ਵੁਈ ਦ ਪੀਪਲ ਆਫ ਇੰਡੀਆ...' ਦੀ ਹੈਸੀਅਤ ਸਪੇਰਿਆਂ, ਜੋਗੀਆਂ ਤੋਂ ਵੱਧ ਹੈ ਵੀ ਕੀ? ਸਾਮਰਾਜਵਾਦੀ ਤਾਕਤਾਂ ਦੇ ਪਿੱਠੂ ਬਣ ਕੇ ਵਰਤਮਾਨ ਵਿਚ ਵੀ ਸਾਡਾ ਇਤਿਹਾਸ ਇਹੀ ਲਿਖ ਰਹੇ ਸੀ। ਗੁਪਤਾ ਸਰ ਦੱਸ ਰਹੇ ਸਨ, ਇਹਨਾਂ ਨੇ ਆਪਣੇ ਕੋਲ ਦੋ ਤਸਵੀਰਾਂ ਰੱਖੀਆਂ ਹੋਈਆਂ ਨੇ, ਇਕ 'ਚ ਗਰੀਬੀ, ਭੁੱਖਮਰੀ, ਚਿੱਥੜੇ-ਚਿੱਥੜੇ ਜ਼ਿੰਦਗੀ ਅਤੇ ਦੂਸਰੀ 'ਚ ਵਿਸ਼ੇਸ਼ ਆਰਥਿਕ ਜ਼ੋਨ ਤੇ ਇੰਡੀਆ 'ਚ ਦੁਨੀਆ ਦੇ ਸਭ ਤੋਂ ਵੱਧ ਧਨ-ਕੁਬੇਰ... ਸਨੱਅਤਕਾਰ... ਅਸਲ ਫੈਸਲਾ ਕਰਨ ਵਾਲਾ ਕੋਈ ਨਹੀਂ।

ਫੈਸਲਾ ਇਤਿਹਾਸ ਦੇ ਸਿਲੇਬਸ ਬਾਰੇ ਅਜੇ ਕੋਈ ਨਹੀਂ ਸੀ ਹੋ ਰਿਹਾ। ਇਤਿਹਾਸ ਦਾ ਮਤਲਬ ਹੁਣ ਇਕ ਵਿਸ਼ੇ ਤੋਂ ਵੱਧ ਕੁਝ ਨਹੀਂ ਸੀ ਰਹਿ ਗਿਆ। ਆਪਣੇ ਦੇਸ਼, ਸਮਾਜ ਦੇ ਵਿਰਸੇ ਦੇ ਤੌਰ 'ਤੇ ਇਸ ਦਾ ਸਤਿਕਾਰ ਹੁਣ ਗੁਜ਼ਰੇ ਜ਼ਮਾਨੇ ਦੀ ਗੱਲ ਹੋ ਚੁੱਕੀ ਸੀ।

'ਜਿੱਥੋਂ ਤਕ ਸਤਿਕਾਰ ਦੀ ਗੱਲ ਹੈ, ਮਨਾਂ 'ਚ ਹੋਣਾ ਚਾਹੀਦੈ।' ਕੁਲਵਿੰਦਰ ਕਹਿ ਰਹੀ ਸੀ, 'ਪਰ ਅੱਜਕਲ੍ਹ ਤਾਂ ਦਿਖਾਵਾ ਵੱਧ ਹੋ ਰਿਹੈ।'

'ਖਾਹਮਖਾਹ ਸਿਆਣੀਆਂ-ਸਿਆਣੀਆਂ ਗੱਲਾਂ ਕਰਨੀਆਂ ਵੀ ਬੁਰਜੂਆਜੀ ਦੀ ਨਿਸ਼ਾਨੀ ਹੈ, ਹੋਰ ਸੁਣਾ ਕੋਈ ਨਵੀਂ ਤਾਜ਼ੀ?' ਕੁਲਵਿੰਦਰ ਦੀਆਂ ਸਿਆਣੀਆਂ ਗੱਲਾਂ ਨੂੰ ਛੋਟੂ ਰਾਮ ਕਈ ਵਾਰੀ ਅਨਮੋਲ ਵਚਨ ਕਹਿ ਕੇ ਵੀ ਚਿੜਾਉਂਦਾ ਹੁੰਦੈ। ਪਰ ਉਹ ਵੀ ਪੂਰੀ ਧੱਕੜ ਹੈ, ਖ਼ਾਸ ਪਰਵਾਹ ਨਹੀਂ ਕਰਦੀ।

'ਨਵੀਂ ਤਾਜ਼ੀ ਵੀ ਹੈ। ਸੰਗੀਤਾ ਮੈਡਮ ਦੀ ਬਦਲੀ ਹੋ ਚੁੱਕੀ ਹੈ। 'ਕੰਪਲਸਰੀ' ਹਿੰਦੀ ਹੁਣ ਸ਼ਾਦੀ ਲਾਲ ਸਰ ਪੜ੍ਹਾਉਣਗੇ,' ਦੱਸਦਿਆਂ ਉਸ ਨੇ ਸਵੇਰੇ ਵਾਲੀ ਬਹਿਸ ਫੇਰ ਛੇੜ ਲਈ। ਕਹਿੰਦੀ, 'ਗੱਲ ਸੁਣ, ਸਵੇਰੇ ਕੀ ਫਿਲੌਸਫੀ ਘੋਟ ਰਿਹਾ ਸੀ? ਮੈਨੂੰ ਕਿਸੇ ਉਪਚਾਰਕਤਾ ਦੀ ਲੋੜ ਨਹੀਂ। ਹਰ ਗੱਲ ਲਈ ਆਪਣਾ ਤਰਕ ਹੈ ਮੇਰੇ ਕੋਲ।'

'ਮੰਨ ਲਿਆ ਬਾਬਾ।'

'ਕੀ ਮੰਨ ਲਿਆ?'

'ਬਥੇਰਾ ਕੁਝ ਮੰਨੀ ਬੈਠਾਂ ਮੈਂ ਤਾਂ, ਦੱਸਾਂ ਕੀ-ਕੀ? ਸੋਹਣੀ ਕੁਲਵਿੰਦਰ ਸੋਚ ਪੱਖੋਂ ਵੀ ਸਮੇਂ ਦੇ ਹਾਣ ਦੀ ਐ। ਭਾਵੇਂ ਜ਼ਰਾ ਕਾਹਲੀ ਵੀ। ਜਿਵੇਂ ਕਿ ਜ਼ਿੰਦਗੀ ਦਾ ਹਰ ਪਲ ਇੰਜੁਆਇ ਕਰ ਲੈਣਾ ਚਾਹੁੰਦੀ ਹੋਵੇ। ਅਤੇ ਮੌਸਮ ਤਾਂ ਭਾਈ ਜਿਵੇਂ ਕਹਿੰਦੇ ਐ, ਉਸ ਅੱਗੇ ਪਾਣੀ ਭਰਦੇ ਨੇ...।'

'ਮੌਸਮ ਦੀ ਤਾਂ ਭਾਈ ਇਉਂ ਐ', ਉਸੇ ਲਹਿਜੇ 'ਚ ਬੋਲੀ, 'ਚਲ ਤੂੰ ਹੀ ਦੱਸ, ਤੈਨੂੰ ਕਿੰਨੇ ਕੁ ਜਾਨਵਰਾਂ ਦੇ ਬਹਾਰ 'ਚ ਆਉਣ ਦੇ ਸੀਜ਼ਨ ਬਾਰੇ ਪਤੈ? ਬਹੁਤੇ ਨਹੀਂ ਨਾ? ਮਨੁੱਖ ਬਾਰੇ ਵੀ ਨਹੀਂ? ਉਂਝ ਇਸ ਦਾ ਕੋਈ ਸੀਜ਼ਨ ਹੈ ਵੀ ਨਹੀਂ ਤੇ ਹੁਣ ਤਾਂ ਕੋਈ ਨੈਤਿਕ, ਅਨੈਤਿਕ ਤਰਕ ਵੀ ਮੰਨਣੋਂ ਹਟ ਗਿਐ ਇਹ ਸਮਾਜਕ ਜਾਨਵਰ। ਹੈਂ ਨਾ? ਫੇਰ ਕਹੇਂਗਾ ਲੁੱਚੀਆਂ ਗੱਲਾਂ ਕਰਦੀ ਐ।' ਕਲਾਸਾਂ 'ਚ ਪੜ੍ਹਨ- ਪੜ੍ਹਾਉਣ ਨੂੰ ਕੁਝ ਹੈ ਨਹੀਂ ਸੀ। ਕੰਟੀਨ ਤੇ ਲਾਇਬਰੇਰੀ ਤੋਂ ਬਾਅਦ ਅਜਿਹੀਆਂ ਪੁੱਠੀਆਂ-ਸਿੱਧੀਆਂ ਗੱਲਾਂ ਕਰਕੇ ਸਮਾਂ ਬਿਤਾਉਣਾ ਉਹਨਾਂ ਦੀ ਹੋਣੀ ਬਣ ਚੁਕੀ ਸੀ।

'ਵੱਖੋ-ਵੱਖਰੇ ਸਮਾਜਾਂ ਦੇ ਹੁਣ ਤਾਂ ਆਪੋ-ਆਪਣੇ ਸਮਾਜਕ ਜਾਨਵਰ ਨੇ ਤੇ ਉਹਨਾਂ ਦੀ ਫਿਤਰਤ ਵੀ ਵੱਖੋ-ਵੱਖਰੀ ਐ, ਕੁਲਵਿੰਦਰ ਜੀ। ਨੈਤਿਕਤਾ ਦਾ ਪੈਮਾਨਾ ਵੀ ਅੱਜਕਲ੍ਹ ਬੰਦੇ ਦਾ ਰੁਤਬਾ ਤੈਅ ਕਰਦੈ।'

'ਜਿੱਥੇ ਕਿਤੇ ਮਾਰਕਸਵਾਦ ਦੀ ਪੱਚਰ ਫਸਾ ਦਿੰਦੈਂ। ਹੁਣ ਦੱਸ ਓਏ ਅਨਮੋਲ ਵਚਨ ਦੇ ਕੁਝ ਲੱਗਦਿਆ। ਮੈਂ ਤਾਂ ਮੌਸਮਾਂ ਬਾਰੇ...।'

'ਆਹੋ, ਮੌਸਮ ਤਾਂ ਅੱਜਕਲ੍ਹ ਥੋਡੇ ਰਿਮੋਟ ਦੇ ਗੁਲਾਮ ਹੋ ਚੁੱਕੇ ਨੇ। ਇਹੀ ਕਹਿਣਾ ਚਾਹੁੰਦੀ ਐਂ ਨਾ ਤੂੰ? ਟਵੈਂਟੀ-ਵਨ, ਟਵੈਂਟੀ-ਟੂ, ਦੱਬਿਆ ਰਿਮੋਟ ਤੇ ਟੈਂਪਰੇਚਰ ਫਿਕਸ। ਕੋਠੀ 'ਚੋਂ ਨਿਕਲ ਕੇ ਗੱਡੀ 'ਚ ਬੈਠੋ ਉਥੇ ਵੀ ਉਹੀ ਠੰਡਾ ਠਾਰ ਮੌਸਮ, ਯਾਨਿ ਮਨਪਸੰਦ ਟੈਂਪਰੇਚਰ। ਤੇ ਸਿਆਲ 'ਚ ਹੀਟਰ। ਅਮੀਰੀ 'ਚ ਪੈਰ ਰੱਖਣ ਸਾਰ ਲੋਕ ਕਿਵੇਂ ਕੁਦਰਤ ਵੱਲੋਂ ਮੂੰਹ ਫੇਰ ਲੈਂਦੇ ਨੇ... ਹੂੰਹ!' ਜਿੱਦਣ ਦੀ ਉਹਨਾਂ ਵਿਚਾਲੇ ਉਪਚਾਰਕਤਾ ਖਤਮ ਹੋਈ ਅਤੇ ਉਹ ਇਕ ਦੂਜੇ ਦੇ ਨੇੜੇ ਆਉਣ ਲੱਗੇ, ਉਹਨਾਂ ਦੇ ਸਿੰਗ ਅਕਸਰ ਇਸੇ ਤਰ੍ਹਾਂ ਫਸੇ ਰਹਿੰਦੇ।

'ਕੀ ਲੋੜ ਪੂਰਤੀ ਲਈ ਪ੍ਰਾਪਤ ਵਸੀਲਿਆਂ ਦੀ ਵਰਤੋਂ ਕਰਨਾ ਗੁਨਾਹ ਹੈ? ਮੇਰਾ ਦਾਦਾ ਦੱਸਦਾ ਹੁੰਦਾ, ਏਸੀ, ਹੀਟਰ ਤਾਂ ਕੀ ਕਿਸੇ ਵੇਲੇ ਉਹਨਾਂ ਕੋਲ ਪਾਉਣ ਜੋਗੇ ਕਪੜੇ ਨਹੀਂ ਸੀ ਹੁੰਦੇ। ਅੱਜ ਕਾਸੇ ਜੋਗੇ ਹੋਏ ਹਾਂ ਤਾਂ...।'

'ਫੇਰ ਉਹੀ ਇਤਿਹਾਸ... ਤੇ ਉਸ ਦਾ ਬਦਲਾ ਵਰਤਮਾਨ ਤੋਂ...? ਨਾਲੇ ਬੜਬੋਲਾਪਨ...। ਸਾਧਨਾਂ ਦੇ ਅੰਨ੍ਹੇਵਾਹ ਸ਼ੋਸ਼ਣ ਨੂੰ ਭਲਾ ਵਰਤੋਂ ਕਿਹਾ ਜਾ ਸਕਦੈ? ਤੇ ਜਿਸ ਤਰ੍ਹਾਂ ਤੁਸੀਂ ਇਹ ਸਾਧਨ...।' ਛੋਟੂ ਰਾਮ ਨੇ ਗੱਲ ਪੂਰੀ ਨਾ ਕੀਤੀ। ਉਸਨੂੰ ਲੱਗਿਆ ਜਿਵੇਂ ਬਹਿਸ ਆਮ ਵਾਂਗ ਉਸੇ ਰਸਤੇ ਪੈਣੀ ਸ਼ੁਰੂ ਹੋ ਚੁੱਕੀ ਸੀ। ਜਿਸਦਾ ਕਦੇ ਕੋਈ ਸਿੱਟਾ ਨਹੀਂ ਸੀ ਨਿਕਲਦਾ।

ਹਕੀਕਤ ਤੋਂ ਜਾਣੂ ਕੁਲਵਿੰਦਰ ਵੀ ਚੁੱਪ ਰਹੀ। ਉਸਨੂੰ ਪਤਾ ਸੀ ਕਿ ਇਹ ਹੁਣ ਅੰਕੜੇ ਦੱਸਣੇ ਸ਼ੁਰੂ ਕਰ ਦੇਵੇਗਾ ਕਿ ਕਿਹੜਾ ਵਰਗ ਕਿੰਨਾ ਮਾਲ ਛਕ ਰਿਹਾ ਹੈ ਤੇ ਕਿੰਨੇ ਮਿਹਨਤਕਸ਼ ਸਭ ਕਾਸੇ ਤੋਂ ਮਹਿਰੂਮ ਹਨ... ਕਿਹੜਾ ਵਰਗ ਪਰਿਆਵਰਨ ਦਾ ਕਿੰਨਾ ਘਾਣ ਕਰ ਰਿਹਾ ਹੈ। ਹੈਰਾਨ ਪਰੇਸ਼ਾਨ ਕਰ ਦੇਣ ਵਾਲੇ ਅੰਕੜੇ... ਸਿਰਫ ਪੰਜ ਦਰਜਨ ਧਨ-ਕੁਬੇਰਾਂ ਦਾ ਦੇਸ਼ ਦੀ ਜੀ.ਡੀ.ਪੀ. ਵਿਚ ਹਿੱਸਾ ਇੱਕੀ ਫੀਸਦੀ... ਜਦਕਿ ਖੇਤੀ ਦਾ ਹਿੱਸਾ ਸਤਾਰਾਂ ਫੀਸਦੀ, ਜਿਸ ਵਿਚ ਦੇਸ਼ ਦੇ ਸੱਤਰ ਫੀਸਦੀ ਲੋਕ ਲੱਗੇ ਹੋਏ ਹਨ, ਵਗੈਰਾ, ਵਗੈਰਾ। ਕੁਲਵਿੰਦਰ ਨੇ ਉਸ ਵੱਲ ਦੇਖਿਆ। ਉਹ ਕਿਸੇ ਸੋਚ ਵਿਚ ਡੁੱਬਿਆ ਹੋਇਆ ਸੀ।

ਸੋਚਦਿਆਂ ਬੋਲਿਆ, 'ਅੱਜਕਲ੍ਹ ਤਾਂ ਰਾਜਨੀਤੀਵਾਨ ਅਤੇ ਡੇਰਾਵਾਦ ਹੀ ਬਹੁਤਾ ਵੱਧ-ਫੁੱਲ ਰਿਹੈ। ਖੇਤੀ ਮਾਰ ਹੇਠ ਹੈ ਕੁਲਵਿੰਦਰ।'

'ਸਿਰਫ ਰਾਜਨੀਤੀਵਾਨ ਅਤੇ ਡੇਰਾਵਾਦ ਹੀ?'

'ਆਹੋ, ਉਹ ਵੀ ਬਿਨਾਂ ਮਿਹਨਤ ਕੀਤਿਆਂ। ਉਂਝ ਆਪਣੇ ਦੇਸ਼ 'ਚ ਅੱਜ ਲਗਪਗ ਤੀਹ ਫੀਸਦ ਲੋਕ ਮੱਧਵਰਗ ਵਿਚ ਸ਼ਾਮਲ ਹੋ ਚੁੱਕੇ ਨੇ। ਉਹ ਸੋਚਦੇ ਹਨ, ਉਹ ਕੁਝ ਵੀ ਕਰਨ ਲਈ ਆਜ਼ਾਦ ਹਨ। ਭਾਵੇਂ ਵਸੀਲਿਆਂ ਨੂੰ ਭੋਗਣ ਦੀ ਗੱਲ ਹੋਵੇ ਜਾਂ ਮਨਮਾਨੀ ਕਰਨ ਦੀ, ਅਸ਼ਲੀਲਤਾ ਦੀ ਹੱਦ ਤਕ ਚਲੇ ਜਾਂਦੇ ਹਨ। ਤੁਹਾਡੇ ਵਸੀਲਿਆਂ ਦਾ ਸੋਮਾ ਵੀ...।'

'ਸਾਡੇ ਵਸੀਲਿਆਂ ਦਾ ਸੋਮਾ ਮੈਨੂੰ ਪਤੈ ਛੋਟੂ। ਕਿਸੇ ਤੋਂ ਕੁਝ ਵੀ ਛੁਪਿਆ ਹੋਇਆ ਨਹੀਂ। ਰਾਜਨੀਤੀ ਅਤੇ ਸ਼ਹਿਰੀ ਪ੍ਰੋਪਰਟੀ ਕਾਰਨ ਅਸੀਂ ਇੰਨੀ ਛੇਤੀ ਮੱਧਵਰਗ ਵਿਚ ਛਾਲ ਲਾ ਲਈ ਹੈ। ਨਹੀਂ ਸਿਰਫ ਖੇਤੀ 'ਚ ਤਾਂ...।' ਕਹਿੰਦਿਆਂ ਉਸ ਨੇ ਛੋਟੂ ਦੇ ਚਿਹਰੇ ਵੱਲ ਤੱਕਿਆ। ਜ਼ਰਾ ਵੀ ਬੇਚਾਰੇਪਨ ਦੇ ਭਾਵ ਨਹੀਂ ਸਨ। ਤਾਂ ਫੇਰ ਕੀ ਸੀ ਜੋ ਉਸ ਦੇ ਚਿਹਰੇ ਤੋਂ ਝਲਕ ਰਿਹਾ ਸੀ? ਵਰਗ ਸੰਘਰਸ਼ ਜਾਂ ਉਸ ਦਾ ਆਤਮ ਵਿਸ਼ਵਾਸ?

ਪਰ ਉਸ ਦਿਨ ਤਾਂ ਛੋਟੂ ਨੇ ਪੁੱਛਿਆ ਸੀ, 'ਇਕ ਗੱਲ ਦੱਸ ਕੁਲਵਿੰਦਰ, ਤੇਰੇ 'ਚ ਇੰਨਾ ਆਤਮ ਵਿਸ਼ਵਾਸ? ਕਈ ਵਾਰੀ ਮਹਿਸੂਸ ਹੁੰਦੈ, ਤੇਰੇ ਸਾਹਮਣੇ ਮੈਂ ਤਾਂ...।'



'ਨਹੀਂ, ਅਜਿਹੀ ਤਾਂ ਕੋਈ ਗੱਲ ਨਹੀਂ, ਪਰ...!' ਕੁਝ ਸੋਚਦਿਆਂ ਅਤੇ ਨਜ਼ੂਮੀਆਂ ਵਾਂਗ ਬਣ ਕੇ ਬੈਠਦਿਆਂ ਉਸਨੇ ਅੱਗੇ ਪੁੱਛਿਆ ਸੀ, 'ਤੁਹਾਡੀ ਜ਼ਮੀਨ-ਜਾਇਦਾਦ?'

'ਜ਼ਮੀਨ ਤਾਂ ਇਕ ਵਾਹੀ ਜਿੰਨੀ ਕੁ ਹੈ ਈ। ਹਾਂ, ਥੋਡੇ ਵਾਂਗ ਪਲਾਟ ਪਲੂਟ ਜੇ ਨ੍ਹੀਂ ਹੈਗੇ।'

'ਪ੍ਰੋਪਰਟੀ ਦਾ ਵੀ ਉਂਝ ਤਾਂ ਫੈਸਲਾਕੁਨ ਰੋਲ ਹੁੰਦੈ... ਅੱਛਾ, ਥੋਡੇ ਪਰਿਵਾਰ 'ਚ ਪੜ੍ਹੇ-ਲਿਖੇ?'

'ਮਾਪੇ ਅਨਪੜ੍ਹ ਨੇ।' ਜਵਾਬ ਦਿੰਦਿਆਂ ਜਿਵੇਂ ਮਣਾਂ ਮੂੰਹੀਂ ਬੋਝ ਚੁੱਕਣਾ ਪਿਆ ਹੋਵੇ ਛੋਟੂ ਰਾਮ ਨੂੰ। ਅਜਿਹਾ ਸਵਾਲ ਤਾਂ ਅੱਜ ਤਕ ਕਿਸੇ ਨੇ ਪੁੱਛਿਆ ਹੀ ਨਹੀਂ ਸੀ। ਪਹਿਲੀ ਬਾਰ ਉਸਨੂੰ ਹੀਣ ਭਾਵਨਾ ਮਹਿਸੂਸ ਹੋਈ ਸੀ।

'ਮੇਰਾ ਤਾਂ ਦਾਦਾ ਵੀ ਪੜ੍ਹਿਆ-ਲਿਖਿਆ ਸੀ।' ਕਹਿੰਦਿਆਂ ਛੋਟੂ ਰਾਮ ਦੇ ਉਤਰੇ ਹੋਏ ਚਿਹਰੇ ਵੱਲ ਦੇਖਿਆ। ਜਿੱਥੇ ਸਲੀਬ ਸੀ। ਜਿਸ 'ਤੇ ਪ੍ਰਸ਼ਨ ਚਿੰਨ੍ਹ ਟੰਗਿਆ ਹੋਇਆ ਸੀ। ਜਿਸ ਦਾ ਜਵਾਬ ਦਿੰਦਿਆਂ ਬੋਲੀ, 'ਬਹੁਤ ਫਰਕ ਪੈਂਦੈ।'

ਕਿਸੇ ਨੂੰ ਭਾਵੇਂ ਕੋਈ ਫਰਕ ਪੈਂਦਾ ਹੋਵੇ ਜਾਂ ਨਾ, ਪਰ ਇਤਿਹਾਸ ਦਾ ਸਿਲੇਬਸ ਬਦਲੇਗਾ, ਕਾਲਿਜ ਵਿਚ ਇਹ ਚਰਚਾ ਆਮ ਸੀ। ਇਤਿਹਾਸ ਜੋ ਸਾਡੇ ਸਭਿਆਚਾਰ, ਸਾਡੇ ਦੇਸ਼, ਸਮਾਜ ਦੇ ਅਤੀਤ ਤੋਂ ਜਾਣੂ ਕਰਵਾਉਂਦਾ ਹੈ। ਜਿਸ ਦਾ ਅਧਿਐਨ ਕਰਕੇ ਅਸੀਂ ਆਪਣੇ ਵਰਤਮਾਨ ਨੂੰ ਸਮਝਣ ਅਤੇ ਭੱਵਿਖ ਨੂੰ ਸੰਵਾਰਨ ਦਾ ਉਪਰਾਲਾ ਕਰ ਸਕਦੇ ਹਾਂ। ਉਸੇ ਬਾਰੇ ਚਰਚਾ, ਪਰ ਵੱਖ ਕਿਸਮ ਦੀ।

'ਸਰ, ਕੀ ਸਾਡਾ ਸਦੀਆਂ ਪੁਰਾਣਾ ਇਤਿਹਾਸ ਕਿਸੇ ਵੱਖ ਵਿਚਾਰਧਾਰਾ ਵਾਲੀ ਸਰਕਾਰ ਜਾਂ ਪਾਰਟੀ ਦੇ ਚਾਹੁਣ 'ਤੇ ਬਦਲ ਸਕਦੈ? ਫੇਰ ਉਹਨਾਂ ਲੋਕਾਂ ਦਾ ਕੀ ਬਣੇਗਾ ਜੋ ਸਕੂਲ ਕਾਲਿਜ 'ਚੋਂ ਇਤਿਹਾਸ ਪੜ੍ਹ ਕੇ ਜਾ ਚੁੱਕੇ ਨੇ?' ਛੋਟੂ ਰਾਮ ਨੇ ਸਵਾਲ ਕੀਤਾ ਸੀ।

'ਉਹਨਾਂ ਕਿਹੜੇ ਹੁਣ ਦੁਬਾਰਾ ਪੇਪਰ ਦੇਣੇ ਐ?' ਇਕ ਵਿਦਿਆਰਥੀ ਨੇ ਸ਼ੁਰਲੀ ਜਿਹੀ ਛੱਡੀ। ਜਿੰਨੀ ਕੁ ਜਿਸਦੀ ਸੋਚ। ਸਾਰੇ ਹੱਸ ਪਏ। ਇਸ ਹਾਸੇ ਵਿਚ ਵਿਅੰਗ ਤੇ ਕੁੜਿੱਤਣ ਦੀ ਮਿਕਦਾਰ ਕੁੱਝ ਵੱਧ ਸੀ।

ਇਸ ਤੋਂ ਪਹਿਲਾਂ ਕੁਲਵਿੰਦਰ ਨੇ ਡੰਗ ਵਾਂਗ ਵੱਜਣ ਵਾਲਾ ਪ੍ਰਸ਼ਨ ਪੁੱਛਿਆ ਹੀ ਸੀ, 'ਸਰ, ਕੀ ਇਤਿਹਾਸ ਠੇਕੇ 'ਤੇ ਲਿਖਵਾਇਆ ਜਾ ਸਕਦੈ?' ਕੁਲਵਿੰਦਰ ਬੜੀ ਪੁੱਠੀ ਹੈ। ਸਰ ਮੁਸਕਰਾਏ ਸਨ। ਕਿਸੇ ਸ਼ਰਾਰਤੀ ਨੇ ਕਿਹਾ, 'ਏਥੇ ਕੁਝ ਵੀ ਹੋ ਸਕਦੈ।' ਕਲਾਸ ਵਿਚ ਹਾਸੇ ਦੀ ਹਲਕੀ ਜਿਹੀ ਲਹਿਰ ਦੌੜ ਗਈ ਸੀ।

ਅੱਜ ਹਵਾ ਵਿਚ ਨਮੀ ਵੱਧ ਸੀ। ਹੁੰਮਸ ਕਾਰਨ ਸਰੀਰ ਚਿਪਚਿਪਾ ਜਿਹਾ ਮਹਿਸੂਸ ਹੋਇਆ। ਉਸਨੇ ਬੁਸ਼ਰਟ ਦਾ ਉਪਰਲਾ ਬਟਨ ਖੋਲ੍ਹਿਆ ਤੇ ਬਾਹਾਂ ਚਾੜ੍ਹ ਲਈਆਂ। ਹਾਲਾਂਕਿ ਹੁਣ ਤਾਂ ਉਪਚਾਰਕ ਕੁਝ ਵੀ ਨਹੀਂ ਸੀ ਰਹਿ ਗਿਆ, ਪਰ 'ਇਸ ਸਮੇਂ?' ਕਹਿੰਦਿਆਂ ਛੋਟੂ ਰਾਮ ਨੇ ਹੈਰਾਨੀ ਪ੍ਰਗਟਾਈ।

ਉਹ ਕਹਿੰਦੀ, 'ਮੈਂ ਸਮੇਂ ਜਾਂ ਮੌਸਮ ਦੀ ਗੁਲਾਮ ਨਹੀਂ ਡਿਅਰ। ਨਾ ਮੈਨੂੰ ਕਲ੍ਹ 'ਚ ਯਕੀਨ ਐ, ਅਤੀਤ ਮੇਰਾ ਕੋਈ ਹੈ ਈ ਨਹੀਂ ਸੀ। ਸੱਚੀ ਗੱਲ ਤਾਂ ਇਹ ਹੈ ਕਿ ਤੇਰੇ ਅਪਣੱਤ ਜਿਹੇ ਕਰਕੇ ਭੁੱਖ ਜਾਗ ਪੈਂਦੀ ਐ, ਜ਼ਿੰਦਗੀ ਨੂੰ ਖੁਲ੍ਹ ਕੇ ਜਿਉਣ ਦੀ।' ਫੇਰ ਗੁਣਗੁਣਾਉਣ ਲੱਗੀ, 'ਆ ਇਕਮਿਕ ਹੋ ਜਾਈਏ, ਹਾਣੀਆ ਤੂੰ ਕਾਲਾ ਮੈਂ ਗੋਰੀ, ਚੱਲ ਲਾਵਾਂ ਲੈ ਲਈਏ, ਜੋ ਗੱਲ ਵੱਡਿਆਂ ਤੋਰੀ...।'

ਭੁੱਖਾ ਤਾਂ ਛੋਟੂ ਰਾਮ ਵੀ ਹੈ ਮੋਹ-ਭਿੱਜੇ ਅਪਣੱਤ ਦਾ। ਪਰ ਉਸ ਦੀ ਵਿਡੰਬਨਾ ਹੈ ਕਿ ਅਜਿਹੇ ਸਮੇਂ ਜਦ ਉਸਦੇ ਸਾਥੀ ਖੇਡਣ-ਕੁੱਦਣ ਹੀ ਨਹੀਂ ਬਲਕਿ ਮੌਜ-ਮਸਤੀ ਵਿਚ ਮਸ਼ਗੂਲ ਸਨ, ਉਹ ਆਪਣੇ ਇਤਿਹਾਸ ਨਾਲ ਦੋ-ਚਾਰ ਹੋ ਰਿਹਾ ਸੀ।

ਗੁਪਤਾ ਸਰ ਦੱਸ ਰਹੇ ਸਨ, ਜਿਸ ਦੇਸ਼, ਸਮਾਜ ਕੋਲ ਉਸਦੇ ਇਤਿਹਾਸ, ਉਸਦੀ ਵਿਰਾਸਤ ਦੀ ਸਹੀ ਅਤੇ ਨਿਰਵਿਵਾਦ ਤਸਵੀਰ ਨਹੀਂ, ਉਹ ਕਿਸ ਉਪਰ ਫ਼ਖ਼ਰ ਕਰੇ...?

'ਬੜੀ ਅਜੀਬ ਵਿਡੰਬਨਾ ਹੈ ਸਰ... ਸਾਡੇ ਇਤਿਹਾਸ ਵਿਚ ਤਾਂ ਪਹਿਲਾਂ ਹੀ ਸਿਰਫ ਰਾਜੇ, ਮਹਾਰਾਜੇ ਹਨ। ਇਹਨਾਂ ਦੀਆਂ ਲੜਾਈਆਂ ਹਨ। ਮੱਕਾਰੀ ਅਤੇ ਛੜਯੰਤਰਾਂ ਦੀਆਂ ਗਾਥਾਵਾਂ ਹਨ। ਆਮ ਆਦਮੀ ਕਿਤੇ ਵੀ ਨਹੀਂ ਹੈ। ਜੇ ਕਿਤੇ ਹੈ ਵੀ ਤਾਂ ਭਿਅੰਕਰ ਕਾਲ ਨਾਲ ਗ੍ਰਸਿਆ ਹੋਣ ਦੇ ਬਾਵਜੂਦ ਲਗਾਨ ਜਾਂ ਮਾਲੀਆ ਦੇਣ ਲਈ ਮਜਬੂਰ... ਇਸੇ 'ਤੇ ਏਨੀ ਮਾਰਾ-ਮਾਰੀ?' ਸਭ ਤੋਂ ਪਿਛਲੇ ਬੈਂਚ ਤੋਂ ਆਵਾਜ਼ ਆਈ ਸੀ। ਕਮਾਲ ਐ ! ਕਿਆ ਜਾਗ੍ਰਤੀ ਆ ਰਹੀ ਐ ਯਾਰ ਬੱਚਿਆਂ 'ਚ ਇਤਿਹਾਸ ਪ੍ਰਤੀ। ਗੁਪਤਾ ਸਰ ਨੇ ਜ਼ਰੂਰ ਸੋਚਿਆ ਹੋਵੇਗਾ।

ਇੰਨੇ 'ਚ ਕੋਈ ਹੋਰ ਬੋਲਿਆ, 'ਇਹ ਫਰੀਡਮ ਮੂਵਮੈਂਟ ਵਾਲਾ ਪੰਜਾਹ ਕੁ ਸਾਲਾਂ ਦਾ ਇਤਿਹਾਸ ਹੀ ਸਹੀ ਮਾਅਨਿਆਂ ਵਿਚ ਆਪਣਾ ਹੋਣਾ ਸੀ, ਆਮ ਆਦਮੀ ਦਾ, ਆਦਮੀ ਜੋ ਕਿ ਆਜ਼ਾਦ ਫਿਜ਼ਾ ਵਿਚ ਸਾਹ ਲੈਣ ਲਈ ਸਹਿਕ ਰਿਹਾ ਸੀ... ਪਰ ਇਥੇ ਵੀ...।'

'ਬਈ ਆਪਣੇ ਇਤਿਹਾਸ ਬਾਰੇ ਜਾਣਕਾਰੀ ਹੈ ਕਿੰਨਿਆਂ ਕੁ ਨੂੰ? ਗੁਪਤਾ ਸਰ ਸਵਾਲ ਕਰਕੇ ਬੱਚਿਆਂ ਵੱਲ ਦੇਖਣ ਲੱਗੇ।

'ਆਪਣੇ ਲੋਕ ਤਾਂ ਸਰ, ਮਿਥਿਹਾਸਕ ਰੰਗਾਂ 'ਚ ਈ ਰਾਜ਼ੀ ਨੇ।' ਛੋਟੂ ਬੋਲਿਆ, 'ਮਿਥਕ ਬਥੇਰੇ, ਫਲਾਣੇ ਰਿਸ਼ੀ ਨੇ ਇੰਝ ਕੀਤਾ, ਫਲਾਣੇ ਨੇ ਉਂਝ ਕੀਤਾ... ਲੰਕਾ, ਅਯੁਧਿਆ, ਸੀਤਾ ਰਸੋਈ ਤੋਂ ਲੈ ਕੇ ਸੇਤੂ ਸਮੁੰਦਰਮ ਤਕ ਸਰਕਾਰ ਤਾਂ ਕੀ ਪੂਰਾ ਦੇਸ਼ ਭੰਬਲਭੂਸੇ 'ਚ ਪਿਆ ਰਹਿੰਦੈ। ਕੱਤੀ ਜਾਓ, ਕਿੰਨਾ ਕੁ ਕੱਤੋਗੇ ਤੇ ਕਿੰਨਾ ਕੁ ਅਟੇਰੋਗੇ।'

ਤੇ ਫੇਰ ਹਾ-ਹਾ...ਹੀ-ਹੀ...ਹੋ-ਹੋ... ਕੋਈ ਕਹਿੰਦਾ ਇਕ ਭਗਵਾਨ ਦੀਆਂ ਸੋਲਾਂ ਸੌ ਰਾਣੀਆਂ, ਕੋਈ ਕਹਿੰਦਾ ਇਕ ਭਗਵਾਨ ਨੇ ਭੇਖ ਵਟਾ ਕੇ ਇਕ ਰਿਸ਼ੀ ਦੀ ਪਤਨੀ ਨਾਲ... ਕੋਈ ਕੁਝ ਤਾਂ ਕੋਈ ਕੁਝ... ਜਿੰਨੇ ਮੂੰਹ ਉਨੇ ਈ ਕਿੱਸੇ...। ਇਤਿਹਾਸ-ਮਿਥਿਹਾਸ ਦੇ ਅਸਲ ਸੰਕਲਪ ਭਾਵੇਂ ਖੂਹ 'ਚ ਡਿੱਗਣ, ਖੱਡ 'ਚੋਂ ਨਿਕਲਣ।

ਮਾਹੌਲ ਦਾ ਵੀ ਕੁਝ ਅਸਰ ਤਾਂ ਪੈਂਦਾ ਈ ਐ। ਕਾਲਿਜ ਦੀ ਪਾਰਕ-ਬਗੀਚੀ ਦਾ ਇਕ ਖੂੰਜਾ। ਇਸ ਰੁੱਖ ਥੱਲੇ ਪਹਿਲਾਂ ਕਲਾਸਾਂ ਲੱਗਿਆ ਕਰਦੀਆਂ ਸਨ। ਹੁਣ ਚੁਫੇਰੇ ਫੁੱਲ ਹੀ ਫੁੱਲ ਹਨ। ਜ਼ਾਹਰ ਹੈ ਅਜਿਹੇ ਮਾਹੌਲ ਵਿਚ ਉਹਨਾਂ ਨੂੰ ਕਿਹੋ ਜਿਹੀਆਂ ਗੱਲਾਂ ਅਹੁੜਨਗੀਆਂ।

'ਅੱਛਾ ਮੇਰਾ ਰੰਗ... ਕਿੰਨਾ ਗੋਰਾ ਹੈ ਨਾ?' ਜਿਵੇਂ ਖੁਦ ਨਾਲ ਹੀ ਬੋਲੀ ਸੀ ਉਹ।

ਫੇਰ ਛੋਟੂ ਦੇ ਹੱਥਾਂ ਨਾਲ ਆਪਣੇ ਹੱਥਾਂ ਦਾ ਰੰਗ ਮੇਚ ਕਰਨ ਲੱਗੀ। ਜਿਵੇਂ ਕਿ ਉਸ ਦਾ ਰੰਗ ਜਜ਼ਬ ਕਰ ਲੈਣਾ ਚਾਹੁੰਦੀ ਹੋਵੇ।

'ਰੰਗਾਂ ਦੀ ਵੀ ਸਿਆਸਤ ਹੁੰਦੀ ਐ।' ਛੋਟੂ ਨੇ ਆਪਣਾ ਸੱਜਾ ਹੱਥ ਉਸ ਦੇ ਹੱਥਾਂ 'ਚੋਂ ਸਰਕਾ ਕੇ ਉਸ ਦੇ ਵਾਲਾਂ 'ਚ ਉਂਗਲਾਂ ਨਾਲ ਕੰਘੀ ਕੀਤੀ, ਖਰਗੋਸ਼ ਦਾ ਕੰਨ ਪਲੋਸਿਆ ਤੇ ਫੇਰ ਉਸਦਾ ਹੱਥ ਹੌਲੀ ਹੌਲੀ ਸਰਕ ਕੇ ਉਸ ਦੀ ਪਿੱਠ 'ਤੇ ਆ ਗਿਆ। ਤੇ ਫੇਰ, 'ਆਪਣਾ ਤਾਂ ਪੱਕਾ ਰੰਗ। ਇਕ ਦਮ ਸਿੱਕੇਬੰਦ।' ਕਹਿੰਦਿਆਂ ਉਸਨੇ ਝੂਠਾ-ਮੂਠਾ ਹੱਸਣ ਦੀ ਕੋਸ਼ਿਸ਼ ਕੀਤੀ।

'ਐਵਰੀਥਿੰਗ ਇਜ਼ ਪੋਲਿਟਿਕਸ।' ਕੁਲਵਿੰਦਰ ਨਾ ਹੱਸੀ, ਨਾ ਮੁਸਕਰਾਈ। ਖਾਲੀਪਨ ਦੇ ਭਾਵ ਉਸਦੇ ਚਿਹਰੇ 'ਤੇ ਉਭਰੇ। ਤੇ ਫੇਰ ਭਾਵਾਂ ਨੂੰ ਸ਼ਬਦ ਇੰਝ ਮਿਲੇ, 'ਕੋਈ ਮੈਨੂੰ ਮੇਰਾ ਇਤਿਹਾਸ...। ਬਦਲੇ 'ਚ ਜੋ ਮੂੰਹੋਂ ਮੰਗੇ...। ਕਾਸ਼! ਕੋਈ ਮਿਥਕ ਹੀ ਹੁੰਦਾ। ਛੋਟੂ, ਆਪਾਂ ਇੰਟਰਨੇਟ ਫਰੋਲੀਏ, ਲਾਈਬਰੇਰੀਆਂ ਛਾਣ ਮਾਰੀਏ...।'

'ਕੀ ਇਤਿਹਾਸ ਵਿਚ ਸਾਰਾ ਕੁਝ ਸੱਚ ਹੁੰਦੈ?'

'ਮੇਰਾ ਦਾਦਾ ਅਕਸਰ ਇਤਿਹਾਸਕ-ਧਾਰਮਿਕ ਪੁਸਤਕਾਂ ਹੀ ਪੜ੍ਹਦਾ ਰਹਿੰਦਾ ਸੀ...। ਜਿਵੇਂ ਕਿ ਉਹਨਾਂ 'ਚੋਂ ਕੁਝ ਲੱਭ ਰਿਹਾ ਹੋਵੇ। ਬਾਬਾ ਸਾਹਿਬ ਤੇ ਗਾਂਧੀ ਜੀ ਦੀ ਲਿਖਤ ਤਾਂ ਬਸ



ਉਹਨਾਂ ਨੂੰ ਕਿਤੋਂ ਵੀ ਮਿਲ ਜਾਵੇ...ਸਾਰੀਆਂ ਕਿਤਾਬਾਂ ਸਾਂਭ ਕੇ ਵੀ ਰੱਖਦਾ ਹੁੰਦਾ।' ਕੁਲਵਿੰਦਰ ਦੱਸ ਰਹੀ ਸੀ, 'ਫੇਰ ਕਿੰਨੀਆਂ ਹੀ ਗੱਲਾਂ ਉਹ ਸਾਨੂੰ ਦੱਸਦਾ। ਕਈ ਵਾਰੀ ਡੈਡੀ ਨੂੰ ਵੀ ਜ਼ਬਰਦਸਤੀ ਕੋਲ ਬੈਠਾ ਲੈਂਦਾ, ਪਰ ਡੈਡੀ ਕੋਲ ਹਮੇਸ਼ਾ ਸਮੇਂ ਦੀ ਘਾਟ ਰਹੀ...ਅੱਜ ਵੀ ਇਹੀ ਹਾਲ ਹੈ। ਪਰ ਉਹ ਕਿਤਾਬਾਂ ਤਾਂ ਸਾਰੀਆਂ ਡੈਡੀ ਨੇ ਵੀ ਸਾਂਭ ਕੇ ਰੱਖੀਆਂ ਹੋਈਆਂ ਨੇ। ਕਈ ਵਾਰੀ ਕਿਤਾਬਾਂ ਵੱਲ ਦੇਖ ਕੇ ਡੈਡੀ ਕਹਿੰਦਾ ਹੁੰਦੈ, ਬੁੱਢਾ ਖੌਰੇ ਕੀ ਭਾਲਦਾ ਹੁੰਦਾ ਸੀ ਇਹਨਾਂ 'ਚੋਂ? ਇਤਿਹਾਸ-ਮਿਥਿਹਾਸ ਨੇ ਵੀ ਭਲਾ ਆਪਣਾ ਕੁਝ ਸੰਵਾਰਿਐ ਕਦੇ? ਬਲਕਿ ਵਿਗਾੜਿਆ ਈ ਐ... ਸਾਜ਼ਿਸ਼ਨ...।'

'ਭਾਵੇਂ ਅਸੀਂ ਆਪਣੇ ਇਤਿਹਾਸ-ਮਿਥਿਹਾਸ 'ਚੋਂ ਵੀ ਕੋਈ ਆਸ ਦੀ ਕਿਰਨ ਲੱਭ ਰਹੇ ਹੁੰਦੇ ਹਾਂ, ਫਿਰ ਵੀ ਅਕਸਰ ਇਸ ਨੂੰ ਅਫਸੋਸ ਤੇ ਮਲਾਲ ਨਾਲ ਈ ਦੇਖਦੇ ਆਂ।' ਛੋਟੂ ਨੇ ਕਿਹਾ ਤਾਂ ਕੁਲਵਿੰਦਰ ਕਹਿੰਦੀ, 'ਅਜਿਹੀ ਸੋਚ ਲਈ ਵੀ ਤਾਂ ਹਾਲਾਤ ਨੇ ਈ ਮਜਬੂਰ ਕੀਤੈ ਸਾਨੂੰ।' ਤੇ ਫੇਰ ਚੁੱਪ ਹੋ ਗਈ।

'ਜੋ ਆਪਣੇ ਵਰਤਮਾਨ ਦਾ ਚੋਰ ਹੈ ਤੇ ਭਵਿੱਖ ਤੋਂ ਡਰਦੈ, ਉਹੀ ਅਤੀਤ ਦੀ ਬਹੁਤੀ ਡੁਗਡੁਗੀ ਵਜਾਉਂਦੈ...ਪਰ ਅਤੀਤ ਵਿਚ ਝਾਕ ਕੇ ਦੇਖੋ, ਜ਼ਿਆਦਾਤਰ ਲੱਜਾ ਅਤੇ ਅਪਰਾਧ-ਬੋਧ ਦਾ ਅਹਿਸਾਸ ਹੀ ਪੈਦਾ ਹੋਵੇਗਾ...ਹੋਰ ਨਹੀਂ ਤਾਂ ਆਪਣੇ ਗਿਰੇਬਾਨ ਵਿਚ ਹੀ ਝਾਕ ਕੇ ਦੇਖ ਲਓ...!' ਪਰ ਉਸਨੇ ਕੋਈ ਪ੍ਰਤੀਕਰਮ ਵਿਅਕਤ ਨਾ ਕੀਤਾ।

ਕੁਝ ਸੋਚਦਿਆਂ ਉਹ ਫੇਰ ਬੋਲੀ, 'ਕਦੇ ਕਦੇ ਮੈਨੂੰ ਲੱਗਦੈ ਆਪਣਾ ਇਤਿਹਾਸ ਨਿਰੋਲ ਰੰਗਾਂ ਦਾ ਇਤਿਹਾਸ ਹੈ, ਕਿਤੇ ਇੰਦਰਧਨੁਸ਼ੀ, ਕਿਤੇ ਸਿਆਹ-ਸਫੈਦ।' ਫੇਰ ਚੁਫੇਰੇ ਚੁੱਪ ਪਸਰ ਗਈ।

ਲੰਮੀ ਖਾਮੋਸ਼ੀ ਤੋਂ ਬਾਅਦ ਕਿਤੇ ਡੂੰਘਿਓਂ ਉਸ ਦੀ ਆਵਾਜ਼ ਆਈ, 'ਛੋਟੂ ਮੈਨੂੰ ਹਮਦਰਦੀ ਨਹੀਂ ਚਾਹੀਦੀ... ਬਸ ਮੋਹ ਭਰਿਆ ਸਾਥ... ਇੰਝ ਵੀ ਕੋਈ ਕੁਝ ਮੰਗਦਾ ਹੁੰਦੈ ਭਲਾ? ਨਿਰੀ ਭੁੱਖੜ ਹਾਂ ਮੈਂ...। ਉਧਰ ਮੇਰੀ ਮਾਂ...। ਇਸ ਪੱਖੋਂ ਤਾਂ ਸਾਡੀ ਆਲੀਸ਼ਾਨ ਕੋਠੀ ਵਿਚ ਨਿਰੀ ਭੁੱਖ-ਨੰਗ...।' ਉਸਦਾ ਗੱਚ ਭਰ ਆਇਆ ਸੀ। ਝੱਟ ਸੰਭਲ ਕੇ ਵਿਸ਼ਾ ਬਦਲਦਿਆਂ ਬੋਲੀ, ' ਲੱਜਾ ਜਾਂ ਅਪਰਾਧ-ਬੋਧ ਕਾਹਦਾ? ਸਾਡਾ ਤਾਂ ਕੋਈ ਮਾਣ ਕਰਨ ਯੋਗ ਇਤਿਹਾਸ ਵੀ ਹੈ ਨ੍ਹੀਂ। ਸਦੀਆਂ ਤੋਂ ਸਾਨੂੰ ਸਾਡੇ ਇਤਿਹਾਸ, ਸਾਡੇ ਸਭਿਆਚਾਰ ਤੋਂ ਵਾਂਝਾ ਰੱਖਿਆ ਗਿਐ... ਸਾਜ਼ਿਸ਼...!' ਕਦੇ ਤੋਲਾ ਕਦੇ ਮਾਸਾ ਹੋਣ ਵਾਲੀ ਅਤੇ ਪਲਾਂ ਵਿਚ ਹੀ ਕਿੱਥੇ ਦੀ ਕਿੱਥੇ ਪਹੁੰਚ ਜਾਣ ਵਾਲੀ ਕੁਲਵਿੰਦਰ ਦਾ ਚਿੱਤ ਅੱਜ ਕੁਝ ਜ਼ਿਆਦਾ ਹੀ ਅਸ਼ਾਂਤ ਸੀ।

'ਗੱਡੇ ਮੁਰਦੇ ਪੁੱਟ ਕੇ ਵੀ ਹੁਣ ਕੀ ਹੋ ਜਾਊ...ਖਾਹਮਖਾਹ ਝੂਰਨਾ...?' ਛੋਟੂ ਰਾਮ ਬੁੜਬੁੜਾਇਆ ਸੀ।

'ਹਹ...ਹ...ਹ...!' ਕੌੜ-ਤੁੰਮੇ ਵਰਗਾ ਹਾਸਾ, ਜਿਵੇਂ ਉਹ ਕਈ ਵਾਰੀ ਹੱਸਦੀ ਹੁੰਦੀ ਐ, ਹੱਸਦਿਆਂ ਕਹਿੰਦੀ, 'ਸਾਡਾ ਤਾਂ ਖੈਰ-ਸਲਾ... ਤੁਸੀਂ ਵੀ 'ਮਾਰਸ਼ਲ ਕੌਮ' ਅਖਵਾ ਕੇ ਚੌੜੇ ਹੁੰਦੇ ਰਹੇ... ਕਦੇ ਸੋਚਿਐ, 'ਲੜਾਕੇ' ਦੀ ਉਪਮਾ ਵੀ ਭਲਾ ਕੋਈ ਵਡਿਆਈ ਵਾਲੀ ਗੱਲ ਐ? ਕਿੱਥੇ ਤਾਂ ਸਿਆਣੇ, ਸੱਭਿਅਕ, ਵਿਦਵਾਨ ਵਰਗੀਆਂ ਉਪਮਾਵਾਂ ਕਿੱਥੇ ਲੜਾਕੇ, ਕੰਮੀ-ਕਮੀਣ, ਅਛੂਤ...!'

'ਉਂਝ ਇਕ ਗੱਲ ਐ।' ਉਹ ਗੰਭੀਰ ਹੁੰਦਿਆਂ ਬੋਲੀ, 'ਹਰ ਕਿਸੇ ਨੂੰ ਦੂਸਰੇ ਦੇ ਅਤੀਤ ਵਿਚ ਏਨੀ ਦਿਲਚਸਪੀ ਕਿਉਂ ਹੁੰਦੀ ਹੈ ਛੋਟੂ?'

ਛੋਟੂ ਰਾਮ ਵੀ ਅਕਸਰ ਅਜਿਹੇ ਪ੍ਰਸ਼ਨਾਂ ਦੇ ਜੰਗਲ ਵਿਚ ਭਟਕਦਾ ਰਹਿੰਦਾ ਹੈ। ਭਾਵੇਂ ਦੇਹ ਦਾ ਵੀ ਆਪਣਾ ਆਕਰਸ਼ਣ ਹੁੰਦਾ ਹੈ, ਪਰ ਉਹਨਾਂ ਦੀ ਸਾਂਝ ਦਾ ਮੁੱਖ ਕਾਰਨ ਇਹ ਪ੍ਰਸ਼ਨਾਂ ਦਾ ਜੰਗਲ ਹੀ ਹੈ। ਰੁੱਖਾਂ ਦੇ ਪੱਤੇ ਹਿਲਦੇ ਦੇਖ ਕੇ ਲੱਗਦਾ ਸੀ ਕਿ ਨਿੰਮ੍ਹੀ- ਨਿੰਮ੍ਹੀ ਹਵਾ ਵਗਣ ਲੱਗ ਪਈ ਹੈ। ਹਵਾ ਨਾਲ ਆਈ ਖੁਸ਼ਬੂ ਤੋਂ ਜ਼ਾਹਰ ਸੀ ਕਿ ਕਿਤੇ ਨੇੜੇ ਹੀ ਗੁਲਾਬ ਖਿੜਿਆ ਹੋਇਆ ਹੈ।

'ਫੁੱਲ, ਪੰਛੀ ਧਰਤੀ 'ਤੇ ਕੁਦਰਤ ਵੱਲੋਂ ਕਿੰਨੀ ਵੱਡੀ ਨਿਹਮਤ ਹਨ। ਇਹ ਧਰਤੀ ਨੂੰ

ਸੁੰਦਰਤਾ ਪ੍ਰਦਾਨ ਕਰਦੇ ਹਨ।,' ਛੋਟੂ ਰਾਮ ਕਹਿ ਰਿਹਾ ਸੀ, 'ਨਹੀਂ ਕਿੰਨੀ ਬਦਸੂਰਤ ਹੋਣੀ ਸੀ ਇਹ ਧਰਤ।'

ਕੁਲਵਿੰਦਰ ਕਹਿੰਦੀ, 'ਕਿਤੇ ਹੁਣ ਫੇਰ ਨਾ ਕਹਿ ਦੇਈਂ ਮੌਸਮ ਬੜਾ ਉਹ ਹੈ।' ਅਤੇ ਉਸਦੇ ਇਝ ਪਲਾਇਨ 'ਤੇ ਠਹਾਕਾ ਮਾਰ ਕੇ ਹੱਸ ਪਈ, 'ਤੇਰਾ ਰੁਮਾਂਸ ਵੀ ਕਰੜੀ ਵੱਤਰ 'ਚ ਬਿਜਾਈ ਵਰਗਾ ਏ।'

ਆਪਣੀ ਇਸ ਤ੍ਰਾਸਦਿਕ ਹਾਲਤ 'ਤੇ ਛੋਟੂ ਰਾਮ ਵੀ, ਜਿਵੇਂ ਕੁਲਵਿੰਦਰ ਕਈ ਵਾਰੀ ਹੱਸਦੀ ਹੁੰਦੀ ਐ, ਕੌੜ-ਤੁੰਮੇ ਵਰਗਾ ਹਾਸਾ ਠਹਾਕਾ ਮਾਰ ਕੇ ਹੱਸਿਆ। ਕਈ ਵਾਰੀ ਖੁਦ 'ਤੇ ਹੱਸਣਾ ਵੀ ਕਿੰਨਾ ਸਕੂਨ ਦਿੰਦਾ ਹੈ। ਪੰਛੀਆਂ ਨੇ ਉਹਨਾਂ ਵੱਲ ਦੇਖਿਆ। ਹਵਾ ਨੇ ਜ਼ਰਾ ਰੁੱਖ ਬਦਲ ਲਿਆ ਸੀ। ਹੁਣ ਕਿਸੇ ਹੋਰ ਕਿਸਮ ਦੇ ਫੁੱਲਾਂ ਦੀ ਖੁਸ਼ਬੂ ਹਵਾ ਵਿਚ ਘੁਲ ਕੇ ਆਉਣ ਲੱਗੀ।

'ਫੇਟਲ ਬਿਉਟੀ!' ਉਸਦੇ ਬੁੱਲਾਂ ਚੋਂ ਤਿਲਕਦੇ ਸ਼ਬਦ ਸ਼ਾਇਦ ਕੁਲਵਿੰਦਰ ਦੇ ਕੰਨੀਂ ਨਹੀਂ ਸੀ ਪਏ।

ਮੌਸਮ ਖੁਸ਼ਗਵਾਰ ਸੀ। ਪਰ ਮੌਸਮ ਦੀ ਗੱਲ ਹੁਣ ਛੋਟੂ ਰਾਮ ਨੇ ਕਰਨੀ ਘੱਟ ਕਰ ਦਿੱਤੀ ਸੀ। ਫੁੱਲਾਂ, ਪੰਛੀਆਂ ਦਾ ਸਾਥ ਵੀ ਹੁਣ ਘਟ ਗਿਆ ਸੀ ਤੇ ਟਿਕਾਣਾ ਬਦਲ ਗਿਆ ਸੀ। 'ਸੋਹਣੀ ਔਰਤ ਦਾ ਸਾਰਾ ਇਤਿਹਾਸ ਪਿਆਰ ਦਾ ਇਤਿਹਾਸ ਹੁੰਦਾ ਹੈ...।' ਪਹਿਲੀ ਵਾਰੀ ਡੀਲਕਸ ਵਿਚ ਉਸਨੇ ਇਹ ਵਾਕ ਕੁਲਵਿੰਦਰ ਦੇ ਕੰਨ ਵਿਚ ਕਿਹਾ ਸੀ।

ਸਮਾਂ ਬੀਤਦਾ ਜਾ ਰਿਹਾ ਸੀ। ਗੁਪਤਾ ਸਰ ਇਕ ਦਿਨ ਕਹਿੰਦੇ, 'ਕੇਂਦਰ ਸਰਕਾਰ ਮਾਈਨੋਰਟੀ ਵਿਚ ਆ ਚੁੱਕੀ ਹੈ। ਦੇਖੋਂ ਕੀ ਬਣਦੈ। ਇਤਿਹਾਸ ਦੀਆਂ ਤੇ ਹੋਰ ਪਾਠ ਪੁਸਤਕਾਂ ਦੀ ਸਮੀਖਿਆ ਦਾ ਜੋ ਕੰਮ ਚੱਲ ਰਿਹਾ ਸੀ, ਲੰਮਾ ਖਿੱਚ ਸਕਦੈ। ਛੱਤੀ ਖਸਮ ਨੇ, ਕੋਈ ਨਾ ਕੋਈ ਝਗੜਾ ਪਿਆ ਈ ਰਹਿੰਦੈ। ਚੱਲ ਥੋਨੂੰ ਕੀ ਐ, ਐਸ਼ ਕਰੋ।' ਗੁਪਤਾ ਸਰ ਵੀ ਦਰਅਸਲ ਇਕ ਬੇਚੈਨ ਰੂਹ ਹੈ। ਇਤਿਹਾਸ ਦੇ ਖੰਡਹਰਾਂ ਵਿਚ ਭਟਕਦੀ ਹੋਈ। ਇਹ ਬੇਚੈਨੀ ਉਹਨਾਂ ਦੇ ਵਾਰਤਾਲਾਪ ਵਿਚੋਂ ਸਾਫ ਝਲਕਦੀ ਹੈ। ਬਲਕਿ ਚਿਹਰੇ ਤੋਂ ਵੀ ਪੜ੍ਹੀ ਜਾ ਸਕਦੀ ਹੈ। ਤਾਂਈਓਂ ਤਾਂ 'ਐਸ਼ ਕਰੋ' ਕਹਿੰਦਿਆਂ ਲੱਗਿਆ ਜਿਵੇਂ ਕਹਿ ਰਹੇ ਹੋਣ, ਰੁਦਨ ਕਰੋ।

ਉਹਨਾਂ ਨੇ ਰੁਦਨ ਕਰਨਾ, ਮਤਲਬ ਕਹਿਣਾ ਜਾਰੀ ਰੱਖਿਆ, 'ਆਜ਼ਾਦੀ ਤੋਂ ਬਾਅਦ ਵੀ ਇਕ ਖ਼ਾਸ ਵਿਚਾਰਧਾਰਾ ਵਾਲੇ ਲੋਕਾਂ ਦੀ ਨਜ਼ਰ ਸਿੱਖਿਅਕ ਅਦਾਰਿਆਂ 'ਤੇ ਰਹਿੰਦੀ ਆਈ ਹੈ। ਖ਼ਾਸ ਤੌਰ 'ਤੇ ਇਤਿਹਾਸ 'ਤੇ। ਭਾਰਤੀ ਇਤਿਹਾਸ ਅਨੁਸੰਧਾਨ ਪਰੀਸ਼ਦ ਇਸ ਪੱਖੋਂ ਮਹੱਤਵਪੂਰਨ ਸੰਸਥਾ ਹੈ...।' ਅਤੇ ਕਿੰਨਾ ਕੁਝ ਇਸੇ ਤਰ੍ਹਾਂ ਬੋਲਦੇ ਰਹੇ।

ਇਤਿਹਾਸ ਦੀ ਨਿਰਧਾਰਤ ਪੁਸਤਕ ਦੀ ਅਣਹੋਂਦ ਵਿਚ ਅਕਸਰ ਉਹ ਇਸੇ ਤਰ੍ਹਾਂ ਇਤਿਹਾਸ ਦੇ ਵੱਖ-ਵੱਖ ਪਹਿਲੂਆਂ ਬਾਰੇ ਗੱਲਾਂ ਕਰਦੇ ਰਹਿੰਦੇ। ਉਹ ਖ਼ਾਸ ਘਟਨਾਵਾਂ ਜਿਨ੍ਹਾਂ ਦਾ ਇਤਿਹਾਸ ਵਿਚ ਮਹੱਤਵਪੂਰਨ ਸਥਾਨ ਹੈ।

'ਡੀਲਕਸ ਹੋਟਲ ਦਾ ਅੱਜਕਲ੍ਹ ਉਹਨਾਂ ਦੀ ਜ਼ਿੰਦਗੀ ਵਿਚ ਮਹੱਤਵਪੂਰਨ ਸਥਾਨ ਹੈ।' ਛੋਟੂ ਰਾਮ ਸੋਚ ਰਿਹਾ ਸੀ। ਕੀ ਬੇਤੁਕਾ ਸੋਚਣਾ ਵੀ ਕਈ ਵਾਰੀ ਮਨ ਨੂੰ ਤਸੱਲੀ ਦਿੰਦਾ ਹੈ?

'ਸ਼ਾਇਦ ਆਪਾਂ ਪੁੱਠੇ ਰਾਹ ਪੈ ਗਏ ਹਾਂ, ਕੁਲਵਿੰਦਰ, ਰਸਤਾ ਭਟਕ ਗਏ ਹਾਂ।' ਬੜੇ ਹੀ ਗੰਭੀਰ ਅਤੇ ਭਾਵਪੂਰਤ ਦ੍ਰਿਸ਼ ਦਾ ਨਿਰਮਾਣ ਹੋ ਚੁੱਕਾ ਸੀ।

'ਮੈਂ ਵੀ ਪਤਾ ਨਹੀਂ ਕਿਉਂ ਇਥੇ ਆਉਣ ਸਾਰ ਸਿਰਫ ਦੇਹ ਹੋ ਜਾਂਦੀ ਹਾਂ... ਹਾਏ ਮੇਰੀ ਪਵਿੱਤਰਤਾ? ਮੇਰਾ ਇਤਿਹਾਸ, ਜੇ ਕੋਈ ਹੈ, ਤਾਂ ਅੱਜ ਮੈਨੂੰ ਮਾਫ ਨਹੀਂ ਕਰੇਗਾ।' ਦੋਨਾਂ ਦੇ ਠਹਾਕੇ ਨਾਲ ਨਕਲੀ ਗੰਭੀਰਤਾ ਦਾ ਗੁੱਬਾਰਾ ਪਾਟ ਗਿਆ। ਪਰ ਕੋਈ ਖੁਦ ਨੂੰ ਆਖਰ ਕਿੰਨੀ ਕੁ ਦੇਰ ਤਕ ਧੋਖੇ 'ਚ ਰਖ ਸਕਦੈ?

ਫੇਰ ਸੱਚੀਓਂ ਗੰਭੀਰ ਹੁੰਦਿਆਂ ਛੋਟੂ ਕਹਿੰਦਾ, 'ਅਸੀਂ ਖੌਰੇ ਕਿਹੋ ਜਿਹੀ ਤ੍ਰਾਸਦੀ 'ਚੋ ਗੁਜ਼ਰ ਰਹੇ



ਹਾਂ? ਨਾ ਕੋਈ ਰਸਤਾ, ਨਾ ਮੰਜ਼ਿਲ... ਕਿਤੇ ਸਾਡੀ ਪੀੜ੍ਹੀ ਕਿਸੇ ਸਾਜ਼ਿਸ਼ ਦੀ ਸ਼ਿਕਾਰ ਤਾਂ...?'

'ਗਵਾਂਢੀ ਮੁਲਕ ਦੀ?' ਉਹ ਫੇਰ ਜਾਅਲੀ ਜਿਹਾ ਠਹਾਕਾ ਮਾਰ ਦੇ ਹੱਸੀ, 'ਮਜ਼ਾਕ ਵੀ ਨਹੀਂ ਕਰ ਸਕਦੀ?'

'ਦਰਅਸਲ ਅਸੀਂ ਬੰਦਿਸ਼ਾਂ ਹੇਠ ਰਹਿਣ ਦੇ ਆਦੀ ਹੋ ਚੁੱਕੇ ਹਾਂ, ਛੋਟੂ। ਜ਼ਰਾ ਖੁੱਲ੍ਹ ਮਿਲੀ ਨਹੀਂ ਕਿ... ਜਦਕਿ ਮਹੱਤਵਪੂਰਨ ਇਹ ਹੈ ਕਿ...।'

'ਕਿਸੇ ਵੀ ਦੇਸ਼, ਸਮਾਜ ਲਈ ਇਤਿਹਾਸ ਬਹੁਤ ਮਹੱਤਵਪੂਰਨ ਹੈ। ਇਤਿਹਾਸ ਸ਼ਕਤੀ ਦਾ ਗਹਿਰਾ ਤੇ ਮੁਕੰਮਲ ਅਧਿਐਨ ਹੁੰਦਾ ਹੈ... ਕਿ ਕਿਵੇਂ ਇਹ ਹਾਸਲ ਹੋਈ... ਉਸ ਸਮੇਂ ਦੇ ਸਮਾਜ 'ਤੇ ਇਸ ਦਾ ਕੀ ਪ੍ਰਭਾਅ ਪਿਆ... ਹੁਣ ਅਸੀਂ ਇਸ ਤੋਂ ਕੀ ਮਾਰਗ ਦਰਸ਼ਨ ਲੈ ਸਕਦੇ ਹਾਂ।' ਸੂਈ-ਡਿੱਗ ਖਾਮੋਸ਼ੀ ਦੇ ਆਲਮ ਵਿਚ ਗੁਪਤਾ ਸਰ ਬਿਨਾਂ ਬ੍ਰੇਕ ਬੋਲ ਰਹੇ ਸਨ, 'ਉਨੀਵੀਂ ਸਦੀ ਵਿਚ, ਜਿਵੇਂ ਕੁਲਵਿੰਦਰ ਕਹਿ ਰਹੀ ਸੀ, ਅੰਗਰੇਜ਼ ਝੂਠਾ ਤੇ ਭਰਮ ਪੈਦਾ ਕਰਨ ਵਾਲਾ ਇਤਿਹਾਸ ਠੇਕੇ 'ਤੇ ਲਿਖਵਾ ਕੇ ਸਾਡੇ 'ਤੇ ਮੜ੍ਹਦੇ ਰਹੇ। ਅਸੀਂ ਸਵੀਕਾਰ ਕਰਦੇ ਰਹੇ। ਮਜਬੂਰੀ ਸੀ, ਗੁਲਾਮ ਦੇਸ਼ ਦੇ ਸ਼ਹਿਰੀ ਹੋਰ ਕਰ ਵੀ ਕੀ ਸਕਦੇ ਸੀ। ਹੁਣ ਵੀ ਹਰ ਰਾਜਨੀਤਕ ਪਾਰਟੀ ਇਤਿਹਾਸ ਨੂੰ ਆਪਣੀ ਪਸੰਦ ਦੇ ਰੰਗ ਵਿਚ ਰੰਗਣ ਲਈ ਕੂਚੀ ਚੁੱਕੀ ਫਿਰਦੀ ਹੈ। ਹੁਣ ਤੁਸੀਂ ਇਸ ਨੂੰ ਕੀ ਕਹੋਂਗੇ ਜਦ ਕੋਈ ਇਤਿਹਾਸ ਦੀਆਂ ਪਾਠ-ਪੁਸਤਕਾਂ ਵਿਚ ਰਾਮਾਇਣ ਅਤੇ ਮਹਾਭਾਰਤ ਦੀ ਇਤਿਹਾਸਕਤਾ ਉਪਰ ਜ਼ੋਰ ਦੇਣ ਲਈ ਕਹਿੰਦੈ? ਉਦੋਂ ਤਾਂ ਹੱਦ ਈ ਹੋ ਜਾਂਦੀ ਐ ਜਦ ਜੋਤਿਸ਼ ਨੂੰ ਸਿਲੇਬਸ ਦਾ ਹਿੱਸਾ ਬਣਾਉਣ ਦੀ ਵਕਾਲਤ ਕੀਤੀ ਜਾਂਦੀ ਐ।'

ਜ਼ੋਰ ਜਾਂ ਸਾਮ, ਦਾਮ, ਦੰਡ, ਕਿਸੇ ਵੀ ਤਰ੍ਹਾਂ... ਕੁਝ ਲੋਕ ਹਨ ਕਿ ਉਹ ਜੋ ਵੀ ਚਾਹੁਣ ਕਰਵਾ ਲੈਂਦੇ ਹਨ... ਏਨਸੀਈਆਰਟੀ, ਲਾਈਟਾਂ, ਚਾਕੂ-ਛੁਰੀਆਂ, ਇਤਿਹਾਸ ਨੂੰ ਆਪ੍ਰੇਸ਼ਨ ਟੇਬਲ 'ਤੇ ਲਿਟਾਇਆ ਹੋਇਐ... ਚੀਰ-ਫਾੜ ਚਲ ਰਹੀ ਹੈ... ਦੋ-ਤਿੰਨ ਕਾਮਰੇਡ ਦਿਮਾਗ਼ ਨੂੰ ਚਿੰਬੜੇ ਹੋਏ ਨੇ, ਉਹਨਾਂ ਨੂੰ ਪਤੈ ਸਭ ਤੋਂ ਮਹੱਤਵਪੂਰਨ ਹਿੱਸਾ ਕਿਹੜੈ... ਕਾਂਗਰਸੀਆਂ ਨੇ ਦਿਲ ਨੂੰ ਚੀਰਾ ਲਾ ਰੱਖਿਐ, ਉਹਨਾਂ ਨੂੰ ਪਤੈ ਕਿਹੋ ਜਿਹੇ ਦਿਲਕਸ਼ ਨਾਅਰੇ ਇਥੇ ਅਸਰ ਕਰਨਗੇ... ਬਾਕੀ ਅੰਗਾਂ ਨੂੰ ਹੋਰ ਨਿੱਕੇ-ਮੋਟੇ ਦਲ ਆਪੋ-ਆਪਣੀ ਮਨਭਾਉਂਦੀ ਸ਼ਕਲ ਦੇਣ 'ਚ ਰੁੱਝੇ ਨੇ...। ਛੋਟੂ ਰਾਮ ਨੂੰ ਬੜਾ ਅਜੀਬ ਜਿਹਾ ਖ਼ਿਆਲ ਆਇਆ। ਵਿਚਾਰਾ ਇਤਿਹਾਸ ਉਸਨੂੰ ਹੋਰ ਵੀ ਵਿਚਾਰਾ ਲੱਗਿਆ।

'ਪਾਠ ਪੁਸਤਕਾਂ ਵਿਚ ਇਤਿਹਾਸ ਨੂੰ ਕਿੰਨੇ ਸਸਤੇ ਵਿਚ ਹੀ ਨਿਬੇੜ ਦਿੱਤਾ ਜਾਂਦੈ। ਮੇਰਾ ਖ਼ਿਆਲ ਐ... ਚਲ ਛੱਡ, ਕੋਈ ਹੋਰ ਗੱਲ ਕਰ।' ਕੁਲਵਿੰਦਰ ਦੀਆਂ ਅੱਖਾਂ ਤੋਂ ਲੱਗਦਾ ਸੀ, ਰਾਤੀਂ ਉਹ ਸੁੱਤੀ ਨਹੀਂ। ਕੁਝ ਥੱਕੀ ਹੋਈ ਵੀ ਨਜ਼ਰ ਆ ਰਹੀ ਸੀ।

ਕੁਝ ਦੇਰ ਬਾਅਦ ਆਪਣੀ ਹੀ ਸਿਰਜੀ ਹੋਈ ਖ਼ਾਮੋਸ਼ੀ ਨੂੰ ਭੰਗ ਕਰਦਿਆਂ ਉਹ ਬੋਲੀ, 'ਮੇਰਾ ਬਾਪ ਜਦ ਚੰਡੀਗੜ੍ਹੋਂ ਲੇਟ ਰਾਤ ਨੂੰ ਘਰ ਪਹੁੰਚਦੈ, ਦਾਰੂ ਪੀਤੀ ਹੋਈ, ਰੱਜ ਕੇ... ਇਕੋ ਈ ਗੱਲ... ਆਪਣੀ ਕੁਲਵਿੰਦਰ.. ਨਾ ਸ਼ਕਲ, ਨਾ ਰੰਗ, ਆਪਣੇ ਦੋਹਾਂ 'ਚੋਂ ਕਿਸੇ ਦਾ ਵੀ ਨ੍ਹੀਂ...? ਮਾਂ ਅੰਦਰੇ-ਅੰਦਰ ਰੋਣ ਲੱਗ ਪੈਂਦੀ ਹੈ...।' ਕੁਲਵਿੰਦਰ ਦੀਆਂ ਅੱਖਾਂ ਵਿਚ ਨਮੀ ਸੀ। ਹਰ ਨਿੱਕਾ ਜਿਹਾ ਪ੍ਰਭਾਵ ਵੀ ਉਸ ਦੇ ਚਿਹਰੇ ਤੋਂ ਪੜ੍ਹਿਆ ਜਾ ਸਕਦੈ।

'ਦਰਅਸਲ ਮਨੋਵਿਗਿਆਨ ਕਹਿੰਦੈ...।'

'ਕਾਸ਼! ਮੈਂ ਸਾਂਵਲੀ ਹੁੰਦੀ... ਹੋਰ ਵੀ ਸੋਹਣੀ ਦਿਸਣਾ ਸੀ ਨਾ... ਪਰ ਇਹ ਚਿੱਟਾ ਰੰਗ...ਨੋ...ਨੋ...!'

'ਦਰਅਸਲ ਮਨੋਵਿਗਿਆਨ ਕਹਿੰਦੈ, ਜੋ ਇਕ ਦੂਸਰੇ ਪ੍ਰਤੀ ਮਨੋ ਆਕਰਸ਼ਤ ਨਾ ਹੋਣ ਉਹਨਾਂ ਦੇ ਮੇਲ ਤੋਂ ਪੈਦਾ ਹੋਈ ਸੰਤਾਨ..।'

ਕੁਲਵਿੰਦਰ ਫੇਰ ਵਿਚਾਲੇ ਬੋਲ ਪਈ, 'ਇਕ ਗੁੱਝੇ ਭੇਤ ਵਾਲੀ ਗੱਲ ਹੋਰ ਦੱਸਾਂ? ਮੇਰੀ ਦਾਦੀ

ਵੱਲੋਂ ਮੇਰਾ ਪਿਆਰ ਨਾਲ ਰੱਖਿਆ ਨਾਂ 'ਭੂੰਡੀਂ ਮੇਰਾ ਬਾਪ ਕਦੇ ਕਿਸੇ ਨੂੰ ਨ੍ਹੀਂ ਲੈਣ ਦਿੰਦਾ।'

'ਬਾਪ ਕਿ ਡੈਡੀ?'

'ਜਦ ਦਾਰੂ ਪੀਤੀ ਹੋਵੇ, ਉਹ ਬਾਪ ਹੁੰਦੈ... ਤੂੰ ਇਕ ਵਾਰੀ ਮੈਨੂੰ 'ਭੂੰਡੀ' ਕਹਿ ਕੇ ਤਾਂ ਬੁਲਾ ਛੋਟੂ?' ਉਸਦੇ ਧੁਰ ਅੰਦਰੋਂ ਇਕ ਤਰਲਾ ਜਿਹਾ ਨਿਕਲਿਆ। ਅੱਜ ਜਿਵੇਂ ਉਹ ਕੁਝ ਵੀ ਸੁਣਨ ਦੇ ਮੂਡ ਵਿਚ ਨਹੀਂ ਸੀ। ਜਿਵੇਂ ਕਈ ਵਾਰੀ ਕਹਿੰਦੀ ਹੁੰਦੀ ਐ, ਨੋ ਫਿਲੌਸਫੀ।

'ਵ੍ਹਾਟ ਫੂਲਿਸ਼ ਭੂੰਡੀ, ਮੇਰਾ ਮਤਲਬ ਕੁਲ... ਨਾਂ 'ਚ ਕੀ ਪਿਐ? ਮੇਰਾ ਹੀ ਲਾ ਲੈ, ਮੈਂ ਜਿੰਨਾ ਮਰਜ਼ੀ ਵੱਡਾ ਹੋ ਜਾਵਾਂ, ਨਾਮ ਤਾਂ ਇਹੀ ਰਹੇਗਾ ਨਾ... ਐਂਡ ਆਈ ਲਵ ਇਟ।'

'ਆਰਥਿਕ ਬਰਾਬਰੀ ਸਮਾਜਕ ਬਰਾਬਰੀ ਨਹੀਂ ਦਿਵਾ ਸਕਦੀ, ਸਰ ਠੀਕ ਕਹਿ ਰਹੇ ਸੀ ਛੋਟੂ।' ਉਸਨੇ ਲੰਮਾ ਹਉਕਾ ਲਿਆ, 'ਇਤਿਹਾਸ ਦੀ ਸਹੀ ਜਾਣਕਾਰੀ ਦੇ ਆਧਾਰ 'ਤੇ ਹੀ ਅਸੀਂ ਆਪਣੀ ਵਰਤਮਾਨ ਸਥਿਤੀ ਦਾ ਅਧਿਐਨ ਕਰ ਸਕਦੇ ਹਾਂ। ਪਰ ਜਿਨ੍ਹਾਂ ਨੂੰ ਆਪਣੇ ਵਿਰਸੇ, ਆਪਣੇ ਅਤੀਤ ਤੋਂ ਸਦੀਆਂ ਤੋਂ ਵਾਂਝਾ ਰਖਿਆ ਗਿਆ ਹੋਵੇ...?'

'ਪਰ ਆਪਾਂ ਤਾਂ ਆਪਣੇ ਇਤਿਹਾਸ ਨੂੰ ਕਦੇ ਗੁੱਲੀ ਡੰਡੇ ਦੀ ਖੇਡ ਤੋਂ ਵੱਧ ਸਮਝਿਆ ਹੀ ਨਹੀਂ।' ਛੋਟੂ ਰਾਮ ਕੀ ਕਹਿ ਰਿਹਾ ਸੀ, ਉਸਨੇ ਸ਼ਾਇਦ ਨਹੀਂ ਸੀ ਸੁਣਿਆ। ਉਹ ਤਾਂ ਕਿਤੇ ਇਤਿਹਾਸ ਵਿਚ ਗੁਆਚ ਗਈ ਸੀ।

ਗੁਆਚੀ ਹੋਈ ਕਈ ਦਿਨਾਂ ਬਾਅਦ ਮਿਲੀ ਤਾਂ ਬੋਲੀ, 'ਜੋ ਵਿਅਕਤੀ ਆਪਣੇ ਬਣਾਏ ਹੋਏ ਪੂਰਵਾਗ੍ਰਹਿ ਨਾਲ ਗ੍ਰੱਸੇ ਅਤੀਤ ਦੇ ਚਸ਼ਮੇ 'ਚੋਂ ਦੇਖਦਾ ਹੈ ਉਹ ਵਰਤਮਾਨ ਨੂੰ ਸਹੀ ਢੰਗ ਨਾਲ ਨਹੀਂ ਦੇਖ ਸਕਦਾ ਅਤੇ ਆਪਣਾ ਭੱਵਿਖ ਖਰਾਬ ਕਰ ਲੈਂਦਾ ਹੈ।' ਅਜਿਹੀਆਂ ਕੋਟੇਸ਼ਨਾਂ ਅਕਸਰ ਉਹ ਲੱਭ ਕੇ ਲਿਆਉਂਦੀ ਰਹਿੰਦੀ ਹੈ। ਜਿੰਨ੍ਹਾਂ ਦਾ ਕਈ ਵਾਰੀ ਉਸਦੇ ਨਜ਼ਰੀਏ ਨਾਲ ਕੋਈ ਸਿੱਧਾ ਸਰੋਕਾਰ ਨਹੀਂ ਵੀ ਹੁੰਦਾ। ਫੇਰ ਕਹਿੰਦੀ, 'ਸਾਮਰਾਜਵਾਦੀ ਤਾਕਤਾਂ ਵੱਲੋਂ ਜ਼ਰਖਰੀਦ ਲੋਕਾਂ ਕੋਲੋਂ ਲਿਖਵਾਏ ਹੋਏ ਝੂਠੇ ਇਤਿਹਾਸ ਤੋਂ ਦਿਸ਼ਾ ਨਿਰਦੇਸ਼ ਲੈ ਕੇ ਨਾ ਅਸੀਂ ਆਪਣੇ ਵਰਤਮਾਨ ਨੂੰ ਸਮਝ ਸਕਦੇ ਹਾਂ ਅਤੇ ਨਾ ਹੀ ਭੱਵਿਖ ਸੰਵਾਰ ਸਕਦੇ ਹਾਂ।' ਉਸਦੇ ਧੁਰ ਅੰਦਰ ਜਿਵੇਂ ਲਹੂ ਸਿੰਮ ਰਿਹਾ ਸੀ।

'ਤੈਨੂੰ ਹੋ ਕੀ ਗਿਐ ਅੱਜਕਲ੍ਹ?' ਅਜਿਹੀ ਤਤ-ਫੱਟ ਪ੍ਰਤਿਕਿਰਿਆ ਵੀ ਉਸਦੀ ਜ਼ੁਬਾਨ 'ਤੇ ਆਉਂਦੀ-ਆਉਂਦੀ ਰਹਿ ਗਈ। ਭਵਿੱਖ ਪ੍ਰਤੀ ਤਾਂ ਉਹ ਵੀ ਚਿੰਤਤ ਸੀ ਨਾ।

ਭੱਵਿਖ ਭਾਵੇਂ ਜੋ ਵੀ ਹੋਵੇ ਪਰ ਅਤੀਤ ਜਾਂ ਇਤਿਹਾਸ ਪ੍ਰਤੀ ਉਹਨਾਂ ਦਾ ਨਜ਼ਰੀਆ ਬਦਲ ਚੁੱਕਾ ਸੀ।

ਕੌੜ-ਤੁੰਮੇ ਵਰਗਾ ਹਾਸਾ ਨਹੀਂ ਬਲਕਿ ਕੌੜ-ਤੁੰਮੇ ਦੇ ਬੀਜਾਂ ਵਰਗੇ ਸ਼ਬਦ ਉਸਦੇ ਮੂੰਹੋਂ ਕਿਰ ਰਹੇ ਸਨ। ਕਈ ਦਿਨਾਂ ਬਾਅਦ ਆਪਣੇ ਪਸੰਦੀਦਾ ਦਰਖਤ ਥੱਲੇ ਬੈਠਦਿਆਂ ਬੋਲੀ, 'ਛੋਟੂ ਰਾਮ ਨੂੰ ਇਹ ਜਾਣ ਕੇ ਪਤਾ ਨਹੀਂ ਖੁਸ਼ੀ ਹੋਵੇਗੀ ਜਾਂ ਗ਼ਮ ਕਿ ਭੂੰਡੀ ਦੇ ਬਾਪ ਦੀ ਜਾਇਦਾਦ ਕਈ ਕਰੋੜ ਤੋਂ ਉਪਰ ਪਹੁੰਚ ਗਈ ਹੈ। ਇਹ ਸੰਭਵ ਹੋਇਐ ਸਰਕਾਰ ਵੱਲੋਂ ਕੱਢੀਆਂ ਨਵੀਂਆਂ ਨੌਕਰੀਆਂ ਅਤੇ ਰੀਅਲ ਇਸਟੇਟ ਵਿਚ ਆਏ ਤਾਜ਼ੇ ਉਛਾਲ ਕਾਰਨ। ਸਰਸੇ, ਪੰਚਕੂਲੇ ਅਤੇ ਜ਼ੀਰਕਪੁਰ ਵਿਚ ਅੱਜਕਲ੍ਹ ਪਲਾਟਾਂ ਦੇ ਰੇਟ ਅੰਬਰ ਛੂਹ ਰਹੇ ਹਨ... ਟਨਟਣਾ...! ਚਮੜਾ ਵੀ ਅੱਜਕਲ੍ਹ ਸੋਨਾ ਬਣ ਗਿਐ ਕਿਉਂਕਿ ਜਿਸਦੀ ਸਾਰਾ ਦਿਨ ਟੀਵੀ ਚੈਨਲਾਂ 'ਤੇ ਐਡ ਚੱਲੇ ਤਾਂ ਉਹ ਲੈਦਰ ਹੀ ਹੋਵੇਗਾ... ਟਨਟਣਾ...!

....ਤੇ ਇਹ ਜਾਣ ਕੇ ਦੁੱਖ ਪਤਾ ਨਹੀਂ ਹੋਵੇਗਾ ਕਿ ਨਹੀਂ ਕਿ ਛੋਟੂ ਰਾਮ ਅਤੇ ਭੂੰਡੀ ਦਾ ਵਿਆਹ ਕਿਸੇ ਹੀਲੇ ਨਹੀਂ ਹੋ ਸਕਦਾ। ਦੋਹਾਂ ਦੇ ਮਾਪਿਆਂ ਦੇ ਨਾ ਮੰਨਣ ਦੇ ਆਪੋ-ਆਪਣੇ ਕਾਰਨ ਹਨ। ਜੇ ਘਰੋਂ ਭੱਜ ਕੇ ਕਰਵਾਇਆ ਤਾਂ ਖਾਪ, ਮਤਲਬ ਜਾਤੀ ਪੰਚਾਇਤ ਫਤਵਾ ਜਾਰੀ ਕਰਕੇ ਪਿੰਡੋਂ ਬਾਹਰ, ਹੁੱਕਾ-ਪਾਣੀ ਬੰਦ, ਸਜ਼ਾ-ਏ-ਮੌਤ ਜਾਂ ਭੈਣ-ਭਰਾ ਵਾਂਗ ਰਹਿਣ ਦਾ ਹੁਕਮ ਵੀ ਦੇ ਸਕਦੀ ਹੈ।' ਕਹਿੰਦਿਆਂ ਕੁਲ... ਮਤਲਬ ਭੂੰਡੀ ਕੌੜ-ਤੁੰਮੇ ਵਰਗਾ ਹਾਸਾ ਹੱਸੀ।



'ਆਹ ਕੁਝ ਤਾਂ ਰੋਹਤਕ, ਜੀਂਦ ਵੱਲ ਹੀ ਹੁੰਦੈ, ਆਪਣੇ ਸਰਸੇ, ਮਾਨਸੇ ਵੱਲ ਅਜਿਹੀ ਕੋਈ ਪੰਚਾਇਤ ਨਹੀਂ ਜੁੜਦੀ। ਇਕ ਭੇਤ ਵਾਲੀ ਗੱਲ ਦੱਸਾਂ? ਜੱਟਾਂ ਦੇ ਅੱਧੇ ਮੁੰਡੇ ਤਾਂ ਅੱਜਕਲ੍ਹ ਕੰਨਿਆ ਭਰੂਣ ਹੱਤਿਆ ਕਰਕੇ ਕੁੰਵਾਰੇ ਫਿਰਦੇ ਨੇ।' ਛੋਟੂ ਰਾਮ ਦੇ ਚਿਹਰੇ 'ਤੇ ਦਰਦ-ਭਿੰਨੇ ਲਾਹਨਤ ਜਿਹੀ ਦੇ ਭਾਵ ਉਭਰੇ। ਕੁਝ ਸੋਚਦਿਆਂ ਉਹ ਬੋਲਿਆ, 'ਹਾਂ, ਘਰ ਜਵਾਈ ਰੱਖਣ ਬਾਰੇ ਗੱਲ ਹੋ ਸਕਦੀ ਐ, ਕਹੀਂ, ਡੈਡੀ ਤੁਹਾਨੂੰ ਮੁੰਡੇ ਦਾ ਰੰਗ ਬਹੁਤ ਪਸੰਦ ਆਊ ..। ਜਦ ਗੱਲ ਹੀ ਸਾਰੀ ਰੰਗਾਂ ਦੀ ਐ...।'

ਦੁਨੀਆ ਰੰਗ ਬਿਰੰਗੀ ਤਾਂ ਸਿਰਫ ਕਹਿਣ ਨੂੰ ਹੀ ਹੈ, ਦਰਅਸਲ ਇਸ ਦੇ ਕੋਝੇ ਪੱਖ ਤੋਂ ਤਾਂ ਅਸੀਂ ਜਾਣ ਬੁੱਝ ਕੇ ਮੂੰਹ ਫੇਰ ਕੇ ਭਰਮ ਸਿਰਜਣ ਦੀ ਕੋਸ਼ਿਸ਼ 'ਚ ਰਹਿੰਦੇ ਹਾਂ। ਖੈਰ, ਕੋਈ ਨਾ ਕੋਈ ਰਸਤਾ ਤਾਂ ਕੱਢਣਾ ਹੀ ਪੈਂਦਾ ਹੈ। ਇਤਿਹਾਸ ਦੀ ਨਵੀਂ ਪੁਸਤਕ ਬਾਰੇ ਅਫਵਾਹ ਸੀ ਕਿ ਸਰਕਾਰ ਨੇ ਕੋਈ ਰਸਤਾ ਕੱਢ ਲਿਆ ਹੈ। ਸੋ ਅੱਜ ਕਈ ਦਿਨਾਂ ਬਾਅਦ ਹਿਸਟਰੀ ਦੀ ਕਲਾਸ ਲੱਗੀ। ਸਰ ਨੇ ਨਵੀਂ ਆਉਣ ਵਾਲੀ ਕਿਤਾਬ ਖਰੀਦਣ ਬਾਰੇ ਦੱਸਿਆ। ਹੈਰਾਨੀ ਦੀ ਗੱਲ ਸੀ ਕਿ ਡਾਵਾਂਡੋਲ ਜਿਹੀ ਕੋਲੀਸ਼ਨ ਸਰਕਾਰ ਨੇ ਇਤਿਹਾਸ ਦਾ ਆਪਣੀ ਪਸੰਦ ਦਾ ਨਵਾਂ ਸਿਲੇਬਸ ਏਨੀ ਛੇਤੀ ਤਿਆਰ ਕਿਵੇਂ ਕਰਵਾ ਲਿਆ? ਸਰਕਾਰ 'ਚ ਸ਼ਾਮਲ ਵੱਖ-ਵੱਖ ਵਿਚਾਰਧਾਰਾ ਵਾਲੀਆਂ ਪਾਰਟੀਆਂ ਨੂੰ ਖੁਸ਼ ਕਿਵੇਂ ਕੀਤਾ ਹੋਣੈ?

ਕੋਈ ਕਹਿੰਦਾ, 'ਸਾਰੀਆਂ ਪਾਰਟੀਆਂ ਨੂੰ ਭੋਰਾ-ਭੋਰਾ ਇਤਿਹਾਸ ਵੰਡ ਦਿੱਤਾ ਹੋਣੈ, ਰਿਓੜੀਆਂ ਵਾਂਗ...! ਹੋਰ ਕੀ?' ਫੇਰ ਗੁਪਤਾ ਸਰ ਦਾ ਪ੍ਰਵਚਨ, 'ਇਸੇ ਕਰਕੇ ਇਤਿਹਾਸ ਦੇ ਤੱਥਾਂ 'ਤੇ ਅਧਾਰਤ ਅਧਿਐਨ ਦੀ ਪ੍ਰਵਿਰਤੀ ਤਾਂ ਖਤਮ ਹੀ ਹੁੰਦੀ ਜਾ ਰਹੀ ਹੈ।'

ਗੁਪਤਾ ਸਰ ਪੀਰੀਅਡ ਖਤਮ ਹੋਣ ਤੋਂ ਪਹਿਲਾਂ ਹੀ ਕਲਾਸ ਦੇ ਬਾਹਰ ਆ ਕੇ ਖੜ੍ਹ ਗਏ ਸੀ। ਘੰਟੀ ਵੱਜਣ ਸਾਰ ਆ ਕੇ ਬੋਲੇ, 'ਹਿਸਟਰੀ ਦੀ ਕਿਤਾਬ ਜੋ ਮੈਂ ਕਲ੍ਹ ਕਹੀ ਸੀ, ਉਹ ਅਜੇ ਨਾ ਖਰੀਦਣਾ... ਟੀ.ਵੀ. 'ਤੇ ਬ੍ਰੇਕਿੰਗ ਨਿਊਜ਼, ਜੇ ਕਿਸੇ ਨੇ ਦੇਖੀ ਹੋਵੇ', ਬ੍ਰੇਕਿੰਗ ਸ਼ਬਦ 'ਤੇ ਉਹਨਾਂ ਖਾਸ ਜ਼ੋਰ ਦਿੱਤਾ ਸੀ, 'ਸਰਕਾਰ ਅਲਪਮਤ ਵਿਚ ਆ ਚੁੱਕੀ ਹੈ। ਬਸ ਗਈ ਸਮਝੋ। ਇਸੇ ਇਤਿਹਾਸ ਦੀ ਪੁਸਤਕ 'ਤੇ ਨਰਾਜ਼ਗੀ ਪ੍ਰਗਟਾਉਂਦਿਆਂ ਇਕ ਵੱਡੇ ਸਹਿਯੋਗੀ ਦਲ ਨੇ ਸਮਰਥਨ ਵਾਪਸ ਲੈ ਲਿਐ... ਹੁਣ ਤਾਂ ਨਵੀਂ ਸਰਕਾਰ ਤੋਂ ਬਾਅਦ ਹੀ...।'

ਹੈਰਾਨੀ ਰਲੇ ਭਾਵ ਵਿਦਿਆਰਥੀਆਂ ਦੇ ਚਿਹਰਿਆਂ 'ਤੇ ਤੈਰ ਰਹੇ ਸਨ। ਨਾਲ ਹੀ ਇਹ ਸਵਾਲ ਵੀ ਕਲਾਸ ਦੀ ਫਿਜ਼ਾ ਵਿਚ ਗੂੰਜ ਰਿਹਾ ਸੀ - ਪੁਸਤਕਾਂ 'ਤੇ ਬਹਿਸ ਹੋ ਸਕਦੀ ਹੈ, ਪਾਠ ਪੁਸਤਕਾਂ 'ਤੇ ਕਾਹਦੀ ਬਹਿਸ?

ਕੁਲ... ਮਤਲਬ ਭੂੰਡੀ ਫਿਲੌਸਫਰਾਂ ਵਾਂਗ ਕਿਸੇ ਦੀ ਕੋਟੇਸ਼ਨ ਬੋਲ ਰਹੀ ਸੀ, 'ਇਤਿਹਾਸ ਉਹੀ ਨਹੀਂ ਹੁੰਦਾ ਜੋ ਅਸੀਂ ਇਤਿਹਾਸ ਦੀਆਂ ਪਾਠ ਪੁਸਤਕਾਂ ਵਿਚ ਪੜ੍ਹਦੇ ਹਾਂ, ਇਤਿਹਾਸ ਹੋਰ ਵੀ ਬਹੁਤ ਕੁਝ ਹੁੰਦਾ ਹੈ। ਘਰ, ਪਰਿਵਾਰ, ਮੱਨੁਖੀ ਮਨ ਵਿਚ ਹੋ ਰਹੀ ਉਥਲ-ਪੁਥਲ, ਟੁੱਟ-ਭੱਜ, ਇਹ ਸਭ ਕੁਝ ਦਾ ਵੀ ਇਤਿਹਾਸ ਹੁੰਦਾ ਹੈ...।' ਫੇਰ ਕਹਿੰਦੀ, 'ਹਰ ਦਲਿਤ-ਪੀੜਤ ਨੂੰ ਆਪਣਾ ਅਤੀਤ ਖੁਦ ਹੀ ਲਿਖਣਾ ਪਊ।'

ਕਾਲਿਜ ਦੇ ਗੇਟ 'ਤੇ ਹਾਰਨ ਵੱਜਿਆ। ਕੁਲਵਿੰਦਰ ਦੇ ਬਾਪ ਦੀ ਤਿਵੇਰਾ ਉਸ ਨੂੰ ਲੈਣ ਲਈ ਆ ਚੁੱਕੀ ਸੀ। ਦੇਖਦਿਆਂ ਹੀ ਦੇਖਦਿਆਂ ਉਹ ਪਰਿਦ੍ਰਿਸ਼ 'ਚੋਂ ਗ਼ਾਇਬ ਹੋ ਗਈ।

ਮੌਸਮ ਖੁਸ਼ਗਵਾਰ ਨਹੀਂ ਸੀ। ਹਵਾ ਵਿਚ ਨਮੀ ਭਾਵੇਂ ਬਹੁਤੀ ਨਹੀਂ ਸੀ ਪਰ ਹੁੰਮਸ ਭਰੇ ਵਾਤਾਵਰਨ ਦਾ ਇਤਿਹਾਸ ਚੁਫੇਰੇ ਫੈਲਿਆ ਹੋਇਆ ਸੀ ਅਤੇ ਵੱਖੋ-ਵੱਖਰੇ ਰੰਗਾਂ ਦੇ ਤੁਪਕੇ ਉਸ ਉਪਰ ਗਿਰ ਰਹੇ ਸਨ। ਡਰਾਇਵਰ ਇਸ ਸਭ ਕਾਸੇ ਤੋਂ ਬੇਖਬਰ ਬਸ ਨੂੰ ਭਜਾਈਂ ਜਾ ਰਿਹਾ ਸੀ ਅਤੇ ਛੋਟੂ ਵੱਲੋਂ ਇਤਿਹਾਸ ਨੂੰ ਫੜਨ ਦੀ ਕੋਸ਼ਿਸ਼ ਜਾਰੀ ਸੀ।

[# 420, ਸੈਕਟਰ-16, ਹਿਸਾਰ-125005-03, ਹਰਿਆਣਾ]

# ਫ਼ਤਵਾ

## ਬਲਦੇਵ ਸਿੰਘ ਢੀਂਡਸਾ

ਮੈਂ ਆਪਣੇ ਚਿੱਤੋਂ ਮੂੰਹ 'ਚ ਕਿਹਾ ਸੀ ਪਰ ਲਗਦਾ 'ਹਰਨਾਕਸ਼' ਸ਼ਬਦ ਜ਼ਰਾ ਉੱਚੀ ਬੋਲ ਹੋ ਗਿਆ ਹੈ। ਸੱਤੀ ਨੇ ਮੇਰੇ ਵੱਲ ਕੌੜ ਕੇ ਜੁ ਦੇਖਿਆ ਹੈ। ਮੈਂ ਡਰ ਗਿਆ ਹਾਂ। ਉਂਝ ਸੱਤੀ ਜਾਣੀ ਸਤਵੀਰ ਮੇਰੇ ਲਈ ਓਪਰਾ ਨਹੀਂ। ਇਹ ਕਿਸੇ ਡੇਰੇ ਦੇ ਮਾਲਕ ਸੰਤ ਨਿਰਮਲ ਸਿੰਘ 'ਨਿਰਮਲ' ਦਾ ਵੱਡਾ ਮੁੰਡਾ ਹੈ। ਛੋਟਾ ਹਰਵੀਰ ਹੈ। ਉਹ ਕੁਝ ਸਾਲ ਪਹਿਲਾਂ ਸੰਤ ਜੀ ਦੇ ਕੀਰਤਨੀ ਜੱਥੇ 'ਚ ਸ਼ਾਮਲ ਹੋ ਕੇ ਕਨੇਡਾ ਗਿਆ ਸੀ ਤੇ ਉੱਥੇ ਹੀ ਚੁੱਭੀ ਮਾਰ ਗਿਆ। ਅੱਜਕੱਲ ਕਹਿੰਦੇ ਉਸ ਨੇ ਕਕਾਰ ਰਹਿਤ ਹੋਕੇ ਗੁਰੂ ਦਾ ਲੜ ਛੱਡ ਦਿੱਤਾ ਹੈ ਤੇ ਪੱਕੇ ਹੋਣ ਲਈ ਉਥੋਂ ਦੀ ਵਸਨੀਕ ਕਿਸੇ ਔਰਤ ਨਾਲ਼ ਵਿਆਹ ਕਰਵਾ ਲਿਆ ਹੈ।

ਕਾਨੂੰਨੀ ਤੌਰ 'ਤੇ ਸੱਤੀ ਇਸ ਡੇਰੇ ਦਾ ਅੱਧ ਦਾ ਵਾਰਿਸ ਹੈ। ਡੇਰਾ ਜੋ ਕਦੇ ਸਾਢੇ ਕੁ ਚਾਰ ਖੇਤ ਵਿਚ ਹੁੰਦਾ ਸੀ, ਅੱਜ ਨੌਂ-ਦਸ ਏਕੜ ਤਕ ਫੈਲਿਆ ਹੋਇਆ ਹੈ।

ਪਿੰਡ ਦੇ ਪੱਛੋਂ ਵਾਲੇ ਪਾਸੇ ਢੂਢ ਕੁ ਕਿਲੋਮੀਟਰ ਦੀ ਵਿੱਥ 'ਤੇ ਸਥਿਤ ਇਸ ਡੇਰੇ ਦੇ ਮੁੱਖ ਗੇਟ 'ਤੇ ਲਿਖਿਆ ਹੋਇਆ ਹੈ:

'ਗੁਰਦੁਆਰਾ ਸ਼ਹੀਦ ਬਾਬਾ ਸਾਧਾ ਸਿੰਘ ਜੀ।'

ਮੁੱਖ ਗੇਟ ਦੇ ਬਿਲਕੁਲ ਸਾਹਮਣੇ ਅੰਦਰਵਾਰ ਪੰਜਾਹ ਕੁ ਗਜ਼ ਦੀ ਦੂਰੀ 'ਤੇ ਸ਼ਹੀਦ ਬਾਬਾ ਸਾਧਾ ਸਿੰਘ ਜੀ ਦੀ ਸਮਾਧ ਹੈ। ਉੱਪਰ ਗੁੰਬਜਾਂ ਵਾਲ਼ੀ ਤਿੰਨ ਮੰਜ਼ਲੀ ਇਮਾਰਤ। ਸੱਜੇ ਹੱਥ ਹੈ ਲੰਗਰਖਾਨਾ। ਖੱਬੇ ਪਾਸੇ ਸੰਤ ਜੀ ਦੀਆਂ ਗੱਡੀਆਂ ਦਾ ਗਰਾਜ ਤੇ ਨਾਲ ਹੀ ਸੰਤ ਜੀ ਦਾ ਨਿੱਜੀ ਨਿਵਾਸ ਸਥਾਨ 'ਨਿਰਮਲ ਕੁਟੀਆ'। ਲੰਗਰਖਾਨੇ ਦੇ ਪਿਛਵਾੜੇ ਹੈ ਡੇਰੇ ਦਾ ਪਸ਼ੂਘਰ।

'ਪਸ਼ੂਘਰ' ਦਾ ਇਨਚਾਰਜ ਹੈ ਅਮਲੀ ਬੰਤ ਸਿੰਘ। ਬੰਤ ਸਿੰਘ ਅਮਲ ਤਾਂ ਜ਼ਰੂਰ ਕਰਦਾ ਹੈ ਪਰ ਸਿਹਤ ਤੇ ਬੋਲਚਾਲ ਪੱਖੋਂ ਉਸਨੂੰ ਅਮਲੀ ਕੋਈ ਨਹੀਂ ਕਹਿ ਸਕਦਾ। ਤਿੰਨ ਬਿਹਾਰੀ ਤੇ ਇਕ ਦੇਸੀ ਬੰਦਾ 'ਫੁੰਮਣ' ਉਸ ਦੀ ਨਿਗਰਾਨੀ ਹੇਠ ਪਸ਼ੂਘਰ ਤੇ ਖੇਤਾਂ ਦਾ ਕੰਮ ਸੰਭਾਲ਼ਦੇ ਹਨ। ਬਿਹਾਰੀ ਤਨਖਾਹਦਾਰ ਹਨ ਜਦਕਿ ਫੁੰਮਣ ਫਰੀ ਸੇਵਾ ਕਰ ਰਿਹਾ ਹੈ। ਸਿਰਫ਼ ਨਸ਼ੇ ਪੱਤੇ 'ਤੇ। ਨਸ਼ਾ ਪੱਤਾ ਬੰਤ ਸਿੰਘ ਕਦੇ ਮੁੱਕਣ ਨਹੀਂ ਦਿੰਦਾ।

ਪਸ਼ੂਘਰ ਦੇ ਸੱਜੇ ਹੱਥ ਹੈ ਅੱਜ ਦਾ ਪੰਡਾਲ਼। ਖੇਤ ਭਰ 'ਚ ਫੈਲਿਆ ਹੋਇਆ। ਸਾਲਾਨਾ ਸਮਾਗਮ ਦੀ ਲੋੜ ਨੂੰ ਮੁੱਖ ਰੱਖ ਕੇ ਨਿੱਸਰ ਰਹੀ ਕਣਕ ਨੂੰ ਵੱਢ ਕੇ ਬਣਾਇਆ ਗਿਆ ਹੈ। ਇਕ ਖੇਤ ਟਰੈਕਟਰ-ਟਰਾਲੀਆਂ, ਫੋਰਵੀਲ੍ਹਰਾਂ ਅਤੇ ਹੋਰ ਗੱਡੀਆਂ ਨੇ ਮੱਲ ਛੱਡਿਆ ਹੈ। ਸੰਗਤ ਅਜੇ ਵੀ ਆ ਰਹੀ ਹੈ। ਭਾਵੇਂ ਇਕ ਵੱਜਣ ਵਾਲ਼ਾ ਹੈ।

ਜਦੋਂ ਵੀ ਕੋਈ ਟਰਾਲੀ ਰੁਕਦੀ ਹੈ ਤਾਂ ਚਾਲਕ ਟਰੈਕਟਰ ਬੰਦ ਕਰਨ ਲੱਗਾ ਫੁੱਲ ਰੇਸ ਦੇ ਕੇ ਦੋ ਕੁ ਵਾਰ 'ਘਰਰ-ਫਰਰ' ਜ਼ਰੂਰ ਕਰਵਾਉਂਦਾ ਹੈ। ਇਸ 'ਘਰਰ-ਫਰਰ' ਦਾ ਸ਼ੋਰ ਤਾਂ ਪੰਡਾਲ਼ ਵਿਚ ਪਹੁੰਚ ਜਾਂਦਾ ਹੈ ਪਰ ਪੰਡਾਲ਼ ਵਿਚ ਕੋਈ ਸ਼ੋਰ ਨਹੀਂ। ਪੂਰਨ ਸ਼ਾਂਤੀ। ਸ਼ਾਂਤੀ ਦਾ ਪ੍ਰਤੀਕ ਚਿੱਟਾ ਰੰਗ। ਚਾਰੇ ਪਾਸੇ ਦਰੀਆਂ ਉੱਤੇ ਚਿੱਟੀਆਂ ਚਾਦਰਾਂ। ਆਸੇ-ਪਾਸੇ ਚਿੱਟੇ ਪਰਦੇ। ਉੱਪਰ ਚਿੱਟੇ ਪੱਲੇ। ਚਾਰ ਕੁ ਫੁੱਟ ਸਟੇਜ ਵੀ ਚਿੱਟੇ ਕੱਪੜਿਆਂ 'ਚ ਲਿਪਟੀ ਹੋਈ। ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ 'ਚ ਬੈਠਾ ਸਿੰਘ ਵੀ ਚਿੱਟੇ ਬਾਣੇ 'ਚ। ਚਿੱਟਾ ਪ੍ਰਕਾਸ਼ ਕੀਤਾ ਦਾੜ੍ਹਾ। ਹੱਥ ਚਿੱਟਾ-ਚੌਰ। ਗ੍ਰੰਥ ਸਾਹਿਬ ਜੀ ਦੇ ਖੱਬੇ ਹੱਥ ਬੈਠੇ ਹਨ ਸੰਤ ਨਿਰਮਲ ਸਿੰਘ ਜੀ। ਅਹਿੱਲ। ਅੱਖਾਂ ਬੰਦ। ਸਰੀਰ ਸਿੱਧਾ। ਬਾਹਵਾਂ ਸਿੱਧੀਆਂ। ਗੋਡਿਆਂ 'ਤੇ ਟਿਕੀਆਂ ਹੋਈਆਂ। ਮੁੱਠੀਆਂ ਬੰਦ। ਪੁਸ਼ਾਕਾ ਬਿਲਕੁਲ ਸਫ਼ੈਦ। ਬੱਸ ਦਾੜ੍ਹੀ ਅਜੇ ਪੂਰੀ ਸਫ਼ੈਦ ਨਹੀਂ ਹੋਈ। ਗ੍ਰੰਥ ਸਾਹਿਬ ਜੀ ਦੇ ਸੱਜੇ ਹੱਥ ਬੈਠੇ ਇਕ ਹੋਰ ਮਹਾਂਪੁਰਸ਼ ਕਥਾ ਕਰ ਰਹੇ ਹਨ। ਬਾਬਾ



ਜੀਵਨ ਜੋਤ ਸਿੰਘ ਜੀ ਰਾਜਸਥਾਨ ਵਾਲੇ। ਇਹਨਾਂ ਤੋਂ ਮਗਰੋਂ ਵਾਰੀ ਹੈ ਸੰਤ ਨਿਰਮਲ ਸਿੰਘ ਜੀ ਦੀ। ਸਟੇਜ ਦੀ ਸੇਵਾ ਕਰ ਰਹੇ ਇਕ ਸਿੰਘ ਨੇ ਅੱਧਾ ਕੁ ਘੰਟਾ ਪਹਿਲਾਂ ਬੋਲਿਆ ਸੀ:

"ਵਾਹਿਗੁਰੂ ਜੀ ਕਾ ਖਾਲਸਾ-ਵਾਹਿਗੁਰੂ ਜੀ ਕੀ ਫਤਹਿ; ਗੁਰੂ ਰੂਪੀ ਸਾਧ ਸੰਗਤ ਜੀਓ, ਹੁਣ ਤੁਹਾਡੀ ਸੇਵਾ 'ਚ ਆ ਰਹੇ ਹਨ ਬਾਬਾ ਜੀਵਨ ਜੋਤ ਸਿੰਘ ਜੀ ਰਾਜਸਥਾਨ ਵਾਲ਼ੇ। ਇਹਨਾਂ ਤੋਂ ਮਗਰੋਂ ਆਪ ਜੀ ਦੀ ਸੇਵਾ 'ਚ ਹਾਜ਼ਰ ਹੋਣਗੇ, ਪੂਰਨ ਬ੍ਰਹਮਗਿਆਨੀ, ਸੇਵਾ ਦੇ ਪੁੰਜ, ਸ਼ਹੀਦ ਬਾਬਾ ਸਾਧਾ ਸਿੰਘ ਜੀ ਦੇ ਦਰ ਦੇ ਕੂਕਰ, ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਉਣ ਵਾਲ਼ੇ, ਗੁਰੂ ਨਾਨਕ ਦੇ ਸੱਚੇ ਪੈਰੋਕਾਰ, ਭਾਈ ਸਾਬ੍ਹ ਭਾਈ ਨਿਰਮਲ ਸਿੰਘ ਜੀ 'ਨਿਰਮਲ' ਜੋ ਪਿਛਲੇ ਮਹੀਨੇ ਹੀ ਯੂ. ਐੱਸ. ਏ. ਦੀਆਂ ਸਿੱਖ ਸੰਗਤਾਂ ਦੀ ਸੇਵਾ ਕਰਕੇ ਆਏ ਹਨ। ਇਹੋ ਜਿਹੇ ਮਹਾਨ...।"

ਹੋਰ ਬੜਾ ਕੁਝ ਜਿਹਾ ਗਿਆ ਸੀ ਸੰਤ ਨਿਰਮਲ ਸਿੰਘ ਜੀ ਦੀ ਮਹਿਮਾ ਵਿਚ। ਸ਼ਾਇਦ ਇਹੀ ਸਭ ਕੁਝ ਸੁਣ ਕੇ ਸੱਤੀ ਨੇ ਫੁੰਕਾਰਾ ਜਿਹਾ ਮਾਰਿਆ ਸੀ। ਮੁਸ਼ਕ ਆਉਣ ਨਾਲ ਮੈਨੂੰ ਇਹਦੀ ਸ਼ਰਾਬ ਪੀਤੀ ਹੋਈ ਦਾ ਪਤਾ ਲੱਗਾ ਸੀ ਤੇ ਮੇਰੇ ਮੂੰਹੋਂ 'ਹਰਨਾਕਸ਼' ਵਾਲੀ ਗੱਲ ਨਿਕਲ਼ ਗਈ ਸੀ।

ਉਂਝ ਮੇਰੀ ਸੱਤੀ ਨਾਲ਼ ਬਣਦੀ ਹੈ। ਇਸ ਦੀ ਆਪਣੇ ਪਿਉ ਨਾਲ ਨਹੀਂ ਬਣਦੀ।

ਇਹ ਤਰਕਵਾਦੀ ਏ।

ਮੰਜੇ 'ਤੇ ਪਈ ਬਿਮਾਰ ਮਾਂ ਨੂੰ ਦੇਖਣ ਤੋਂ ਬਿਨਾਂ ਇਹ ਡੇਰੇ ਵੜਦਾ ਨਹੀਂ।

ਕਦੇ ਸਮਾਧ 'ਤੇ ਮੱਥਾ ਟੇਕਦਾ ਨਹੀਂ ਦੇਖਿਆ। ਪਰ ਪਤਨੀ 'ਹਰਪ੍ਰੀਤ' ਡੇਰੇ ਦੇ ਰੰਗ 'ਚ ਪੂਰੀ ਰੰਗੀ ਹੋਈ ਹੈ। ਉੱਦਾਂ ਪੱਠੇ ਇਹ ਡੇਰੇ ਦੇ ਖੇਤਾਂ 'ਚੋਂ ਹੀ ਲਿਜਾਂਦਾ ਹੈ। ਸ਼ਾਇਦ ਹੱਕ ਸਮਝ ਕੇ। ਪਿੰਡ ਰਹਿੰਦਾ ਏ। ਪੰਜ ਚਾਰ ਲਵੇਰੀਆਂ ਰੱਖਦਾ ਹੈ। ਵਧੀਆ ਨਸਲ ਦੀਆਂ। ਦੁੱਧ ਪਾਉਂਦਾ ਹੈ। ਬੀ. ਏ. ਕੀਤੀ ਹੋਈ ਹੈ। ਚੰਗਾ ਮੁੰਡਾ ਹੈ।

ਪਰ ਕਥਾ-ਕੀਰਤਨ ਦੇ ਇਸ ਮਹਾਂਕੁੰਭ 'ਚ ਇਸਦਾ ਸ਼ਰਾਬ ਪੀ ਕੇ ਆਉਣਾ ਮੈਨੂੰ ਚੰਗਾ ਨਹੀਂ ਲੱਗਾ।

ਉੱਦਾਂ ਸ਼ਰਾਬ ਤਾਂ ਮੈਂ ਵੀ ਬਥੇਰੀ ਪੀਤੀ ਹੈ। ਪੂਰੇ ਚਾਲੀ-ਬਤਾਲੀ ਸਾਲ। ਜੇ. ਬੀ. ਟੀ. ਕਰਦੇ ਹੀ ਸ਼ੁਰੂ ਹੋ ਗਏ ਸੀ। ਕਿਤੇ ਬਿਮਾਰ-ਠਿਮਾਰ ਹੋਏ 'ਤੇ ਹੀ ਨਾਗਾ ਪਿਆ ਹੋਊ। ਆਹ ਪਿਛਲੀ ਵਿਸਾਖੀ ਨੂੰ ਹੀ ਖਹਿੜਾ ਛੁੱਟਿਆ ਇਸ ਪਾਪਣ ਤੋਂ।

ਉਹ ਦਿਨ ਵੀ ਭੁੱਲਦਾ ਨਹੀਂ। ਭੁੱਲੇ ਕਿਆਂ ਦੀ ਰਜਿਸਟਰੀ ਕਰਾਈ ਸੀ ਉਸ ਦਿਨ। ਦਰਅਸਲ ਕਿਸੇ ਬੋਲਚਾਲ ਵਾਲੇ ਦੀ ਰਜਿਸਟਰੀ ਹੁੰਦੀ ਜਾਂ ਇੰਤਕਾਲ। ਜਾਂ ਫਿਰ ਥਾਣੇ ਕਚਹਿਰੀ ਕੋਈ ਹੋਰ ਕੰਮ ਹੁੰਦਾ ਤਾਂ ਅਗਲਾ ਮਾਸਟਰ ਸੁਰੈਣ ਸਿੰਘ ਨੂੰ ਨਾਲ ਲਿਜਾਣਾ ਨਾ ਭੁੱਲਦਾ। ਸੇਵਾ-ਮੁਕਤੀ ਤੋਂ ਬਾਅਦ ਤਾਂ ਜਿਵੇਂ ਨਿੱਤਨੇਮ ਹੀ ਬਣ ਗਿਆ ਸੀ। ਜਿਸ ਦਿਨ ਕਿਸੇ ਦਾ ਕੰਮ ਨਾ ਹੁੰਦਾ ਤਾਂ ਆਨੀ-ਬਹਾਨੀ ਆਪ ਘਰੋਂ ਨਿਕਲ਼ ਜਾਣਾ। ਰਾਤ ਨੂੰ ਧੁੱਤ ਹੋ ਕੇ ਵੀ 'ਆਪਣੇ ਪੈਰੀਂ' ਘਰ ਆ ਜਾਣਾ। ਪਰ ਭੁੱਲੇ ਕਿਆਂ ਦੀ ਰਜਿਸਟਰੀ ਵਾਲ਼ੇ ਦਿਨ ਇਹ ਪਹਿਲੀ ਵਾਰੀ ਸੀ ਕਿ ਕੋਈ ਦੂਜਾ ਘਰ ਛੱਡ ਕੇ ਗਿਆ ਹੋਵੇ। ਇਸ ਗੱਲ ਦਾ ਅਹਿਸਾਸ ਵੀ ਮੈਨੂੰ ਉਦੋਂ ਹੋਇਆ ਸੀ ਜਦੋਂ ਘਰਵਾਲ਼ੀ ਨੇ ਮੂੰਹ-ਨ੍ਹੇਰੇ ਹੀ ਪਾਠ ਸ਼ੁਰੂ ਕਰ ਦਿੱਤਾ ਸੀ:

"ਖਬਰਦਾਰ ਅੱਗੇ ਤੋਂ ਅੱਧੀ ਰਾਤੀਂ ਕੋਈ ਘਰ ਛੱਡਣ ਆਇਆ। ਇਹ ਨੂੰਹਾਂ-ਧੀਆਂ ਵਾਲ਼ਾ ਘਰ ਹੈ। ਕੋਈ ਕੰਜਰਖਾਨਾ ਨਹੀਂ। ਅੱਧੀ-ਅੱਧੀ ਰਾਤੀਂ ਤੈਨੂੰ ਮੁਸ਼ਟੰਡੇ ਘਰ ਛੱਡਣ ਆਉਣ ਤੇ ਊਲ-ਜਲੂਲ ਬੋਲਣ। ਤੈਨੂੰ ਸ਼ਰਮ ਨਹੀਂ ਔਂਦੀ? ਉਹ ਸਾਰਾ ਦਿਨ ਤੈਨੂੰ ਨਾਲ਼ ਲਈ ਫਿਰਦੇ ਰਹੇ। ਚਾਰ ਘੰਟੇ ਹੋਰ ਨੀ ਸੀ ਰੱਖ ਸਕਦੇ? ਅੱਜ ਕੁੰਡਾ ਖੋਲ੍ਹਤਾ-ਅੱਗੋਂ ਆਸ ਨਾ ਰੱਖੀਂ।"

ਪਤਾ ਨੀ ਘਰ ਵਾਲ਼ੀ ਕੀ-ਕੀ ਬੋਲਦੀ ਰਹੀ। ਅਜੇ ਉਸਨੂੰ ਗਿੱਲੀ ਹੋਈ ਤਲ਼ਾਈ ਦਾ ਪਤਾ ਨੀ ਸੀ ਲੱਗਾ। ਮੈਨੂੰ ਧਰਤੀ ਵਿਹਲ ਨੀ ਸੀ ਦੇ ਰਹੀ।

ਨਸ਼ੇ ਨਾਲ਼ ਸਰੀਰ ਟੁੱਟਾ ਪਿਆ ਸੀ। ਦਿਲ ਘਟ ਰਿਹਾ ਸੀ। ਸਿਰ ਡਾਂ-ਡਾਂ ਕਰ ਰਿਹਾ ਸੀ ਗਿੱਲੀ ਤਲ਼ਾਈ ਨੂੰ ਵਾਰ-ਵਾਰ ਹੱਥ ਲੱਗੀ ਜਾ ਰਿਹਾ ਸੀ। ਯਕੀਨ ਨਹੀਂ ਸੀ ਆ ਰਿਹਾ। ਨਾ ਚੇਤੇ ਆਵੇ ਕਿ ਰਾਤੀਂ ਮੈਨੂੰ ਘਰ ਛੱਡ ਕੇ ਕੌਣ ਗਿਆ।

ਦਸਵੀਂ ਦੇ ਪੇਪਰ ਦੇ ਚੁੱਕੀ ਪੋਤੀ ਰਜਵੰਤ ਜਾਗ ਚੁੱਕੀ ਸੀ। ਉਸ ਤੋਂ ਪਾਣੀ ਦਾ ਗਲਾਸ ਮੰਗਿਆ। ਕੰਬਦੇ ਹੱਥਾਂ ਨਾਲ਼ ਫੜਿਆ ਗਲਾਸ ਬਿਸਤਰੇ 'ਤੇ ਡਿੱਗ ਪਿਆ। ਅਸਲ ਗੱਲ ਸਿੱਟ ਦਿੱਤਾ

ਘਰ ਵਾਲ਼ੀ ਦੀ ਸੁਰ ਹੋਰ ਤਿੱਖੀ ਹੋ ਗਈ।

ਆਪਾਂ ਸੁੰਦਰ ਅਮਲੀ ਦਾ ਜਾ ਕੁੰਡਾ ਖੜਕਾਇਆ। ਇੰਨੇ ਟੁੱਟੇ-ਭੱਜੇ ਸਰੀਰ ਦਾ ਇਲਾਜ ਉਦ੍ਹੇ ਕੋਲ ਹੀ ਹੁੰਦਾ ਸੀ। ਉਹ ਅਜੇ ਰਜਾਈ 'ਚ ਹੀ ਗੁੱਛਾ-ਮੁੱਛਾ ਹੋਈ ਪਿਆ ਸੀ। ਇਸ ਸਮੇਂ ਉਸ ਦੇ ਘਰ ਜਾਣ ਦਾ ਕਾਰਨ ਤਾਂ ਉਹ ਸਮਝ ਚੁੱਕਾ ਸੀ। ਮੇਰਾ ਹਾਲ ਜਾਣ ਕੇ ਉਹ ਅੰਦਰ ਚਲੇ ਗਿਆ ਸੀ

"ਦੇਖੋ ਮਾਂਸ਼ਟਰ ਜੀਂ-ਨਾਂਗਣੀ ਤਾਂ ਮੁੱਕੀ ਹੋਈ ਏਂ ਕਈ ਰੋਜ ਦੀ ਅੰਜ ਆਂ ਭਾਂਵੇ ਜਾਂਵੇਂ-ਤੁਸੀਂ ਏਸ ਪੰਜੀਰੀ ਨਾਲ ਬੁੱਤਾਂ ਰੇੜੋਂ। ਵੈਸੇਂ ਮਾਂਲ ਇਕਦੰਮ ਸੋਂਨਾ ਏਂ।" ਵਾਪਸੀ 'ਤੇ ਭੁੱਕੀ ਦਾ ਕੱਪ, ਗਲਾਸ ਅਤੇ ਇਕ ਚਮਚ ਰੱਖਦਾ ਹੋਇਆ ਸੁੰਦਰ ਇਕੋ ਸਾਹੇ ਆਖ ਗਿਆ ਸੀ।

ਮੈਂ ਹਾਬੜਿਆਂ ਵਾਂਗ ਚਾਰ-ਪੰਜ ਚਮਚ ਨਿਗਲ ਲਏ ਸਨ। ਘੰਟਾ ਕੁ ਸੁੰਦਰ ਕੋਲ਼ ਹੀ ਪਿਆ ਰਿਹਾ। ਸਰੀਰ ਨੇ ਥੋੜ੍ਹੀ ਅਕੜਾਂਦ ਫੜੀ ਤਾਂ ਉੱਠ ਕੇ ਘਰ ਆ ਗਿਆ ਸੀ। ਆਣਕੇ ਪਤੀਲੇ 'ਚੋਂ ਚਾਹ ਦਾ ਗਲਾਸ ਭਰ ਕੇ ਪੀ ਲਿਆ।

ਸਰੀਰ ਨੇ ਥੋੜ੍ਹਾ ਹੋਰ ਕਰੰਟ ਫੜਿਆ। ਜਦੋਂ ਪਿੰਡ ਦੇ ਗੁਰਦੁਆਰੇ ਤੋਂ ਅਨਾਊਂਸਮੈਂਟ ਹੋਈ ਸੀ:

"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ-ਸਮੂਹ ਨਗਰ ਨਿਵਾਸੀਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਅੱਜ ਵਿਸਾਖੀ ਦੇ ਸ਼ੁਭ ਦਿਹਾੜੇ 'ਤੇ ਪਿੰਡ ਨੰਦਗੜ੍ਹ ਦੇ ਗੁਰਦੁਆਰਾ ਸ਼ਹੀਦ ਬਾਬਾ ਸਾਧਾ ਸਿੰਘ ਜੀ ਵਿਖੇ ਮਹਾਨ ਅੰਮ੍ਰਿਤ ਸੰਚਾਰ ਹੋਵੇਗਾ। ਅੱਜ ਇਤਿਹਾਸਕ ਦਿਹਾੜਾ ਏ। ਸੋ ਮੌਕੇ ਦਾ ਲਾਭ ਉਠਾਉ-ਅੰਮ੍ਰਿਤ ਛਕੋ-ਗੁਰੂ ਵਾਲ਼ੇ ਬਣੋ-ਜੀਵਨ ਸਫਲਾ ਕਰੋ। ਟਰਾਲੀਆਂ ਗੁਰਦੁਆਰਾ ਸਾਹਿਬ ਤੋਂ ਠੀਕ ਅੱਠ ਵਜੇ ਚੱਲਣਗੀਆਂ।"

ਮਨ 'ਚ ਲਹਿਰ ਜਿਹੀ ਦੌੜ ਗਈ ਸੀ। ਹੁਲਾਰਾ ਜਿਹਾ ਆ ਗਿਆ। ਸਾਰੇ ਧੋਣੇ ਧੋਣ ਦਾ ਮੌਕਾ ਜਿਹਾ ਪ੍ਰਤੀਤ ਹੋਇਆ। ਸਮੇਂ ਸਿਰ ਟਰਾਲੀ 'ਚ ਜਾ ਬੈਠਾ। ਪਰ ਸਾਰੀ ਵਾਟ ਮਨ 'ਚ ਇਕ ਧੁੜਕੂ ਜਿਹਾ ਲੱਗਾ ਰਿਹਾ:

-ਜੇ ਕਿਸੇ ਆਖ ਦਿੱਤਾ ਕਿ ਮਾਸਟਰ ਸਰੈਣ ਸੂੰਹ ਸ਼ਰਾਬ ਨੀ ਛੱਡ ਸਕਦਾ ਤਾਂ ਕਿਤੇ ਲਾਈਨ 'ਚ ਲੱਗੇ ਨੂੰ ਹੀ ਬਾਹਰ ਨਾ ਕੱਢ ਦੇਣ।

-ਪਰ ਜਦੋਂ ਅੰਮ੍ਰਿਤਪਾਨ ਕਰਨ ਵਾਲ਼ਿਆਂ ਦੀ ਲੰਮੀ ਕਤਾਰ 'ਚ ਪਿੰਡ ਵਾਲ਼ਾ ਵੈਲੀ ਜੱਗਾ ਤੇ ਗੁਆਂਢੀ ਪਿੰਡ ਰਾਮਪੁਰ ਵਾਲ਼ੀ ਦੁਰਗੀ ਦਾਈ ਬੈਠੇ ਦੇਖੇ ਤਾਂ ਕੁਝ ਹੌਸਲਾ ਹੋ ਗਿਆ ਸੀ।

-ਦੁਰਗੀ ਵੱਲ ਦੇਖ ਕੇ ਪਿਛਲੇ ਸਾਲ ਸੱਥ 'ਚ ਬੈਠੇ ਕਾਮਰੇਡ ਝਲਮਣ ਦੀ ਕੀਤੀ ਗੱਲ ਯਾਦ ਆ ਗਈ। ਅਖ਼ਬਾਰ ਵਿਚ ਇਕ ਅਧਿਆਪਕਾ ਦੀ ਤਸਵੀਰ ਛਪੀ ਸੀ। ਉਹ ਸਾਇੰਸ ਦੀ ਅਧਿਆਪਕਾ ਦਸ ਕੁ ਸਾਲ ਪਹਿਲਾਂ ਸਾਡੇ ਮਿਡਲ ਸਕੂਲੇ ਸਾਲ ਕੁ ਭਰ ਲਈ ਪੜ੍ਹਾ ਗਈ ਸੀ। ਉਹ ਸੋਹਣੀ ਸੁਨੱਖੀ ਰੱਜ ਕੇ ਸੀ। ਪਰ ਪੜ੍ਹਾਉਣ ਪੱਖੋਂ ਜ਼ੀਰੋ। ਸਕੂਲ ਟਾਈਮ 'ਚ ਵੀ ਮੋਬਾਇਲ ਉਹਦੇ ਕੰਨ ਨੂੰ ਲੱਗਾ ਰਹਿੰਦਾ। ਨਿੱਤ ਨਵੀਆਂ ਗੱਲਾਂ ਤੁਰਦੀਆਂ ਸਨ ਉਹਦੇ ਬਾਰੇ। ਹੁਣ ਉਹ ਬਠਿੰਡੇ ਜ਼ਿਲ੍ਹੇ ਵਿਚ ਸੀ ਤੇ ਅਧਿਆਪਕ ਦਿਵਸ 'ਤੇ ਉਹਨੂੰ ਰਾਸ਼ਟਰੀ ਪੁਰਸਕਾਰ ਮਿਲ਼ ਰਿਹਾ ਸੀ। ਖ਼ਬਰ ਪੜ੍ਹਦੇ ਸਾਰ ਕਾਮਰੇਡ ਝਲਮਣ ਬੋਲਿਆ ਸੀ:

"ਉਸ ਤਰ੍ਹਾਂ ਰਾਮਪੁਰ ਵਾਲ਼ੀ ਦੁਰਗੀ ਦਾਈ ਦੀ ਰਾਸ਼ਟਰੀ ਐਵਾਰਡ ਲਈ ਸਿਫਾਰਸ਼ ਇਲਾਕੇ ਦੀਆਂ ਪੰਜ ਸੱਤ ਪੰਚਾਇਤਾਂ ਨੂੰ ਕਰਨੀ ਬਣਦੀ ਹੈ। ਉਹ ਪਿਛਲੇ ਤੀਹ ਸਾਲਾਂ ਤੋਂ ਸੈਕਸ ਐਜੂਕੇਸ਼ਨ ਦੇ ਰਹੀ ਹੈ। ਪੰਜਾਹ ਪਚਵੰਜਾ ਦੀ ਹੋ ਕੇ ਵੀ ਡਟੀ ਪਈ ਹੈ। ਹਰ ਅੜੇ-ਥੁੜੇ ਦਾ ਬੇੜਾ ਬੰਨੇ ਲਾ ਦਿੰਦੀ ਹੈ।

ਖੈਰ ਬੇੜਾ ਮੇਰਾ ਵੀ ਬੰਨੇ ਲੱਗ ਗਿਆ ਸੀ। ਅੰਮ੍ਰਿਤ ਦੀ ਦਾਤ ਮਿਲ਼ ਗਈ ਸੀ।



ਸ਼ਾਮ ਨੂੰ ਪੂਰੇ ਕਰਾਰ ਸਜਾਈ ਅਤੇ ਨਵੇਂ ਵਸਤਰ ਪਾਈ ਪੂਰੇ ਉਤਸ਼ਾਹ ਨਾਲ਼ ਘਰ ਪਹੁੰਚਿਆ ਸੀ ਤਾਂ ਘਰ ਵਾਲ਼ੀ ਟੇਢਾ ਹੀ ਝਾਕੀ ਸੀ। ਰੋਟੀ ਖਾਂਦੇ ਨੂੰ ਤਾਂ ਉਸ ਆਖ ਹੀ ਦਿੱਤਾ ਸੀ:

"ਹੁਣ ਏਦ੍ਹੀ ਲਾਜ ਵੀ ਰੱਖ ਲੀਂ-ਇਹ ਸ਼ਹੀਦ ਸਿੰਘਾਂ ਦਾ ਅਮਰਤ ਹੈ ਵੀ ਕਰੜਾ। ਸ਼ਹੀਦਾਂ ਦਾ ਦੋਸ਼ੀ ਨਾ ਬਣ ਜਾਈਂ ਏਦ੍ਹੇ 'ਚ ਭੰਗਣਾ ਪਾ ਕੇ।"

ਪਰ ਸਾਰੀ ਰਾਤ ਮੇਰੀ ਨੀਂਦ 'ਚ ਭੰਗਣਾ ਪੈਂਦੀ ਰਹੀ। ਰਾਤ ਭਰ ਲੱਤਾਂ ਬਾਹਾਂ ਟੁੱਟਦੀਆਂ ਰਹੀਆਂ। ਉੱਸਲ਼ ਵੱਟੇ ਲੈਂਦਿਆਂ ਰਾਤ ਲੰਘ ਗਈ। ਉੱਠਿਆ ਤਾਂ ਸਰੀਰ ਕੰਬੇ। ਹਿੰਮਤ ਕੀਤੀ। ਇਸ਼ਨਾਨ ਕੀਤਾ। ਗੁਟਕਾ ਲੈ ਕੇ ਪਾਠ ਕਰਨ ਬੈਠ ਗਿਆ। ਪਰ ਮਨ ਤਾਂ ਹੋਰ ਦੀ ਹੋਰ ਥਾਂਵੇਂ ਘੁੰਮੀ ਜਾਵੇ।

ਚਾਹ ਪੀਤੀ। ਦਾਤੀ ਲੈ ਕੇ ਬਰਸੀਮ ਵੱਢਣ ਤੁਰ ਪਿਆ। ਦੋ ਢੇਰੀਆਂ ਵੱਢ ਕੇ ਹੀ ਸਾਹ ਫੁੱਲਣ ਲੱਗ ਪਿਆ। ਤਿੱਖੇ ਚੜ੍ਹੇ ਸੂਰਜ ਨੇ ਹੋਰ ਵੀ ਅੱਚਵੀ ਲਾ ਦਿੱਤੀ। ਡਿਗਦੇ-ਢਹਿੰਦੇ ਨੇ ਦੋ ਪੰਡਾਂ ਬਰਸੀਮ ਵੱਢ ਕੇ ਕੱਠਾ ਕਰ ਦਿੱਤਾ। ਪਰ ਤਨ-ਮਨ ਕੱਠੇ ਨੀ ਸੀ ਹੋ ਰਹੇ। ਕੱਚੀਆਂ ਤਰੇਲੀਆਂ ਆਈ ਜਾਣ। ਪੁੱਠੇ-ਪੁੱਠੇ ਖਿਆਲ ਪੈਦਾ ਹੋਈ ਜਾਣ। ਫਿਰ ਪਤਾ ਹੀ ਨਾ ਲੱਗਾ ਕਿ ਕਦੋਂ ਸੁੰਦਰ ਅਮਲੀ ਦੇ ਘਰ ਪਹੁੰਚ ਗਿਆ। ਅੱਗੋਂ ਸੁੰਦਰ ਨੇ ਪੂਰਾ ਸਵਾਗਤ ਕੀਤਾ ਸੀ:

"ਆਂਜੋਂ-ਆਂਜੋਂ ਭਾਈਂ ਸਾਂਬ ਭਾਂਈਂ ਸੁਰੈਣ ਸਿੰਘ ਜੀਂ-ਮੈਨੂੰ ਤਾਂ ਰਾਂਤੀਂ ਜੱਗਾਂ ਵੈਲੀਂ ਦੱਸ ਗਿਆਂ ਸੀਂ। ਮੈਂ ਸੋਂਚਾਂ ਮਾਂਟ੍ਰਰ ਨੇ ਕੀ ਪੰਗਾਂ ਲੈਂ ਲਿਆਂ ਏਂ ਨਸ਼ੇ ਛੰਡਣੇ ਖਾਲਾਂ ਜੀਂ ਦਾ ਵਾੜਾ? ਆਂਹ ਫੜੋਂ ਪੰਜੀਰੀਂ-ਲਾਂਉਂ ਭੋਗ-ਸਰੀਰ ਹੋਂਵੇਂ ਕੈਂਮ-ਬਾਂਕੀ ਗੱਲਾਂ ਫੇਂ।" ਭੁੱਕੀ ਦਾ ਕੱਪ ਮੇਰੇ ਅੱਗੇ ਰਖਦਾ ਬੋਲਿਆ ਸੀ।

ਮੈਨੂੰ ਨਿਹੱਥੇ ਨੂੰ ਜਿਵੇਂ ਹਥਿਆਰ ਲੱਭ ਗਿਆ ਹੋਵੇ। ਚਾਰ ਪੰਜ ਚਮਚੇ ਮੈਂ ਉਪਰੋਥਲ਼ੀ ਅੰਦਰ ਸੁੱਟ ਲਏ। ਕਾਹਲ਼ੀ ਨਾਲ ਸੁੰਦਰ ਦੇ ਘਰੋਂ ਬਾਹਰ ਆ ਗਿਆ।

ਸਿੱਧਾ ਘਰ ਪਹੁੰਚਿਆ ਤੇ ਪਸ਼ੂਆਂ ਵਾਲ਼ੇ ਪਾਸੇ ਚਲੇ ਗਿਆ। ਡੰਗਰਾਂ 'ਤੇ ਵਾਰੋ-ਵਾਰੀ ਹੱਥ ਫੇਰਿਆ। ਖੁਰਲੀਆਂ 'ਚ ਮਾੜਾ ਮੋਟਾ ਹੱਥ ਮਾਰਿਆ ਤੇ ਮੰਜੀ ਖਿੱਚ ਕੇ ਕੰਧ ਦੇ ਪਰਛਾਵੇਂ ਪੈ ਗਿਆ।

ਰਜਵੰਤ ਨੂੰ ਹਾਕ ਮਾਰ ਕੇ ਤਿੱਖੀ ਜਿਹੀ ਚਾਹ ਬਣਾਉਣ ਲਈ ਕਿਹਾ।

ਚਾਹ ਪੀ ਕੇ ਸਰੀਰ ਥੋੜ੍ਹਾ ਹੋਰ ਕਾਇਮ ਹੋ ਗਿਆ। ਖਾਲੀ ਪੇਟ ਕਰਕੇ ਭੁੱਕੀ ਨੇ ਵੀ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ। ਅਨੀਂਦਰੇ ਦੀ ਲਾਲੀ ਹੋਰ ਵਧਣ ਲੱਗ ਪਈ ਹੋਣੀ ਆ ਤਾਹੀਂ ਤਾਂ ਕੋਲ਼ ਦੀ ਲੰਘਣ ਲੱਗੀ ਘਰ ਵਾਲ਼ੀ ਨੇ ਸ਼ੱਕੀ ਨਜ਼ਰਾਂ ਨਾਲ ਝਾਕਿਆ ਸੀ ਤੇ ਮੇਤੋਂ ਆਪ ਮੁਹਾਰੇ ਬੋਲਿਆ ਗਿਆ ਸੀ:

"ਮਾਸਾ ਨੀਂਦ ਨੀ ਪਈ ਸਾਰੀ ਰਾਤ। ਪਤਾ ਨੀ ਹੋਰ ਕੈ ਰਾਤਾਂ ਨੀਂ ਔਣੀ?"

ਪਰ ਉਹ ਟੋਣਾ ਲਾ ਗਈ ਸੀ:

"ਤੂੰ ਨੀ ਬੰਦਾ ਬਣ ਸਕਦਾ।"

ਸੱਚੀਂ ਉਹਨਾਂ ਦਾ ਚਿਤਵਿਆ 'ਬੰਦਾ' ਬਣਨਾ ਮੈਨੂੰ ਔਖਾ ਲੱਗਾ। ਹੱਡ ਹਰਾਮੀ ਹੋ ਚੁੱਕੇ ਸਨ। ਮੈਂ ਹੱਥ ਪੈਰ ਧੋਤੇ ਤੇ ਕੱਲ ਵਾਲ਼ੇ ਵਸਤਰ ਸਜਾਏ। ਸਾਈਕਲ ਚੁੱਕਿਆ ਤੇ ਪਹੁੰਚ ਗਿਆ ਸ਼ਹੀਦ ਸਾਧਾ ਸਿੰਘ ਜੀ ਦੇ ਦਰ 'ਤੇ। ਨੰਦਗੜ੍ਹ।

ਬੱਸ ਉਹ ਦਿਨ ਗਿਆ ਤੇ ਆਹ ਦਿਨ ਆਇਆ। ਹੋ ਗਈ ਸ਼ਹੀਦ ਸਿੰਘਾਂ ਦੀ ਕਿਰਪਾ। ਠੇਕੇ ਗਏ ਨਹੀਂ ਤੇ ਘਰ ਟਿਕੇ ਨਹੀਂ। ਜ਼ਿਆਦਾ ਸਮਾਂ ਇਥੇ ਬਾਬਾ ਸਾਧਾ ਸਿੰਘ ਜੀ ਦੇ ਚਰਨਾ 'ਚ ਹੀ। ਇਥੇ ਹੀ ਆੜੀ ਪੈ ਗਈ ਅਮਲੀ ਬੰਤ ਸਿੰਘ ਨਾਲ਼। ਬੰਤ ਸਿੰਘ ਨੇ 'ਪੰਜੀਰੀ' ਕਦੇ ਮੁੱਕਣ ਨਹੀਂ ਦਿੱਤੀ। ਉੱਦਾਂ ਗੱਲਾਂ ਵੀ ਕਦੇ ਮੁੱਕਣ ਨਹੀਂ ਦਿੰਦਾ। ਨਿੱਤ ਨਵੇਂ ਥਾਂ ਸੂਈ ਰੱਖਦਾ। ਪਿੱਛੇ ਜਿਹੇ ਤਾਂ ਇਕ ਦਿਨ ਸੰਤ ਨਿਰਮਲ ਸਿੰਘ ਜੀ 'ਤੇ ਤਵਾ ਲਾ ਦਿੱਤਾ ਸੀ:

"ਮਾਸਟਰ ਜੀ ਇਥੇ ਸਭ ਅੜਦੇ-ਪੜਦੇ ਈ ਆ-ਸਾਧਗਿਰੀ ਸਾਲ਼ੀ ਬਾਰ੍ਹੋਂ-ਬਾਰ੍ਹੋਂ ਈ ਏ-ਪਹਿਲਾਂ ਕੂੰਜ ਵਰਗੀ ਸਾਲ਼ੀ ਸਾਂਭ ਲਈ...ਤੇ ਹੁਣ...ਨੂੰਹ 'ਤੇ ਕਾਠੀ...।"

ਮੈਂ ਤਾਂ ਹਿੱਲ ਗਿਆ ਸੀ ਅੰਦਰੋਂ।

ਸੰਤਾਂ ਬਾਰੇ ਇਸ ਤਰ੍ਹਾਂ ਬੋਲਣਾ ਮੈਨੂੰ ਚੰਗਾ ਨਹੀਂ ਸੀ ਲੱਗਾ।

ਸਟੇਜ ਸਕੱਤਰ ਫਿਰ ਬੋਲਿਆ ਹੈ:

"...ਅਸੀਂ ਬਹੁਤ ਹੀ ਧੰਨਵਾਦੀ ਹਾਂ ਸੰਤ ਬਾਬਾ ਜੀਵਨ ਜੋਤ ਸਿੰਘ ਜੀ ਹੁਰਾਂ ਦੇ ਜਿਨ੍ਹਾਂ ਆਪਣੇ ਅਨਮੋਲ ਬਚਨਾਂ ਰਾਹੀਂ ਸੰਗਤਾਂ ਨੂੰ ਬਾਣੀ ਤੇ ਬਾਣੇ ਨਾਲ਼ ਜੋੜਨ ਦਾ ਉਪਰਾਲਾ ਕੀਤਾ।"

"ਸਾਧ ਸੰਗਤ ਜੀ, ਮੈਂ ਆਪ ਜੀ ਨੂੰ ਦੱਸਣਾ ਚਾਵ੍ਹਾਂਗਾ ਕਿ ਪਿਛਲੇ ਸਾਲ ਦੀ ਤਰ੍ਹਾਂ ਮੁੱਖ ਮੰਤਰੀ ਜੀ ਨੇ ਬਾਬਾ ਸਾਧਾ ਸਿੰਘ ਜੀ ਦੇ ਦਰ 'ਤੇ ਨਤਮਸਤਕ ਹੋਣ ਆਉਣਾ ਸੀ ਪਰ ਉਹਨਾਂ ਨੂੰ ਅਚਾਨਕ ਦਿੱਲੀ ਜਾਣਾ ਪੈ ਗਿਆ ਹੈ। ਇਸ ਲਈ ਉਹਨੀਂ ਕੱਲ ਹੀ ਸੰਤ ਨਿਰਮਲ ਸਿੰਘ ਜੀ ਪਾਸੋਂ ਫੋਨ 'ਤੇ ਖਿਮਾ ਜਾਚਨਾ ਕਰ ਲਈ ਸੀ। ਛੇਤੀ ਹੀ ਦਰਸ਼ਨ ਕਰਨ ਲਈ ਵਾਅਦਾ ਕੀਤਾ ਹੈ।"

"ਹਾਂ ਹੁਣ ਤੁਹਾਡੀ ਸੇਵਾ ਵਿਚ ਪੰਥ ਦੇ ਅਨਮੋਲ ਰਤਨ, ਗਿਆਨ ਦੇ ਸਾਗਰ, ਸੇਵਾ ਦੇ ਪੁੰਜ-ਨਿਮਰਤਾ ਦੀ ਮੂਰਤੀ-ਭਾਈ ਸਾਬ੍ਹ ਭਾਈ ਨਿਰਮਲ ਸਿੰਘ ਜੀ 'ਨਿਰਮਲ' ਆਪਣੇ ਕੀਰਤਨੀ ਜੱਥੇ ਨਾਲ਼...।"

"ਬਕਵਾਸ...ਚੱਲ ਮਾਸਟਰ ਅੰਕਲ-'ਪਸ਼ੂ-ਘਰ' ਚਲਦੇ ਹਾਂ।" ਸੱਤੀ ਤੜਪਿਆ ਹੈ।

ਇਹ ਪੰਡਾਲ਼ 'ਚੋਂ ਬਾਹਰ ਤੁਰ ਪਿਆ ਹੈ। ਮੇਤੋਂ ਏਦ੍ਹਾ ਕਹਿਣਾ ਨੀ ਮੋੜਿਆ ਗਿਆ। ਮੈਂ ਵੀ ਮਗਰ ਹੋ ਲਿਆ ਹਾਂ। ਪਰ ਮੇਰੇ ਅੰਦਰ ਇਕ ਡਰ ਜਿਹਾ ਵੀ ਹੈ ਕਿ ਕਿਤੇ 'ਹਰਨਾਕਸ਼' ਵਾਲ਼ੀ ਗੱਲ ਤੋਂ ਲਾਹ-ਪਾ ਨਾ ਕਰ ਦੇਵੇ।

ਇਹ ਪੂਰਾ ਤਪਿਆ ਪਿਆ ਏ।

ਤਪਿਆ ਤਾਂ ਰਾਤੀਂ ਮੈਂ ਵੀ ਸੀ। ਭਾਈ ਜੋਗਾ ਸਿੰਘ ਦੀਆਂ ਗੱਲਾਂ ਤੋਂ।

ਸ਼ਹੀਦ ਭਾਈ ਸਾਧਾ ਸਿੰਘ ਜੀ ਦੇ ਜਨਮ ਦਿਨ ਨੂੰ ਸਮਰਪਤ ਇਕ ਸੌ ਇਕ ਅਖੰਡ-ਪਾਠਾਂ ਦੀ ਲੜੀ ਦੇ ਅਖੀਰਲੇ ਗਿਆਰਾਂ ਪਾਠਾਂ 'ਚ ਪਾਠ ਨੰਬਰ ਨੌਂ ਦੇ ਇਨਚਾਰਜ ਹਨ ਭਾਈ ਜੋਗਾ ਸਿੰਘ।

ਪਾਠੀਆਂ ਨੂੰ ਰਾਤ ਨੂੰ ਰੌਲ਼ ਲਈ ਉਠਾਲਣ ਵਾਲ਼ਾ ਸਿੰਘ ਢਿੱਲਾ ਹੋਣ ਕਾਰਨ ਪਿਛਲੀ ਰਾਤੇ ਇਹ ਕੰਮ ਮੈਨੂੰ ਕਰਨਾ ਪਿਆ।

ਦਸ ਵਜੇ ਵਾਲ਼ੀ ਰੌਲ਼ ਲਾ ਕੇ ਭਾਈ ਜੋਗਾ ਸਿੰਘ ਆਪਣੇ ਵਿਸ਼ਰਾਮ ਕਰਨ ਵਾਲ਼ੇ ਕਮਰੇ ਵਿਚ ਆ ਗਿਆ। ਇਥੇ ਹੀ ਪਿਆ ਸੀ ਸਤਨਾਮ। ਸਤਨਾਮ ਵੀ ਪਾਠ ਨੰਬਰ ਨੌਂ ਦਾ ਪਾਠੀ ਸੀ। ਤੀਸਰਾ ਸਿੰਘ ਰੌਲ 'ਤੇ ਜਾ ਚੁੱਕਾ ਸੀ। ਕਮਰੇ 'ਚ ਜਗ੍ਹਾ ਵਿਹਲੀ ਦੇਖ ਕੇ ਮੈਂ ਵੀ ਉੱਥੇ ਹੀ ਟੇਢਾ ਹੋ ਗਿਆ!

ਉਹ ਗੱਲਾਂ ਕਰ ਰਹੇ ਸਨ।

ਮੈਨੂੰ ਝਪਕੀ ਆ ਗਈ।

ਜਦੋਂ ਦੁਬਾਰਾ ਮੇਰੀ ਅੱਖ ਖੁੱਲ੍ਹੀ ਤਾਂ ਸਤਨਾਮ ਜੋਗੇ ਨੂੰ ਆਖ ਰਿਹਾ ਸੀ:

"ਚੱਲ ਭਾਜੀ ਹੁਣ ਕੋਈ ਚੰਗੀ ਜਿਹੀ ਗੱਲ ਸੁਣਾ।"

"ਸਤਨਾਮ ਸਿੰਹਾਂ...ਆਪਾਂ ਲਈ ਇਸ ਤੋਂ ਚੰਗੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਆਪਾਂ ਪਾਠੀ ਬਣ ਗਏ ਹਾਂ। ਲੋਕੀ ਇੱਜ਼ਤ ਕਰਦੇ ਨੇ। ਦਾਲ਼-ਫੁਲਕਾ ਤੁਰ ਪਿਆ। ਨਹੀਂ ਆਪਾਂ ਨੂੰ ਤਾਂ ਅੱਠਵੀਂ ਤਕ ਏ. ਬੀ. ਸੀ. ਨੀ ਸੀ ਆਈ। ਆਹ ਪੰਜਾਬੀ ਮਾੜੀ ਮੋਟੀ ਜੋੜ-ਜੋੜ ਪੜ੍ਹ ਲਈਦੀ ਸੀ। ਲਿਖਣੀ ਤਾਂ ਉਹ ਵੀ ਨੀ ਸੀ ਆਈ। ਆਹ ਸੁਰਗਾਂ 'ਚ ਵਾਸਾ ਹੋਵੇ ਬਾਪੂ ਨਰੈਣ ਸਿੰਘ ਦਾ ਜੀਨ੍ਹੇ ਆਪਾਂ ਨੂੰ ਪਾਠੀ ਬਣਾ 'ਤਾ। ਉੱਦਾਂ ਸਤਨਾਮ ਪੜ੍ਹਨ ਦਾ ਜਿਵੇਂ ਹੁਣ ਮੇਰਾ ਝਾਕਾ ਜਿਹਾ ਖੁੱਲ੍ਹ ਗਿਆ ਹੋਵੇ। ਆਹ ਜ਼ਿੰਦਗੀ ਬਿਲਾਸ, ਪੂਰਨ ਭਗਤ, ਵਾਰਿਸ ਦੀ ਹੀਰ, ਕੰਵਲ ਤੇ ਨਾਨਕ ਸਿੰਘ ਦੇ ਕਈ ਨਾਵਲ ਮੈਂ ਪੜ੍ਹ ਸੁੱਟੇ ਨੇ। ਬੜਾ ਸੁਆਦ ਆਉਂਦਾ ਨਾਵਲ ਪੜ੍ਹਨ 'ਚ।"

"ਓ ਭਾਜੀ ਕੋਈ ਹੋਰ ਗੱਲ ਸੁਆਦੀ ਜਿਹੀ।" ਸਤਨਾਮ ਸ਼ਾਇਦ ਔਰਤ-ਮਰਦ ਦੇ ਸੰਬੰਧਾਂ



ਦੀਆਂ ਗੱਲਾਂ ਸੁਣਨ 'ਤੇ ਉਤਾਰੂ ਸੀ।

"ਦ੍ਵੈਤਾਂ ਚੱਕਿਆ ਸੁਆਦਾਂ ਦਾ-ਕੋਲ਼ ਮਾਸਟਰ ਜੀ ਪਏ ਆ।" ਜੋਗਾ ਸਿੰਘ ਟਾਲ਼ਾ ਵੱਟੀ ਜਾ ਰਿਹਾ ਸੀ।

"ਸੁਣਾ ਦੇ ਭਾਜੀ ਬਣਿਆਂ। ਮਾਸਟਰ ਜੀ ਤਾਂ ਘੂਕ ਸੁੱਤੇ ਪਏ ਆ।"

"ਸੁਣਾ ਦੇ ਭਾਜੀ ਬਣਿਆਂ। ਮਾਸਟਰ ਜੀ ਤਾਂ ਘੂਕ ਸੁੱਤੇ ਪਏ ਆ।" ਬੀਤੀ ਹੀ ਸੁਣਾ ਦਿੰਦਾਂ-ਕਿਸੇ ਦੀ ਕੀ

-ਲੈ ਸੁਣ ਲੈ-ਭਰ ਲੈ ਸੁਆਦਾਂ ਨਾਲ਼ ਢਿੱਡ-ਹੱਡ ਬੀਤੀ ਹੀ ਸੁਣਾ ਦਿੰਦਾਂ-ਕਿਸੇ ਦੀ ਕੀ ਕਰਨੀ:

-ਤੇਥੋਂ ਉਮਰ ਹਊ ਮੇਰੀ ਉਦੋਂ ਦੋ ਕੁ ਵਰ੍ਹੇ ਵੱਧ। ਵਿਆਹ ਹੋਏ ਨੂੰ ਵੀ ਦੋ ਕੁ ਸਾਲ ਹੀ ਹੋਏ ਸੀ। ਪਾਠੀ ਆਪਾਂ ਪੂਰੇ ਬਣ ਚੁੱਕੇ ਸੀ। ਬਾਪੂ ਨਰੈਣ ਸਿੰਘ ਨਾਲ਼ ਹੀ ਆਪਾਂ ਹੁੰਦੇ ਸਾਂ। ਪਿੰਡ ਸੀ ਉਹ...। ਚੱਲ ਪਿੰਡ ਦਾ ਨਾਂ ਕਾਹਨੂੰ ਲੈਣਾ। ਗਭਲਾ ਦਿਨ ਸੀ ਅਖੰਡ ਪਾਠ ਦਾ। ਰਾਤ ਨੂੰ ਬਾਰਾਂ ਵਜੇ ਮੈਂ ਰੌਲ਼ ਲਾ ਕੇ ਹਟਿਆ ਸੀ। ਲੋਹੜੀ ਦਾ ਮਹੀਨਾ। ਕੜਾਕੇ ਦੀ ਠੰਡ। ਵਰਾਂਡਾ-ਕਮ-ਰਸੋਈ 'ਚ ਅੱਗ ਬਲ਼ ਰਹੀ ਸੀ। ਇਥੋਂ ਹੀ ਰੌਲ਼ 'ਤੇ ਬੈਠਣ ਵਾਲ਼ੇ ਪਾਠੀ ਨੂੰ ਚਾਹ ਦਾ ਤੇ ਉੱਠਣ ਵਾਲ਼ੇ ਨੂੰ ਦੁੱਧ ਦਾ ਗੱਫਾ ਮਿਲ਼ਦਾ ਸੀ। ਧੂਪ ਵਾਲ਼ੇ ਕੌਲੇ ਲਈ ਮੱਘਦੇ ਕੋਲੇ ਵੀ ਇਥੋਂ ਜਾਂਦੇ ਸਨ। ਇਕ ਸੈਂਤੀ-ਛੱਤੀ ਸਾਲ ਦੀ ਬੀਬੀ ਇਹ ਸੇਵਾ ਨਿਭਾਅ ਰਹੀ ਸੀ। ਇਹ ਘਰ ਵਾਲ਼ਿਆਂ ਦੀ ਰਿਸ਼ਤੇਦਾਰੀ 'ਚੋਂ ਸੀ। ਪਹਿਲੇ ਦਿਨ ਨੀ ਸੀ ਦਿਸੀ। ਉਹਦਾ ਰੰਗ ਕਣਕ ਵੰਨਾ, ਭਰਵੀਂ ਛਾਤੀ ਤੇ ਸਰੀਰ ਸਿੱਧਾ ਸੀ। ਹਲਕੀ ਜਿਹੀ ਗੋਗੜ ਤੇ ਪੱਟ ਮੋਟੇ ਸਨ। ਨੱਕ ਮਿੱਢਾ ਸੀ। ਪਰ ਸਜਦੀ ਬਹੁਤ ਸੀ। ਉਹ ਮੇਰੀ ਰੌਲ਼ ਵਿਚਕਾਰ ਵੀ ਦੋ ਕੁ ਵਾਰ ਬੁਝਦੇ ਕੋਲਿਆਂ 'ਚ ਮਘਦੇ ਕੋਲੇ ਪਾ ਕੇ ਗਈ ਸੀ। ਮੇਰਾ ਅੰਦਰ ਵੀ ਮਘ ਉਠਦਾ ਸੀ ਜਦੋਂ ਉਹ ਮੇਰੇ ਵੱਲ ਤਿਰਛਾ ਜਿਹਾ ਝਾਕਦੀ ਸੀ। ਦਿਨੇ ਵੀ ਇਕ ਦੋ ਵਾਰ ਸਾਡੀ ਅੱਖ ਰਲ਼ੀ ਸੀ। ਮੇਰਾ ਧਿਆਨ ਉੱਖੜ-ਉੱਖੜ ਜਾਂਦਾ ਸੀ। ਮੈਂ ਜਬਰੀ ਧਿਆਨ ਪਾਠ 'ਚ ਲਾ ਰਿਹਾ ਸੀ।

-ਰੌਲ਼ ਤੋਂ ਉੱਠ ਕੇ ਮੈਂ ਰਸੋਈ 'ਚ ਜਾ ਕੇ ਬਲ਼ਦੀ ਅੱਗ ਮੂਹਰੇ ਬੈਠ ਗਿਆ। ਉਸ ਨੇ ਲੱਕੜਾਂ ਹਿਲਾ ਕੇ ਅੱਗ ਹੋਰ ਤੇਜ਼ ਕਰ 'ਤੀ।

"ਠੰਢ ਬ੍ਹਾਲ਼ੀ ਹੋ ਗਈ।" ਮੈਂ ਚੁੱਪ ਤੋੜੀ ਸੀ।

"ਤੁਹਾਡੀ ਉਮਰੇ ਠੰਢ ਕਿੱਥੇ? ਇਹ ਤਾਂ ਸਾਡੇ ਵਰਗੇ ਬੁੱਢਿਆਂ ਲਈ ਹੈ।" ਮੇਰੇ ਜੁਆਨ ਤੇ ਚੌੜੇ-ਚਿੱਟੇ ਸਰੀਰ ਨੂੰ ਨਿਹਾਰਦੀ ਹੋਈ ਉਹ ਮੇਰਾ ਨਾਂਅ ਵੀ ਪੁੱਛ ਗਈ ਸੀ।

"ਲੈ ਤੁਸੀਂ ਬੁੱਢੇ? ਅਜੇ ਤਾਂ ਜੁਆਨਾਂ ਨੂੰ ਮਾਤ ਪਾਉਂਦੇ ਹੋ। ਪੂਰੀ ਖਿੱਚ ਹੈ ਤੁਹਾਡੇ ਅੰਦਰ। ਸੱਚ ਮੁੱਚ ਬਹੁਤ ਸੋਹਣੇ ਹੋ ਤੁਸੀਂ। ਤੁਹਾਡੀ ਤੱਕਣੀ ਅਗਲੇ ਦਾ ਸਾਹ ਸੂਤ ਲੈਂਦੀ ਹੈ।" ਪਤਾ ਨੀ ਇੰਨਾ ਹੌਸਲਾ ਮੈਂ ਕਿੱਦਾ ਕਰ ਲਿਆ ਸੀ।

"ਅੱਛਾ ਜੋਗਾ ਸਿੰਘ ਜੀ, ਜੇ ਬਹੁਤੀ ਠੰਢ ਲੱਗਦੀ ਹੈ ਤਾਂ ਉਹ ਸਿਰੇ ਵਾਲ਼ੇ ਕਮਰੇ 'ਚ ਹੈ ਮੇਰਾ ਬਿਸਤਰਾ। ਉੱਥੇ ਚੱਲੋ-ਨਾਲ਼ੇ ਮੇਰੀ ਰਜਾਈ ਨਿੱਘੀ ਹੋ ਜੂ ਤੇ ਨਾਲ਼ੇ ਤੁਸੀਂ। ਮੈਂ ਦੁੱਧ ਤੁਹਾਨੂੰ ਉੱਥੇ ਹੀ ਫੜਾ ਦਿੰਦੀ ਹਾਂ। ਜ਼ਰਾ ਗਰਮ ਕਰ ਲਵਾਂ। ਨਾਲ਼ੇ ਧੂਪ ਵਾਲ਼ੇ ਕੌਲੇ ਦੇ ਕੋਲੇ ਮਘਾ ਆਮਾਂ।" ਦੋ ਕਨਾਲ਼ 'ਚ ਫਿਰਨੀ 'ਤੇ ਬਣੇ ਇਸ ਘਰ ਦੇ ਦੂਜੇ ਸਿਰੇ 'ਤੇ ਬਣੇ ਕਮਰੇ ਵੱਲ ਇਸ਼ਾਰਾ ਕਰਕੇ ਉਹ ਬੋਲੀ ਸੀ। ਬੜੇ ਠਰੰਮੇ ਨਾਲ਼।

-ਕੋਲੇ ਮੇਰੇ 'ਚ ਪੈ ਗਏ ਸਨ। ਅੰਦਰ ਮੇਰਾ 'ਮਘ' ਉੱਠਿਆ ਸੀ। ਬਿਨਾਂ ਦੇਰੀ ਕੀਤੇ ਮੈਂ ਕਮਰੇ ਵੱਲ ਤੁਰ ਪਿਆ ਸੀ।

-ਕਮਰੇ 'ਚ ਵੜਦੇ ਹੀ ਮੈਂ ਸਰਸਰੀ ਮੁਆਇਨਾ ਜਿਹਾ ਕੀਤਾ ਸੀ ਤੇ ਸਰੀਰ ਦੇ ਕੱਪੜੇ ਹਲਕੇ ਕਰਕੇ ਮੈਂ ਰਜਾਈ 'ਚ ਜਾ ਵੜਿਆ ਸੀ। ਅਜੀਬ ਜਿਹੀ ਮਹਿਕ ਤੇ ਸੁਆਦ ਜਿਹਾ ਆ ਰਿਹਾ ਸੀ। ਮਨ ਕਾਹਲ਼ਾ ਪੈ ਰਿਹਾ ਸੀ। ਉਤੇਜਨਾ ਵਧ ਰਹੀ ਸੀ।

-ਜੇ ਉਹ ਨਾ ਆਈ? ਲੈ ਆਊ ਕਿੱਦਾਂ ਨਾ? ਜੇ ਦੁੱਧ ਰੱਖਕੇ ਮੁੜਗੀ? ਲੱਗਦਾ ਤਾਂ ਨੀ

ਮੁੜੂ-ਆਪ ਹਿੰਮਤ ਕਰਾਂ? ਜੇ ਉਸ ਰੌਲ਼ਾ ਪਾ ਦਿੱਤਾ? ਹੈ ਕਮਲ਼ਾ-ਰੌਲ਼ਾ ਕਿੱਦਾਂ ਪਾਊ? ਦੁੱਧ ਰਸੋਈ 'ਚ ਵੀ ਤਾਂ ਪਿਲ਼ਾ ਸਕਦੀ ਸੀ। ਰਜਾਈ ਨਿੱਘੀ ਕਰਨ ਲਈ ਉਸ ਆਪ ਕਿਹਾ। ਉਹ ਆਊ-ਆਊ। ਲੱਗਦਾ ਰੱਬ ਛੱਪੜ ਪਾੜ ਕੇ ਦੇਊ-ਦੇਊ। ਉਹ ਹੁਣ ਆਉਂਦੀ ਕਾਹਤੋਂ ਨੀਂ? ਮੇਰਾ ਮਨ ਬੋਲੀ ਜਾ ਰਿਹਾ ਸੀ।

-ਪੋਲੇ ਜਿਹੇ ਦਰਵਾਜ਼ਾ ਖੁਲ੍ਹਿਆ-ਦਿਲ ਨੇ ਧੱਕ-ਧੱਕ ਕੀਤਾ-ਕਾਮੁਕ ਲਹਿਰ ਸਰੀਰ 'ਚ ਲਰਜ਼ਾ ਗਈ। ਉਹ ਦੱਬੇਂ ਪੈਰੀਂ ਅੰਦਰ ਲੰਘ ਆਈ। ਉਸ ਦਰਵਾਜ਼ਾ ਵੀ ਬੰਦ ਨਾ ਕੀਤਾ। ਕੌਲੀ ਨਾਲ਼ ਢਕਿਆ ਹੋਇਆ ਇਕ ਗਲਾਸ ਉਸ ਸ਼ੈਲਫ 'ਤੇ ਰੱਖ ਦਿੱਤਾ। ਉਹ ਮੁੜ ਦਰਵਾਜ਼ੇ ਵੱਲ ਵਧੀ। ਮੇਰਾ ਦਿਲ ਬੈਠਣ ਲੱਗਾ। ਉਹ ਬੋਲੀ ਵੀ ਨਾ। ਬਾਹਰ ਨਿਕਲ਼ ਗਈ। ਮੇਰੇ ਅੰਦਰ ਕੁਝ ਧੜੱਮ ਕਰਕੇ ਡਿੱਗ ਪਿਆ। ਸਰੀਰ ਦਾ ਕਸਾਅ ਢਿੱਲਾ ਪੈ ਗਿਆ। ਮੈਂ ਰੋਣ-ਹਾਕਾ ਹੋ ਗਿਆ।

-ਉਹ ਜਿਨ੍ਹੀਂ ਪੈਰੀਂ ਗਈ ਸੀ, ਉਨ੍ਹੀਂ ਹੀ ਵਾਪਸ ਆ ਗਈ। ਜਿਵੇਂ ਵਿਹੜੇ ਦਾ ਮੁਆਇਨਾ ਕਰਕੇ ਆਈ ਹੋਵੇ। ਸਰੀਰ 'ਚ ਝਰਨਾਟ ਜਿਹੀ ਫਿਰੀ। ਪਾਰਾ ਫਿਰ ਉਤਾਂਹ ਵੱਲ ਜਾਣਾ ਸ਼ੁਰੂ ਹੋ ਗਿਆ।

-ਉਸ ਅੰਦਰ ਵੜਦੀ ਨੇ ਚਿਟਕਣੀ ਲਾ ਲਈ। ਸ਼ਾਲ ਲਾਹ ਕੇ ਉਸ ਕੋਲ਼ ਪਈ ਕੁਰਸੀ 'ਤੇ ਵਗਾਹ ਮਾਰਿਆ -ਫੇ ਕੋਟੀ-ਫੇ ..।

-ਉਹ ਮੇਰੇ 'ਤੇ ਢਹਿ ਪਈ। ਕਾਹਲ਼ੀ-ਕਾਹਲ਼ੀ ਚੱਟਣ ਚੁੰਮਣ ਲੱਗੀ। ਮੈਂ ਉਸ ਤੋਂ ਵੀ ਤੇਜ਼। ਮੈਂ ਛੇਤੀ ਹੀ ਡਿੱਗ ਪਿਆ। ਮਨ ਕੱਚਾ ਜਿਹਾ ਹੋ ਗਿਆ। ਕਚਿਆਣ ਸ਼ਾਇਦ ਉਹਨੂੰ ਵੀ ਆਈ ਸੀ। ਫਿਰ ਉਹ ਮੁਸਕਰਾਈ ਸੀ। ਪਤਾ ਨੀ ਆਪੇ 'ਤੇ ਜਾਂ ਫਿਰ ਮੇਰੇ 'ਤੇ। ਕੱਪੜੇ ਠੀਕ ਕਰਦੀ ਉਹ ਬੋਲੀ ਸੀ:

"ਜੋਗਾ ਸਿੰਘ ਜੀ-ਤੁਸੀਂ ਘੰਟਾ ਭਰ ਰਜਾਈ ਦਾ ਹੋਰ ਨਿੱਘ ਮਾਣ ਲਵੋ। ਬੇਫਿਕਰ ਹੋ ਕੇ। ਮੈਂ ਡੇਢ ਵਜੇ ਦੇ ਕਰੀਬ ਆਵਾਂਗੀ। ਮਾਸੜ ਜੀ ਖੂਹ 'ਤੇ ਜਾ ਚੁੱਕੇ ਹਨ। ਉਹ ਚਾਰ ਵਜੇ ਆਉਣਗੇ। ਦੋ ਵਜੇ ਵਾਲ਼ੀ ਰੌਲ਼ ਕਿਰਪੇ ਭਾਈ ਦੀ ਹੈ। ਉਹ ਘਰ ਜਾ ਚੁੱਕਾ ਹੈ। ਪਿੰਡ ਦਾ ਕਰਕੇ। ਉਸ ਆਪੇ ਆ ਜਾਣਾ ਹੈ। ਤੁਸੀਂ ਦੁੱਧ ਛਕੋ। ਕੌਲੀ ਵਿਚ ਘੇ ਹੈ।"

-ਉਹ ਅਗਲਾ ਪ੍ਰੋਗਰਾਮ ਦੱਸਦੀ ਹੋਈ ਮੈਨੂੰ ਬੇਫਿਕਰ ਕਰ ਗਈ ਸੀ।

-ਪਰ ਮੈਨੂੰ ਫਿਕਰ ਲੱਗ ਗਿਆ ਸੀ। ਬਾਪੂ ਨਰੈਣ ਸਿੰਘ ਦਾ ਚੇਤਾ ਆਉਣ ਨਾਲ਼-ਜੇ ਬਾਪੂ ਨੂੰ ਮੇਰੀ ਕਰਤੂਤ ਦਾ ਪਤਾ ਲੱਗ ਗਿਆ? ਉਹ ਖੂੰਡਾ ਫੇਰੂ ਹੀ ਫੇਰੂ। ਲੱਤ ਤੋੜ ਕੇ ਜ਼ਰੂਰ ਘਰ ਬਠਾਲੂ। ਉਸ ਨੇ ਸੁਣਨਾ ਥੋੜ੍ਹਾ।

-ਮੈਨੂੰ ਬਾਪੂ ਦੇ ਬੋਲ ਸੁਣਨ ਲੱਗ ਪਏ ਸਨ। ਸਾਨੂੰ ਪਾਠ ਸਿੱਖਦੇ ਚਾਰ ਮੁੰਡਿਆਂ ਨੂੰ ਉਸ ਇਕ ਦਿਨ ਕਿਹਾ ਸੀ:

"ਤੁਸੀਂ ਹੋਵੋਗੇ ਰੱਬ ਦੇ ਵਜ਼ੀਰ-ਲੋਕਾਂ ਲਈ। ਲੋਕ ਹੋਣਗੇ ਤੁਹਾਡੇ ਅੰਨ ਦਾਤਾ। ਤੁਹਾਡੀਆਂ ਥਾਲ਼ੀਆਂ ਹੋਣਗੀਆਂ ਲੋਕਾਂ ਦੇ ਘਰ। ਅਗਰ ਛੇਕ ਕਰੋਗੇ ਤਾਂ ਲੋਕੋਂ ਪਰਲੋਕੋਂ ਧੱਕੇ ਜਾਓਗੇ। ਰੱਬ ਦੀ ਲਾਠੀ ਚੱਲੂ-ਚੱਲੂ। ਹਾਂ ਰੱਬ ਵੱਲੋਂ ਭਾਵੇਂ ਦੇਰ ਹੋ ਜਾਵੇ ਪਰ ਮੇਰਾ ਖੂੰਡਾ ਦੇਰ ਨੀ ਕਰੂ। ਇਕ ਲੱਤ ਜ਼ਰੂਰ ਤੋੜੂ-ਤਾਂਕਿ ਛੇ ਮਹੀਨੇ ਮੰਜੇ 'ਤੇ ਪੈ ਕੇ ਪਛਤਾ ਸਕੋ। ਕਈ ਵਾਰ ਵਾਹਿਗੁਰੂ ਆਪ ਪਰੀਖਿਆ ਲਊ-ਡੋਲਣਾ ਨਹੀਂ।"

ਪਰ ਮੈਂ ਤਾਂ ਡੋਲ ਗਿਆ ਸੀ। ਪਹਿਲਾਂ ਨਾਰੀ ਦੇਹ ਲਈ ਤੇ ਫਿਰ ਬਾਪੂ ਦੇ ਡਰ ਨਾਲ਼।

ਬਾਪੂ ਦਾ ਡਰ ਸੀ ਵੀ ਸੱਚਾ।

ਬਾਪੂ ਦੇ ਸੱਚੇ ਸੁੱਚੇ ਜੀਵਨ ਦੀ ਧਾਂਕ ਸੀ ਚੁਫੇਰੇ। ਪੱਕਾ ਨਿੱਤਨੇਮੀ। ਕਹਿਣੀ ਕਰਨੀ ਦਾ ਪੂਰਾ। ਹੱਕ ਸੱਚ ਲਈ ਮਰ ਮਿਟਣ ਵਾਲ਼ਾ। ਗਊ ਗ਼ਰੀਬ ਦਾ ਰਾਖਾ।

ਇਕ ਵਾਰੀ ਗ਼ਰੀਬ ਨਾਈਆਂ ਦੀ ਕੁੜੀ ਛੇੜ 'ਤੀ ਬਾਪੂ ਦੇ ਮੁੰਡੇ ਜਸਵੰਤ ਨੇ। ਕੁੜੀ ਨੇ ਚੰਗੀ ਲਾਹ-ਪਾਹ ਕਰ 'ਤੀ। ਪਿੰਡ 'ਚ ਰੌਲ਼ਾ ਪੈ ਗਿਆ। ਨਾਈ ਵਿਚਾਰੇ ਡਰਦੇ-ਡਰਦੇ ਬਾਪੂ ਕੋਲ਼ ਗਏ। ਬਾਪੂ ਨੇ ਉਹਨਾਂ ਨੂੰ ਪੰਚਾਇਤ ਜੋੜਨ ਲਈ ਕਿਹਾ। ਨਾਈ ਕਹਿਣ ਸਾਡੀ ਇੱਜ਼ਤ ਖਰਾਬ ਹੁੰਦੀ ਹੈ।



ਬਾਪੂ ਕਹੇ ਤੁਹਾਡੀ ਇੱਜ਼ਤ ਮੈਂ ਬਣਾਊਂ।
ਮਿਥੇ ਸਮੇਂ 'ਤੇ ਦਰਵਾਜ਼ੇ ਕੱਠ ਹੋ ਗਿਆ ਸੀ।
ਬਾਪੂ ਸਰਪੰਚ ਨੂੰ ਕਹੇ ਮੁੰਡੇ ਨੂੰ ਡੰਨ ਲਾਵੋ। ਪੰਚਾਇਤ ਕਹੇ ਕਿ ਕੁੜੀ ਨੇ ਮੌਕੇ 'ਤੇ ਹੀ ਕੁੱਤੇ
ਖਾਣੀ ਬਥੇਰੀ ਕਰ 'ਤੀ ਸੀ-ਹੁਣ ਗ਼ਲਤੀ ਫੇਰ ਮੰਨਵਾ ਦਿੰਦੇ ਹਾਂ।
ਬਾਪੂ ਕਹੇ ਕਿ ਇਹ ਤੁਹਾਡਾ ਅਦਲ ਨਹੀਂ। ਕੁੜੀ ਹਿੰਮਤ ਵਾਲ਼ੀ ਸੀ। ਉਸ ਇਹਦੀ ਖਿੜ-
ਖੱਪ ਕਰ 'ਤੀ। ਤੁਸੀਂ ਵੀ ਹਿੰਮਤ ਦਿਖਾਉ।
ਪੰਚਾਇਤ ਕਹਿੰਦੀ ਬਾਪੂ ਜੀ ਜੋ ਕਰਨਾਂ ਤੁਸੀਂ ਆਪ ਕਰੋ।
ਬਾਪੂ ਖੂੰਡਾ ਖੜਕਾ ਕੇ ਕਹਿੰਦਾ ਕਿ ਮੈਂ ਤਾਂ ਇਹਦੀ ਇਕ ਲੱਤ ਤੋੜੂੰ। ਦੋ ਸਿਆਣੇ ਬਾਪੂ ਮੂਹਰੇ
ਹੱਥ ਬੰਨ੍ਹ ਕੇ ਖੜ੍ਹ ਗਏ ਸਨ। ਉਹਨਾਂ ਨੂੰ ਬਾਪੂ ਦੀ ਕਥਨੀ-ਕਰਨੀ ਦਾ ਪਤਾ ਸੀ। ਬਾਪੂ ਕੁਝ ਢੈਲ੍ਹਾ
ਪਿਆ ਸੀ। ਫਿਰ ਉਸ ਇਕ ਬੱਚਾ ਗੁਆਂਢੀਆਂ ਦੇ ਘਰ ਦੌੜਾਇਆ ਸੀ। ਗੁਆਂਢੀਆਂ ਦੇ ਘਰੋਂ ਬਾਪੂ
ਦੀ ਘਰਵਾਲੀ ਨਾਈਆਂ ਦੀ ਕੁੜੀ ਨੂੰ ਲੈ ਕੇ ਸੱਥ ਵਿਚ ਪਹੁੰਚ ਗਈ। ਸਾਰੇ ਹੱਕੇ ਬੱਕੇ ਰਹਿ ਗਏ ਸਨ।
ਖੀਸੇ 'ਚੋਂ ਮੌਲੀ ਦਾ ਇਕ ਤੰਦ ਕੱਢ ਕੇ ਬਾਪੂ ਨੇ ਆਪਣੇ ਮੁੰਡੇ ਨੂੰ ਕਿਹਾ ਸੀ: "ਉੱਠ ਦੁਸ਼ਟਾ-
ਆਹ ਫੜ ਮੌਲੀ-ਕਹਿ ਕੁੜੀ ਨੂੰ ...ਭੈਣ ਮੇਰੇ ਰੱਖੜੀ ਬੰਨ੍ਹ।"
ਦੱਸਦੇ ਨੇ ਮੁੰਡੇ ਨੇ ਥੋੜ੍ਹੀ ਝਿਜਕ ਦਿਖਾਈ ਸੀ ਪਰ ਬਾਪੂ ਵੱਲੋਂ ਧਰਤੀ 'ਤੇ ਖੂੰਡਾ ਖੜਕਾਉਣ
ਨਾਲ਼ ਮੁੰਡੇ ਨੇ ਸਾਰਾ ਕੰਮ ਫੁਰਤੀ ਨਾਲ਼ ਨਿਬੇੜ 'ਤਾ ਸੀ। ਤੇ ਬਾਪੂ ਨੇ ਭਰੀ ਸਭਾ 'ਚ ਐਲਾਨ ਕੀਤਾ ਸੀ:
"ਅੱਜ ਤੋਂ ਅਰਜਨ ਨਾਈ ਦੀ ਧੀ ਮਿੰਦੋ, ਮੇਰੀ ਧੀ ਏ। ਮਿੰਦੋ ਤੋਂ ਹਰ ਸਾਲ ਜਸਵੰਤ ਰੱਖੜੀ
ਬੰਨ੍ਹਾਇਆ ਕਰੇਗਾ। ਮਿੰਦੋ ਦਾ ਵਿਆਹ ਮੈਂ ਖੁਦ ਕਰਾਂਗਾ।"

ਆਂਹਦੇ ਕੁੜੀ ਭੱਜ ਕੇ ਬਾਪੂ ਦੇ ਗਲ਼ ਲੱਗ ਗਈ ਸੀ। ਉਹ ਧਾਹੀਂ ਰੋ ਰਹੀ ਸੀ। ਬਾਪੂ ਨੇ ਖੂੰਡਾ ਸੁੱਟ ਕੁੜੀ ਨੂੰ ਕਲਾਵੇ 'ਚ ਲੈ ਲਿਆ ਸੀ। ਉਹ ਉਸਦਾ ਸਿਰ ਪਲੋਸਦਾ ਤੇ ਹੌਸਲਾ ਦਿੰਦਾ ਖੁਦ ਭਾਵੁਕ ਹੋ ਰਿਹਾ ਸੀ। ਤੇ ਰੋਂਦੀ ਹੋਈ ਕੁੜੀ ਨੇ ਕਿਹਾ ਸੀ:

"ਬਾਪੂ ਜੀ ਮੈਨੂੰ ਵੀ ਅੰਮ੍ਰਿਤ ਛਕਾ ਦਿਉ।"

ਇਸ ਦ੍ਰਿਸ਼ ਨੂੰ ਦੇਖ ਕੇ ਸੱਥ ਵਿਚ ਖੜ੍ਹੇ ਕਈਆਂ ਦੀਆਂ ਅੱਖਾਂ ਭਰ ਆਈਆਂ ਸਨ। ਬਾਪੂ ਖੁਦ ਰੋਣ ਲੱਗ ਪਿਆ ਸੀ।

ਪਰ ਮੈਨੂੰ ਬਾਪੂ ਖੂੰਡਾ ਉਲਾਰੀ ਆਪਣੇ ਵੱਲ ਆਉਂਦਾ ਦਿਸਣ ਲੱਗ ਪਿਆ ਸੀ। ਉਸਦੇ ਡਰ ਨਾਲ਼ ਮੇਰੀ ਚੁੱਪ ਬੋਲਣ ਲੱਗ ਪਈ ਸੀ:

-ਜੇ ਬਾਪੂ ਸੱਚੀਂ ਏਥੇ ਆ ਜਾਵੇ? ਲੈ ਉਹ ਕਿੱਥੋਂ ਆ ਜੂ? ਉਹ ਤਾਂ ਪਿੰਡ ਗਿਆ ਹੋਇਆ ਏ। ਫਿਰ ਵੀ ਕੀ ਪਤਾ ਉਸ ਫਰਿਸ਼ਤੇ ਦਾ?

-ਮੇਰੇ ਸਰੀਰ ਵਿਚ ਡਰ ਨਾਲ਼ ਕੰਬਣੀ ਜਿਹੀ ਲਰਜ਼ਾ ਰਹੀ ਸੀ। ਫਿਰ ਅਚਾਨਕ ਹੀ ਘੰਟਾ ਕੁ ਪਹਿਲਾਂ ਮਾਣੇ 'ਅਨੰਦ' ਦੀ ਯਾਦ ਨੇ ਕੰਬਣੀ ਨੂੰ ਕਰਜ਼ਾਈ ਵਿਚ ਬਦਲਣਾ ਸ਼ੁਰੂ ਕਰ ਦਿੱਤਾ। ਮਨ ਫਿਰ ਕਾਹਲ਼ਾ ਪੈਣ ਲੱਗਾ। ਖ਼ੂਨ ਦਾ ਚੱਕਰ ਤੇਜ਼ ਹੋ ਗਿਆ। ਨਜ਼ਰ ਵਾਰ-ਵਾਰ ਕਦੀ ਘੜੀ ਵੱਲ ਜਾਵੇ ਤੇ ਕਦੀ ਦਰਵਾਜ਼ੇ ਵੱਲ।

ਅਚਾਨਕ ਦਰਵਾਜ਼ਾ ਖੁੱਲ੍ਹਿਆ। ਉਹ ਅੰਦਰੰ ਆ ਗਈ। ਉਸ ਕੁੰਡੀ ਲਾ ਦਿੱਤੀ। ਮੇਰੇ ਨਾਲ਼ ਪੈ ਗਈ। ਉਸ ਵਿਚ ਕੋਈ ਕਾਹਲ਼ੀ ਨਹੀਂ ਸੀ। ਉਸ ਨਾਲ਼ ਪੈਂਦੀ ਨੇ ਮੈਨੂੰ ਟੋਹਿਆ। ਤਸੱਲੀ ਹੋਣ 'ਤੇ ਉਸ ਮੈਨੂੰ ਨਾਲ਼ ਘੁੱਟ ਲਿਆ। ਮੇਰਾ ਪ੍ਰਤੀਕਰਮ ਉਡੀਕੇ ਬਿਨਾਂ ਹੀ ਉਹ ਉੱਠ ਬੈਠੀ। ਸਾਡੇ ਹੱਥ ਇਕ ਦੂਜੇ ਦੇ ਕੰਮ ਆਉਣ ਲੱਗੇ। ਕਾਲ਼ੀ ਕਚਮਰੜ ਜਿਹੀ ਲੈਚੀ ਮੇਰੇ ਹੱਥ ਫੜਾ ਕੇ ਫਿਰ ਉਹ ਇਕ ਟੀਚਰ ਵਾਂਗ ਸਬਕ ਦੇਣ ਲੱਗ ਪਈ ਸੀ:

"ਇਹ ਮੰਤਰੀ ਹੋਈ ਲੈਚੀ ਹੈ। ਇਸ ਨੂੰ ਮੂੰਹ ਵਿਚ ਪਾਉ। ਪਹਿਲੇ ਕਦਮ 'ਤੇ ਇਸ ਨੂੰ ਖੱਬੀ

ਦਾੜ੍ਹ ਥੱਲੇ ਲਿਜਾ ਕੇ ਪੋਲਾ ਜਿਹਾ ਦਬਾ ਕੇ ਮੂੰਹ 'ਚ ਕਹਿਣਾ-ਇਕ-ਇਸੇ ਤਰ੍ਹਾਂ ਦੂਜੇ ਕਦਮ 'ਤੇ ਸੱਜੀ ਦਾੜ੍ਹ ਥੱਲੇ ਲਿਜਾ ਕੇ ਕਹਿਣਾ-ਦੋ। ਫਿਰ ਅਗਲੇ ਕਦਮ 'ਤੇ ਖੱਬੀ ਥੱਲੇ ਇਕ-ਉਸ ਤੋਂ ਅਗਲੇ 'ਤੇ ਸੱਜੀ ਦਾੜ੍ਹ ਥੱਲੇ ਦੋ। ਇਸ ਤਰ੍ਹਾਂ ਵਾਰੋ ਵਾਰੀ ਇਕ-ਦੋ, ਇਕ-ਦੋ ਬੋਲੀ ਜਾਣਾ। ਹਾਂ ਸੱਚ-ਕਦਮ-ਕੁਦਮ ਤੇਰੀ ਹਿੰਮਤ ਹੈ-ਪਰ ਲੈਚੀ 'ਤੇ ਦਬਾਅ ਹਲਕਾ ਪਾਉਣਾ-ਅਗਰ ਲੈਚੀ ਟੁੱਟ ਗਈ ਤਾਂ ਸਮਝੋ ਪੀਂਘ ਟੁੱਟ ਗਈ।"

ਮੈਂ ਉਸ ਦੀਆਂ ਹਦਾਇਤਾ 'ਤੇ ਅਮਲ ਕਰਨ ਲੱਗਾ। ਇਕ ਦੋ ਉਕਾਈਆਂ ਮਗਰੋਂ ਮੇਰੀਆਂ ਕਿਰਿਆਵਾਂ ਵਿਚ ਚੰਗਾ ਤਾਲਮੇਲ ਬੈਠ ਗਿਆ।

ਅਸੀਂ ਸੁਆਦਾਂ ਦੇ ਸਮੁੰਦਰੀਂ ਡੁੱਬ ਗਏ।

ਫਿਰ ਅਚਾਨਕ ਹੀ ਪਤਾ ਨਹੀਂ ਉਸਨੂੰ ਕੀ ਹੋਇਆ। ਉਸ ਦੋਹਾਂ ਹੱਥਾਂ ਨਾਲ਼ ਮੇਰਾ ਸਿਰ ਫੜ ਲਿਆ। ਮੇਰੇ ਮੂੰਹ 'ਚ ਮੂੰਹ ਪਾ ਕੇ ਲੈਚੀ ਆਪਣੇ ਮੂੰਹ 'ਚ ਲੈ ਗਈ।

ਮੈਂ ਤੇਜ਼ ਦੌੜਨ ਲੱਗਾ।

ਅਸੀਂ ਦੋਨੋਂ ਹਫ ਗਏ।

ਘੜੀ ਵੱਲ ਦੇਖ ਉਸ ਮੈਨੂੰ ਛੇਤੀ ਜਾਣ ਲਈ ਕਿਹਾ ਤੇ ਨਾਲ਼ ਹੀ ਚਿਤਾਵਨੀ ਵਜੋਂ ਆਖਿਆ ਸੀ:

"ਫਿਰ ਕਦੇ ਕੋਸ਼ਿਸ਼ ਨਾ ਕਰਨਾ।"

ਪਰ ਮੇਰੇ ਕੋਲ਼ੋਂ ਕੋਸ਼ਿਸ਼ ਹੋ ਗਈ। ਦੋ ਕੁ ਮਹੀਨਿਆਂ ਬਾਅਦ ਹੀ। ਇਸੇ ਡੇਰੇ ਵਿਚ। ਇਕ ਐਤਵਾਰ ਸੀ। ਮੈਂ ਇਕ ਅਖੰਡ ਪਾਠ 'ਤੇ ਆਇਆ ਹੋਇਆ ਸੀ। ਐਵੇਂ ਹੀ ਸਵੇਰੇ ਸਵੇਰੇ 'ਪਸ਼ੂਘਰ' ਵੱਲ ਨਿਕਲ਼ ਆਇਆ। ਉਹ ਝੋਲ਼ਾ ਫੜੀ 'ਪਸ਼ੂਘਰ' ਦਾਖਲ ਹੁੰਦੀ ਮੇਰੀ ਨਜ਼ਰ ਪੈ ਗਈ। ਮੇਰੇ ਕਦਮ ਤੇਜ਼ ਹੋ ਗਏ। ਮੈਂ ਦੇਖਿਆ ਕਿ ਉਹ ਗਾਵਾਂ ਨੂੰ ਆਟੇ ਦੀਆਂ ਪੇੜੀਆਂ ਦੇ ਰਹੀ ਸੀ। ਇਕ ਇਕ ਪੇੜੀ ਉਹ ਸਭ ਨੂੰ ਦਿੰਦੀ ਗਈ ਤੇ ਅਖੀਰ 'ਚ 'ਵਲੈਤੀ ਵੱਠੇ' ਅੱਗੇ ਝੋਲ਼ਾ ਝਾੜ ਦਿੱਤਾ। ਉਹ ਵਾਪਸ ਤੁਰ ਪਈ। ਕੋਲ਼ੋਂ ਲੰਘਣ ਲੱਗੀ ਤੇ ਮੈਂ ਹੌਸਲੇ ਨਾਲ਼ ਪੁੱਛ ਹੀ ਲਿਆ:

"ਕਿੱਦਾਂ-ਬਣੂ ਕੋਈ ਜੁਗਾੜ? ਕਿਤੇ ਮੰਤਰੀ ਲੈਚੀ ...।"

ਉਹ ਗੁਸੈਲ਼ਾ ਜਿਹਾ ਬੋਲੀ ਸੀ:

"ਕੰਮ ਕਰ ਆਪਣਾ, ਮੈਂ ਕੋਈ ਮੱਝ ਗਾਂ ਹਾਂ ਜੋ ਕਿੱਲੇ 'ਤੇ ਬੱਝੀ ਰਹਾਂ?"

-ਉਹ ਤੁਰਦੀ ਬਣੀ ਸੀ। ਮੈਂ ਖੜ੍ਹਾ ਹੀ ਰਹਿ ਗਿਆ ਸੀ। ਇਕੱਲਾ। ਪਸ਼ੂਘਰ 'ਚ।

ਪਸ਼ੂਘਰ 'ਚ ਮੈਂ ਤੇ ਸੱਤੀ ਹੁਣ ਵੀ ਪਹੁੰਚ ਚੁੱਕੇ ਹਾਂ। ਬੰਤ ਸਿੰਘ ਦੀ ਬੈਠਕ ਮੂਹਰੇ ਤਖ਼ਤਪੋਸ਼ 'ਤੇ ਬੈਠ ਗਏ ਹਾਂ। ਬੰਤ ਸਿੰਘ ਨਜ਼ਰੀਂ ਨੀ ਆ ਰਿਹਾ। ਸ਼ਾਇਦ ਲੰਗਰਖਾਨੇ ਗਿਆ ਹੋਵੇ। ਜਾਂ ਫਿਰ ਮੇਲੇ 'ਚ ਗੇੜੀ ਲਾਉਣ ਚਲੇ ਗਿਆ ਹੋਊ। ਮੈਨੂੰ ਧੁੜਕੂ ਜਿਹਾ ਫਿਰ ਲੱਗ ਗਿਆ ਹੈ ਕਿ ਕਿਤੇ ਸੱਤੀ ਪੁੱਛਣ ਹੀ ਨਾ ਲੱਗ ਜਾਵੇ ਕਿ ਅੰਕਲ 'ਹਰਨਾਕਸ਼' ਕਿਸਨੂੰ ਕਿਹਾ ਸੀ? ਉਹ ਉੱਠ ਕੇ ਟਾਇਲਟ ਵੱਲ ਚਲੇ ਗਿਆ ਹੈ। ਮੈਨੂੰ ਸੁਖ ਦਾ ਸਾਹ ਆਇਆ ਹੈ।

'ਮੱਝਾਂ-ਗਾਵਾਂ 'ਚੋਂ ਕੋਈ ਖੁਰਲੀ 'ਚ ਮੂੰਹ ਮਾਰ ਰਹੀ ਹੈ। ਕੋਈ ਆਰਾਮ ਨਾਲ਼ ਖੜੀ ਉਗਾਲ਼ੀ ਕਰ ਰਹੀ ਹੈ ਤੇ ਕੋਈ ਬੈਠੀ। ਪਰ ਪਰਸੋਂ ਲਿਆਂਦਾ ਵਲੈਤੀ ਨਸਲ ਦਾ 'ਢੱਟਾ' ਬੜਾ ਬੇਆਰਾਮ ਹੈ। ਇਹ ਕਦੇ ਮਿੱਟੀ 'ਚ ਸਿਰ ਦੇ ਰਿਹਾ ਹੈ। ਕਦੇ ਕਿੱਲੇ ਨਾਲ਼ ਟੱਕਰਾਂ ਮਾਰ ਰਿਹਾ ਹੈ। ਸ਼ਾਇਦ ਏਹਨੂੰ ਵੀ ਕਿੱਲੇ ਨਾਲ਼ ਬੱਝੇ ਰਹਿਣਾ ਮਨਜ਼ੂਰ ਨਹੀਂ।

ਮੈਨੂੰ ਜੋਗਾ ਸਿੰਘ ਫਿਰ ਯਾਦ ਆ ਗਿਆ ਹੈ।

ਸਤਨਾਮ ਉਸਨੂੰ ਅੱਗੇ ਪੁੱਛ ਰਿਹਾ ਸੀ:

"ਭਾਜੀ ਦਾਰੂ-ਸ਼ਾਰੂ ਬਾਰੇ ਕੀ ਵਿਚਾਰ ਹੈ?"



-ਸਤਨਾਮ ਸਿਹਾਂ ਸਾਰੇ ਪਾਸੀਂ ਪੜਦੇ-ਛੜਦੇ ਹੀ ਨੇ। ਲੈ ਜਿਸ ਪਿੰਡ 'ਚ ਮੈਂ ਰਹਿੰਦਾ ਹਾਂ-ਪਿੰਡ ਵਾਲ਼ਿਆਂ ਮੈਨੂੰ ਰਿਹਾਇਸ਼ ਵੀ ਗੁਰਦੁਆਰੇ 'ਚ ਹੀ ਦਿੱਤੀ ਹੋਈ ਹੈ। ਸੋ ਗੁਰੂ ਘਰ ਕਰਕੇ ਬ੍ਹਾਲ਼ਾ ਹੀ ਪੜਦਾ ਰੱਖਣਾ ਪੈਂਦਾ। ਪਰ ਚੱਲੀ ਜਾਂਦਾ ਸਭ ਕੁਝ। ਲੈ ਹੋਰ ਸੁਣ-ਉਸ ਪਿੰਡ ਦਾ ਇਕ ਬੰਦਾ ਏ ਮੇਜਰ ਸਿੰਘ। ਉਹ ਹਰ ਸਾਲ ਆਉਂਦਾ ਕਨੇਡਾ ਤੋਂ-ਤੇ ਹਰ ਸਾਲ ਹੀ ਇਕ ਬਾਹਰਲੀ ਬੋਤਲ ਪੜਦੇ ਨਾਲ ਦੇ ਦਿੰਦਾ ਹੁੰਦਾ। ਐਤਕੀਂ ਉਹ ਆਪਣੀ ਕੁੜੀ 'ਸਵੀਟੀ' ਦਾ ਵਿਆਹ ਕਰਨ ਆਇਆ ਸੀ। ਉਸ ਦਾ ਟੱਬਰ ਨਾਲ਼ ਸੀ। ਜਕ ਜਿਹੀ 'ਚ ਹੀ ਮੈਂ ਮਿਲ਼ਣ ਜਾਣ 'ਚ ਹੋ ਗਿਆ ਲੇਟ। ਇਕ ਦਿਨ ਉਸ ਦਾ ਸੁਨੇਹਾ ਹੀ ਆ ਗਿਆ। ਮਿਲ਼ ਕੇ ਜਦੋਂ ਮੈਂ ਵਾਪਸ ਆਉਣ ਲੱਗਾ ਤਾਂ ਮੇਜਰ ਮੈਨੂੰ ਪਿਛਲੇ ਅੰਦਰ ਲੈ ਗਿਆ ਤੇ ਬੋਲਿਆ :

"ਭਾਈ ਜੀ ਐਤਕੀਂ ਬਾਹਰਲੀ ਬਚਾ ਨੀ ਸਕਿਆ ਤੁਹਾਡੇ ਲਈ। ਲੈ ਤਾਂ ਇਸ ਵਾਰ ਮੈਂ ਚਾਰ ਆਇਆ ਸੀ-ਜਾਨੀਵਾਕਰ ਬਲੈਕ ਲੇਬਲ ਦੀਆਂ। ਕੱਲ ਐੱਮ. ਐੱਲ. ਏ. ਆ ਗਿਆ। ਪੀਂਦੇ-ਪੀਂਦੇ ਦੱਸ ਹੋ ਗਿਆ ਕਿ ਐਤਕੀਂ ਚਾਰ ਲੈ ਕੇ ਆਇਆ ਹਾਂ। ਦੋ ਤਾਂ ਅਸੀਂ ਨੇੜੇ ਹੀ ਕਰਤੀਆਂ। ਦੋ ਮੰਗ ਕੇ ਲੈ ਗਿਆ। ਸਾਲ਼ਾ ਖਹਿੜੇ ਹੀ ਪੈ ਗਿਆ। ਭੁੱਖ ਕਿਤੋਂ ਦੀ।

"ਖੈਰ ਸ਼ਰਾਬ ਤਾਂ ਸ਼ਰਾਬ ਹੁੰਦੀ ਐ-ਐਵੇਂ ਬਾਹਰਲੀ ਦੀ ਖਿੱਚ ਹੀ ਹੈ। ਅਸੀਂ ਤਾਂ ਅੱਕੇ ਪਏ ਹਾਂ ਬਾਹਰਲੀ ਤੋਂ। ਆਹ ਮੈਂ ਅੱਜ ਹੀ ਲੈ ਕੇ ਆਇਆ ਹਾਂ ਪੀਟਰ ਸਕਾਚ ਦੀ ਪੇਟੀ-ਖੋਲ੍ਹੋ ਏਸ ਨੂੰ। ਕਰੋ ਮਹੂਰਤ। ਲਾਉ ਭੋਗ। ਇਕ ਬੋਤਲ ਦਿਉ ਡੱਬ 'ਚ। ਤੇ ਆਹ ਚੁੱਕੋ ਮੀਟ ਦਾ ਭਰਿਆ ਡੋਲੂ-ਜਾ ਕੇ ਕਰੋ ਇਨਜੁਆਏ।"

-ਆਪਾਂ ਬੋਤਲ ਦਿੱਤੀ ਡੱਬ 'ਚ-ਉੱਤੇ ਕਸਿਆ ਕਮਰ ਕਸਾ-ਸਤਿਨਾਮ ਕਹਿ ਕੇ ਚੁੱਕਿਆ ਡੋਲੂ ਤੇ ਘਰ ਪਹੁੰਚ ਗਏ। ਆਪਾਂ ਸਿੱਧੇ ਪਿਛਲੇ ਅੰਦਰ। ਜਾਣੀ ਜਾਣ ਘਰ ਵਾਲ਼ੀ ਸਭ ਸਮਝ ਗਈ। ਉਸਦੀ ਤਾਂ ਤੋਰ ਹੀ ਬਦਲ ਗਈ। ਜਿੱਦਾਂ ਉਹਨੂੰ ਮੈਤੋਂ ਵੀ ਪਹਿਲਾਂ ਨਸ਼ਾ ਹੋ ਗਿਆ ਹੋਵੇ। ਉਸ ਪਾਣੀ ਵਗੈਰਾ ਲਿਆ ਦਿੱਤਾ। ਇਕ ਕੌਲੀ ਮੀਟ ਦੀ ਭਰ ਕੇ ਲੈ ਗਈ ਆਪ। ਆਪਾਂ ਲਿਆ ਸਤਿਗੁਰੂ ਦਾ ਨਾਂ-ਗਲਾਸੀ ਕੀਤੀ ਪੌਣੀ-ਧਰਤ ਮਾਂ ਨੂੰ ਦਿੱਤਾ ਛਿੱਟਾ ਤੇ ਗਲ਼ ਦੇਣੀ ਅੰਦਰ।

-ਸਤਨਾਮ ਜਦੋਂ ਮੈਨੂੰ ਨਸ਼ਾ ਹੋ ਗਿਆ ਤਾਂ ਸਾਹਮਣੇ ਪਈ ਬੋਤਲ 'ਚ ਮੈਨੂੰ ਮੇਜਰ ਦੀ 'ਸਵੀਟੀ' ਨੱਚਦੀ ਦਿਸੇ। ਮੇਰੇ ਅੰਦਰ ਇਕ ਸਵਾਲ ਉੱਠ ਪਿਆ। ਬਈ ਇਹ ਲੋਕ ਨਵੀਂ ਕਣਕ ਆਈ 'ਤੇ ਪਹਿਲਾਂ ਰੋਟੀ ਸਾਨੂੰ ਖਵਾਉਂਦੇ ਨੇ। ਮੱਕੀ ਵੇਲ਼ੇ ਵੀ ਇੱਦਾਂ ਹੀ ਕਰਦੇ ਨੇ। ਮੱਝ ਗਾਂ ਸੂਈ 'ਤੇ ਵੀ ਪਹਿਲਾਂ ਦੁੱਧ ਸਾਨੂੰ। ਫਿਰ ਜਦੋਂ ਇਹਨਾਂ ਦੇ ਕੁੜੀ ਜਵਾਨ ਹੁੰਦੀ ਹੈ ਤਾਂ ਪਹਿਲਾਂ ਭੋਗ ਸਾਤੋਂ ਕਿਉਂ ਨਹੀਂ ਲਗਵਾਉਂਦੇ?"

"ਓ ਹਰਾਮ ਦਿਓ! ਤੁਹਾਡੀ ਭੈਣ ਨੂੰ ...।" ਮੇਰੇ ਮੂੰਹੋਂ ਨਿਕਲ਼ਦਾ ਨਿਕਲ਼ਦਾ ਰਹਿ ਗਿਆ। ਵਾਖਰੂ-ਵਾਖਰੂ ਕਰਦਾ ਕਰਦਾ ਮੈਂ ਉੱਠ ਬੈਠਾ।"

-ਜੋਗਾ ਤੇ ਸਤਨਾਮ ਠਠੰਬਰ ਗਏ।

-ਚਿੱਤ ਕਰੇ ਸ੍ਰੀ ਸਾਹਿਬ ਜੋਗੇ ਦੇ ਢਿੱਡ 'ਚ ਖੋਭ ਦਿਆਂ।

ਮੈਂ ਹੋਰ ਚਿਰ ਅੰਦਰ ਬੈਠ ਨਹੀਂ ਸੀ ਸਕਿਆ। ਬਾਕੀ ਰਾਤ ਏਧਰ-ਉਧਰ ਫਿਰ ਕੇ ਹੀ ਕੱਟੀ। ਨਾ ਸਮਝ ਆਉਣ ਵਾਲ਼ੀ ਬੇਚੈਨੀ 'ਚ। ਤੇ ਇਹੀ ਬੇਚੈਨੀ ਮੈਨੂੰ ਸਵੇਰੇ ਸਵੇਰੇ ਘਰ ਲੈ ਗਈ।

-ਘਰ ਪਹੁੰਚਾ ਤੇ ਪਲੱਸ-ਵੰਨ 'ਚ ਪੜ੍ਹਦੀ ਪੋਤੀ ਰਜਵੰਤ ਸਾਈਕਲ ਲੈ ਕੇ ਦਰੋਂ ਬਾਹਰ ਨਿਕਲ਼ਦੀ ਮਿਲ਼ ਗਈ। ਪਤਾ ਨੀ ਕਿਉਂ ਉਹਦੀ 'ਸਾਸਰੀਕਾਲ' ਦਾ ਜੁਆਬ ਢੱਜ ਨਾਲ਼ ਨਹੀਂ ਸੀ ਦੇ ਹੋਇਆ। ਸਿਰ 'ਤੇ ਪਿਆਰ ਦੇ ਕੇ ਨੀਵੀਂ ਜਿਹੀ ਪਾਈ ਅੰਦਰ ਲੰਘ ਗਿਆ ਸੀ। ਵਿਹੜੇ 'ਚ ਹੋਰ ਕੋਈ ਨਹੀਂ ਸੀ ਦਿਖਾਈ ਦਿੱਤਾ। ਪਸ਼ੂਆਂ ਵਾਲ਼ੇ ਪਾਸੇ ਚਲੇ ਗਿਆ ਸੀ। ਮਾਂ-ਪੁੱਤ ਸੱਜਰ ਸੂਈ ਪਲੂਣ ਵੈੜ੍ਹ ਦੀ ਝੋਲ਼ੀ ਕੱਢਣ 'ਚ ਮਗਨ ਸਨ। ਵੈੜ੍ਹ ਔਲ਼ ਮੰਨ ਰਹੀ ਸੀ। ਉਹ ਪਿਆਰ ਤੇ ਸਖ਼ਤੀ ਦੋਹਾਂ ਤੋਂ ਕੰਮ ਲੈ

ਰਹੇ ਸਨ। ਫਿਰ ਘਰ ਵਾਲੀ ਬੋਲੀ ਸੀ:

"ਲੈ ਪੁੱਤ ਆਹ ਦੋ ਕੁ ਛੰਨੇ ਨਿਕਲ ਆਏ ਨੇ। ਤੂੰ ਵੱਛੀ ਨੂੰ ਛੱਡ ਦੇ-ਮੈਂ ਚੁੰਘਾਉਂਦੀ ਹਾਂ ਏਨੂੰ। ਤੂੰ ਇਹ ਬੌਲ੍ਹੀ ਭੱਜ ਕੇ ਗੁਰਦੁਆਰੇ ਭਾਈ ਜੀ ਨੂੰ ਫੜਾ ਆ। ਪਹਿਲੇ ਸੂ ਦੀ ਪਹਿਲੀ ਬੌਲ੍ਹੀ ਹੈ। ਐਵੇਂ ਘਰ ਜੂਠੇ-ਮੂਠੇ ਹੱਥ ਲੱਗ ਜਾਣਗੇ।"

ਮੇਰੇ ਅੱਗ ਲੱਗ ਗਈ ਸੀ। ਦਿਲ ਕੀਤਾ ਸੀ ਖੋਹ ਕੇ ਡੋਲ੍ਹ ਦੇਵਾਂ। ਪਰ ਨਹੀਂ ਕਰ ਸਕਿਆ ਸੀ ਕੁਝ ਵੀ। ਮਨ ਵਿਚ ਭਾਈ ਜੋਗੇ ਲਈ ਗਾਲ੍ਹਾਂ ਦੀ ਨੇਰ੍ਹੀ ਚੱਲ ਰਹੀ ਸੀ। ਛੋਟਾ ਦਰਵਾਜ਼ਾ ਖੋਲ੍ਹ ਖੇਤਾਂ ਵੱਲ ਨਿਕਲ ਗਿਆ ਸੀ। ਕਣਕ ਨਿੱਸਰ ਰਹੀ ਸੀ। ਮੈਂ ਇਥੇ ਵੀ ਬਹੁਤਾ ਚਿਰ ਨਹੀਂ ਸੀ ਖੜ੍ਹ ਸਕਿਆ। ਅੱਚੋ ਆਈ 'ਚ ਵਾਪਸ ਤੁਰ ਪਿਆ ਸੀ। ਘਰ ਵਾਲੀ ਨੇ ਚਾਹ ਵੀ ਨਹੀਂ ਸੀ ਪੁੱਛੀ।

"ਲੈ ਮਾਸਟਰ ਚਾਹ ਪੀ।" ਬੰਤ ਸਿੰਘ ਤਖ਼ਤਪੋਸ਼ 'ਤੇ ਕੇਤਲੀ ਟਿਕਾਉਂਦਾ ਬੋਲਿਆ ਏ। ਸੱਤੀ ਵੀ ਆ ਚੁੱਕਾ ਹੈ। ਮੈਨੂੰ ਇਹਨਾਂ ਦੀ ਆਮਦ ਦਾ ਪਤਾ ਹੀ ਨਹੀਂ ਸੀ ਲੱਗਾ।

ਬੰਤ ਸਿੰਘ ਨੇ ਬੈਠਕ ਦੇ ਦਰ ਖੋਲ੍ਹ ਦਿੱਤੇ ਹਨ। ਕਲੋਜ਼ ਸਰਕਟ ਟੀ. ਵੀ. ਚੱਲ ਰਿਹਾ ਏ। ਸਟੇਜ ਦਾ ਪ੍ਰੋਗਰਾਮ ਨਾਲੋਂ ਨਾਲ ਦਿਸ ਰਿਹਾ ਏ। ਬੰਤ ਸਿੰਘ ਨੇ ਆਵਾਜ਼ ਥੋੜ੍ਹੀ ਉੱਚੀ ਕਰ ਦਿੱਤੀ ਹੈ।

"ਚਾਹ ਦਾ ਕੀ ਪੀਣਾ-ਰੋਟੀ ਲਿਆ ਬੰਤ ਸਿਹਾਂ-ਭੁੱਖ ਲੱਗੀ ਆ।" ਮੇਰੇ ਆਖਣ 'ਤੇ ਉਹ ਲੰਗਰ ਵੱਲ ਤੁਰ ਪਿਆ ਹੈ।

ਟੀ. ਵੀ. 'ਤੇ ਸੰਤ ਨਿਰਮਲ ਸਿੰਘ ਦੀ ਆਵਾਜ਼ ਗੂੰਜੀ ਹੈ:

"ਜੇ ਤੂੰ ਨਾ ਔਂਦਾ ਰਾਮਾ, ਪ੍ਰਹਿਲਾਦ ਡੋਲ ਜਾਂਦਾ...।"

ਮੈਨੂੰ ਪ੍ਰਹਿਲਾਦ ਦਾ ਨਾਂ ਸੁਣ ਕੇ ਸੱਤੀ ਕੋਲੋਂ ਫਿਰ ਡਰ ਲੱਗਾ ਹੈ। ਸੱਤੀ ਦੇ ਹਾਵ-ਭਾਵ ਬਦਲੇ ਹਨ। ਉਸਨੂੰ ਲੂਹਣ ਜਿਹੀ ਲੱਗੀ ਹੈ। ਉਸ ਨੇ ਉੱਠ ਕੇ ਟੀ. ਵੀ. ਬੰਦ ਕਰ ਦਿੱਤਾ ਹੈ।

"ਸਾਲ਼ੇ ਬਗਲੇ ਭਗਤ" ਬੈਠਦਾ ਬੁੜਬੁੜਾਇਆ ਹੈ।

"ਨਾ ਸੱਤੀ ਏਦਾਂ ਨੀ ਸੋਚੀਦਾ। ਤੁਹਾਡੇ ਪਿਤਾ ਜੀ ਮਹਾਨ ਹਨ। ਬਾਬੇ ਨਾਨਕ ਦੇ ਪੈਰੋਕਾਰ। ਬਾਬੇ ਵੀ ਲੋਕਾਂ ਨੂੰ ਤਾਰਨ ਖਾਤਰ ਚਾਰ ਉਦਾਸੀਆਂ ਕੀਤੀਆਂ। ਤੁਹਾਡੇ ਪਿਤਾ ਜੀ ਵੀ ਹਰ ਸਾਲ ਗਿਆਨ ਵੰਡਣ ਖਾਤਰ ਦੇਸ਼-ਵਿਦੇਸ਼ ਦਾ ਭਰਮਣ ਕਰਦੇ ਹਨ।" ਕਾਹਲੀ-ਕਾਹਲੀ ਮੇਰੇ ਮੂੰਹੋਂ ਨਿਕਲ ਗਿਆ ਸੀ।

"ਮਾਸਟਰ ਅੰਕਲ, ਬੀ. ਏ. ਤਕ ਤਾਂ ਮੈਂ ਵੀ ਪੜ੍ਹਿਆ ਹਾਂ। ਤੀਹ-ਬੱਤੀ ਸਾਲ ਮਾਸਟਰੀ ਤੁਸੀਂ ਵੀ ਕੀਤੀ ਹੈ। ਕਿਤੇ ਜਾਣਕਾਰੀ 'ਚ ਆਇਆ ਬਈ ਪਹਿਲੀ ਉਦਾਸੀ ਤੋਂ ਆ ਕੇ ਬਾਬੇ ਨੇ ਜ਼ਮੀਨ ਖਰੀਦੀ ਜਾਂ ਫਿਰ ਦੂਜੀ ਤੋਂ ਆ ਕੇ ਹਾਥੀ ਘੋੜੇ ਜਾਂ ਤੀਜੀ ਤੋਂ ਆ ਕੇ ਮਹਿਲ ਉਸਾਰ ਲਏ। ਸਭ ਸਾਲ਼ੇ ਠਿਕ-ਠਿਕੇ ਨੇ।"

ਉਹ ਪਿਉ ਵਾਲੇ ਮਾਮਲੇ 'ਚ ਪੂਰਾ ਤਿੜਿਆ ਪਿਆ ਏ। ਕਿਤੇ ਇਸ ਤਿੜ ਦਾ ਕਾਰਨ ਬੰਤ ਸਿੰਘ ਵਾਲੀ ਗੱਲ ਤਾਂ ਨਾ ਹੋਊ? ਪਹਿਲੇ ਸਾਲ਼ੀ ਹੁਣ ਨੂੰਹ ਵਾਲੀ। ਕੀ ਇਹ ਸੱਚੀ ਹੋਊ? ਨਹੀਂ ਏਦਾਂ ਨਹੀਂ ਹੋ ਸਕਦਾ। ਚਲੋ ਸਾਲ਼ੀ ਵਾਲੀ ਗੱਲ ਤਾਂ ਸਬੱਬ ਬਣ ਗਿਆ।

ਵੀਹ ਵਰ੍ਹੇ ਪਹਿਲਾਂ ਸੰਤ ਜੀ ਦੇ ਘਰ ਵਾਲੀ ਸਵਰਨ ਕੌਰ ਹੋ ਗਈ ਬਿਮਾਰ। ਪਹਿਲਾਂ ਅਧਰੰਗ ਫਿਰ ਗਠੀਆ। ਵੀਹ ਕੁ ਸਾਲ ਦੀ ਸਿਮਰਨ ਆ ਗਈ ਭੈਣ ਦੀ ਸੇਵਾ ਕਰਨ। ਸੰਤ ਜੀ ਦਾ ਸਹੁਰਾ ਕੁਝ ਸਾਲ ਪਹਿਲਾਂ ਸੁਰਗਵਾਸ ਹੋ ਗਿਆ ਸੀ। ਸਾਲ਼ਾ ਕੋਈ ਹੈ ਨਹੀਂ ਸੀ। ਥੋੜ੍ਹੇ ਚਿਰੀਂ ਸਿਮਰਨ ਦੀ ਮਾਂ ਵੀ ਡੇਰੇ ਆ ਗਈ। ਬੱਸ ਫਿਰ ਡੇਰੇ ਦੀਆਂ ਹੋ ਕੇ ਰਹਿ ਗਈਆਂ। ਕਹਿੰਦੇ ਮਾਂ ਮਰਦੇ ਦਮ ਤਕ ਸਿਮਰਨ ਨੂੰ ਵਿਆਹ ਕਰਵਾਉਣ ਲਈ ਕਹਿੰਦੀ ਰਹੀ। ਪਰ ਸਿਮਰਨ ਨੇ ਭੈਣ ਦੀ ਸੇਵਾ ਜਾਂ ਫਿਰ ਸ਼ਹੀਦ ਸਿੰਘਾਂ ਦੀ ਸੇਵਾ ਨੂੰ ਤਰਜੀਹ ਦਿੱਤੀ। ਅੱਜ ਸਿਮਰਨ ਦੀ ਮਰਜ਼ੀ ਤੋਂ ਬਿਨਾਂ ਡੇਰੇ ਪੱਤਾ ਨਹੀਂ ਹਿੱਲਦਾ।

ਸਿਮਰਨ ਦੀ ਸੱਤੀ ਦੇ ਘਰ ਵਾਲੀ ਹਰਪ੍ਰੀਤ ਨਾਲ ਬਹੁਤ ਸਾਂਝ ਹੈ। ਹਰਪ੍ਰੀਤ ਅੱਜਕੱਲ ਡੇਰੇ ਆਉਂਦੀ ਵੀ ਜ਼ਿਆਦਾ ਹੈ। ਦੱਸਦੇ ਨੇ ਸੱਤੀ ਸਮਝਾ-ਸਮਝਾ ਕੇ ਥੱਕ ਗਿਆ ਹੈ ਪਰ ਉਹ ਪਰਵਾਹ



ਨਹੀਂ ਕਰਦੀ। ਉਸ ਨੇ ਨਿਆਣੇ ਵੀ ਆਪਣੇ ਪੱਖ 'ਚ ਕੀਤੇ ਹੋਏ ਹਨ। ਪਰ ਲੋਕਾਂ ਵੱਲੋਂ ਹਰਪ੍ਰੀਤ ਦਾ ਨਾਂ ਸੰਤਾਂ ਨਾਲ ਜੋੜਨਾ ਮੈਨੂੰ ਠੀਕ ਨਹੀਂ ਲੱਗਦਾ। ਪਚਵੰਜਾ-ਛਪੰਜਾ ਸਾਲ ਦਾ ਸੰਤ ਇਹੋ ਜਿਹੀ ਹਰਕਤ ਕਿਉਂ ਕਰੂ? ਉੱਤੋਂ ਸਿਮਰਨ ਕਿਵੇਂ ਬਰਦਾਸ਼ਤ ਕਰੂ? ਨੂੰਹ-ਧੀ ਵਿਚ ਫਰਕ ਵੀ ਕੀ ਹੁੰਦਾ ਹੈ? ਨਹੀਂ-ਨਹੀਂ ਮੇਰਾ ਮਨ ਨਹੀਂ ਮੰਨਦਾ। ਸੰਤ ਇਹੋ ਜਿਹੇ ਨਹੀਂ ਹੋ ਸਕਦੇ। ਚਲੋ ਸਾਲ਼ੀ ਵਾਲੀ ਗੱਲ ਤਾਂ ਹੋਰ ਸੀ। ਲੋਕ ਤਾਂ ਐਵੇਂ ਰੌਲ਼ਾ ਪਾ ਦਿੰਦੇ ਹਨ।

ਰੌਲ਼ਾ ਲੰਗਰ ਵਾਲ਼ੇ ਪਾਸੇ ਪੈ ਗਿਆ ਹੈ। ਅਮਲੀ ਬੰਤ ਸਿੰਘ ਹੀ ਰੌਲ਼ਾ ਪਾਉਂਦਾ ਆ ਰਿਹਾ ਹੈ। ਉਹ ਸੱਤੀ ਦਾ ਨਾਂ ਲੈ ਕੇ ਕਹਿ ਰਿਹਾ ਹੈ:

"ਓ ਸੱਤੀ ਤੇਰਾ ਗੋਲੂ ਦਾਲ਼ ਵਾਲ਼ੇ ਪਤੀਲੇ 'ਚ ਡਿੱਗ ਪਿਆ ਓਏ!"

ਗੋਲੂ ਸੱਤੀ ਦਾ ਵੱਡਾ ਮੁੰਡਾ ਹੈ। ਤੇਰਾਂ ਕੁ ਸਾਲ ਦਾ। ਸਰੀਰੋਂ ਜ਼ਰਾ ਮਾੜਹਾਰਾ। ਅੱਠਵੀਂ 'ਚ ਪੜ੍ਹਦਾ ਹੈ।

ਮੈਂ ਵੀ ਸੱਤੀ ਦੇ ਮਗਰ ਭੱਜ ਲਿਆ ਹਾਂ।

ਜਾ ਕੇ ਪਤਾ ਲੱਗਦਾ ਹੈ ਕਿ ਗੋਲੂ ਹੁਰੀਂ ਰੋਜ਼ ਦੀ ਤਰ੍ਹਾਂ ਲੰਗਰ 'ਚ ਸੇਵਾ ਕਰ ਰਹੇ ਸਨ। ਉਸ ਦਾ ਜਮਾਤੀ ਭਈਆਂ ਦਾ ਮੁੰਡਾ ਬਨਵਾਰੀ ਵੀ ਸੇਵਾ ਕਰ ਰਿਹਾ ਸੀ। ਉਹ ਦੋਵੇਂ ਕਿਸੇ ਗੱਲੋਂ ਲੜ ਪਏ। ਬਨਵਾਰੀ ਨੇ ਮਾਰਿਆ ਧੱਕਾ। ਗੋਲੂ ਕੋਲ਼ ਪਏ ਦਾਲ਼ ਦੇ ਪਤੀਲੇ 'ਚ ਡਿੱਗ ਪਿਆ। ਦਾਲ਼ ਸੀ ਬਹੁਤ ਗਰਮ। ਹੱਥ ਪਤੀਲੇ 'ਚ ਲੱਗਣ ਕਾਰਨ ਗੋਲੂ ਦਾ ਮੂੰਹ ਦਾਲ਼ 'ਚ ਡੁੱਬਣੋਂ ਬਚ ਗਿਆ। ਪਰ ਗਰਮ ਦਾਲ਼ ਦੇ ਛਿੱਟੇ ਕਾਫੀ ਪੈ ਗਏ। ਖਾਸ ਕਰਕੇ ਸੱਜੀ ਅੱਖ 'ਚ।

ਮੁੰਡਾ ਬੁਰੀ ਤਰ੍ਹਾਂ ਕਰਾਹ ਰਿਹਾ ਹੈ। ਕੋਈ ਜਾਣੂ ਗੱਡੀ ਲੈ ਆਇਆ ਹੈ। ਮੈਨੂੰ ਵੀ ਸੱਤੀ ਨੇ ਨਾਲ਼ ਬਿਠਾ ਲਿਆ ਹੈ।

ਹਸਪਤਾਲ ਪਹੁੰਚ ਗਏ ਹਾਂ। ਡਾਕਟਰਾਂ ਨੇ ਨੱਠ ਭੱਜ ਕੀਤੀ ਹੈ। ਕਈ ਇੰਜੈਕਸ਼ਨ ਲਾ ਦਿੱਤੇ ਹਨ। ਗੋਲੂ ਦੀ ਕੁਰਲਾਹਟ ਘਟ ਗਈ ਹੈ। ਇਹ ਹੌਲ਼ੀ-ਹੌਲ਼ੀ ਚੁੱਪ ਹੋ ਗਿਆ ਹੈ।

ਅੱਖ ਨੂੰ ਸਾਫ ਕਰਕੇ ਕੋਈ ਦਵਾਈ ਪਾ ਦਿੱਤੀ ਗਈ ਹੈ। ਪੱਟੀ ਬੰਨ੍ਹ ਦਿੱਤੀ ਹੈ। ਅੱਖਾਂ ਦੇ ਮਾਹਰ ਡਾਕਟਰ ਨੇ ਦੱਸਿਆ ਹੈ ਨਜ਼ਰ ਬਿਲਕੁਲ ਠੀਕ ਹੈ। ਲੂਣ ਮਿਰਚ ਵਾਲ਼ੇ ਪਾਣੇ ਨੇ ਹੀ ਜਲਣ ਲਾਈ ਸੀ। ਪੱਟੀ ਤਾਂ ਅਹਿਤਿਆਤ ਵਜੋਂ ਹੀ ਬੰਨ੍ਹੀ ਹੈ। ਅੱਖ ਦੀ ਚਿੰਤਾ ਕਰਨ ਦੀ ਕੋਈ ਲੋੜ ਨਹੀਂ।

ਸੱਤੀ ਦੀ ਚਿੰਤਾ ਕੁਝ ਘਟ ਗਈ ਹੈ। ਉਸ ਨੇ ਲੰਮਾ ਸਾਹ ਲਿਆ ਹੈ।

ਛਾਲੇ-ਛਾਲੇ ਹੋਈਆਂ ਬਾਹਵਾਂ ਵੀ ਸਾਫ ਕਰਕੇ ਕੋਈ ਪਾਉਡਰ ਵਗੈਰਾ ਪਾ ਦਿੱਤਾ ਹੈ।

ਗੋਲੂ ਸੌਂ ਗਿਆ ਹੈ।

ਸੱਤੀ ਦੇ ਘਰੋਂ ਵੀ ਆ ਗਈ ਹੈ। ਉਹ ਆਉਂਦੀ ਹੀ ਡੁਸਕਣ ਲੱਗ ਪਈ ਹੈ। ਮੈਂ ਹੌਸਲਾ ਦਿੰਦਾ ਹਾਂ। ਉਹਦੇ ਹੱਥ ਜੁੜ ਗਏ ਨੇ। ਅੱਖਾਂ ਮੁੰਦੀਆਂ ਗਈਆਂ ਨੇ। ਬੁੱਲ੍ਹ ਫਰਕੇ ਹਨ:

"ਹੇ ਸ਼ਹੀਦ ਸਿੰਘੋ! ਆਪਣੇ ਬੱਚੇ ਦੀ ਰੱਖਿਆ ਕਰੋ। ਆਪਣੇ ਭਗਤ ਦੀ ਪੈਜ ਰੱਖੋ। ਮਿਹਰ...।"

ਸੱਤੀ ਨੇ ਖਾ ਜਾਣ ਵਾਲੀ ਨਜ਼ਰ ਨਾਲ਼ ਦੇਖਿਆ ਹੈ। ਉਹ ਉੱਠ ਕੇ ਖੜ੍ਹਾ ਹੋ ਗਿਆ ਹੈ।

ਮੈਂ ਡਰ ਗਿਆ ਹਾਂ। ਕਿਤੇ ਹਰਪ੍ਰੀਤ ਦੇ ਜੜ ਹੀ ਨਾ ਦੇਵੇ। ਮੈਂ ਗੱਲ ਆਪਣੇ ਹੱਥ ਲੈਂਦਾ ਹਾਂ:

"ਹਰਪ੍ਰੀਤ ਜਿਗਰਾ ਰੱਖ। ਗੋਲੂ ਠੀਕ ਹੈ। ਬਚਾਅ ਹੋ ਗਿਆ। ਪਰਮਾਤਮਾ ਰੱਖ ਗਿਆ ਹੱਥ ਦੇ ਕੇ।"

ਹਰਪ੍ਰੀਤ ਰੋਈ ਜਾ ਰਹੀ ਹੈ।

ਸੱਤੀ ਰੁੱਖਾ ਜਿਹਾ ਬੋਲਿਆ ਹੈ:

"ਮੈਂ ਪਿੰਡ ਜਾ ਆਵਾਂ। ਲਵੇਰੇ 'ਚੋ ਕੇ ਤੇ ਸਕੂਟਰ ਲੈ ਕੇ ਮੁੜ ਆਊਂਗਾ। ਤੂੰ ਏਥੇ ਠਹਿਰੇਂਗੀ?"

ਉਸ ਨੇ ਰੋਂਦੀ ਹੋਈ ਨੇ ਹਾਂ ਵਿਚ ਸਿਰ ਹਿਲਾ ਦਿੱਤਾ ਹੈ।

"ਆ ਮਾਸਟਰ ਅੰਕਲ ਚੱਲੀਏ।" ਆਖ ਉਹ ਤੁਰ ਪਿਆ ਹੈ।

ਮੈਂ ਵੀ ਮਗਰ ਤੁਰ ਪਿਆ ਹਾਂ। ਬੱਸ 'ਚ ਬੈਠ ਗਏ ਹਾਂ। ਦੁਪਾਸੀਂ ਚੁੱਪ ਛਾਈ ਹੋਈ ਹੈ।

'ਹਰਨਾਕਸ਼ ਵਾਲੀ ਗੱਲ ਦੇ ਪੁੱਛ ਪੁੱਛਈਏ ਤੋਂ ਵੀ ਮੈਂ ਡਰ ਰਿਹਾ ਹਾਂ। ਗੱਲ ਹੋਰ ਪਾਸੇ ਪਾਉਣ ਦੀ ਨੀਤ ਨਾਲ਼ ਮੈਂ ਆਖਿਆ ਹੈ:

"ਸੱਤੀ ਸੰਤ ਜੀ ਆਉਣਗੇ? ਗੋਲੂ ਨੂੰ ਦੇਖਣ।"

"ਦਿਲ ਕਰਦਾ ਗੋਲੀ ਮਾਰ ਦਿਆਂ ਤੁਹਾਡੇ ਸੰਤ ਦੇ।" ਉਹ ਉੱਬਲ਼ ਪਿਆ ਹੈ।

"ਕਿਉਂ ਰੱਬ-ਰੱਬ ਬੋਲ।" ਮੈਂ ਕਾਹਲ਼ੀ ਨਾਲ਼ ਬੋਲ ਗਿਆ ਹਾਂ।

ਉਹ ਸ਼ੁਰੂ ਹੋ ਗਿਆ ਹੈ:

-ਦੇਖ ਮਾਸਟਰ, ਅੰਕਲ, ਏਸ ਬੁੱਢੇ ਦੇ ਕਾਰੇ ਮੈਨੂੰ ਚੰਗੇ ਨਹੀਂ ਲੱਗਦੇ। ਅੱਜ ਸਵੇਰੇ ਜਦੋਂ ਮੈਂ ਸ਼ਹਿਰੋਂ ਦੁੱਧ ਪਾ ਕੇ ਆਇਆ ਤਾਂ ਦੋਵੇਂ ਨਿਆਣੇ ਨਹਾ ਰਹੇ ਸਨ ਤਾਂਕਿ ਤਿਆਰ ਹੋ ਕੇ ਡੇਰੇ ਆ ਸਕਣ। ਪਿਛਲੇ ਪੰਜ ਛੇ ਦਿਨਾਂ ਤੋਂ ਇਹੀ ਕੰਮ ਹੋ ਰਿਹਾ ਹੈ ਸਾਡੇ ਘਰ। ਇਹ ਤਿੰਨੇ ਸਵੇਰੇ ਹੀ ਤਿਆਰ ਹੋ ਕੇ ਡੇਰੇ ਚਲੇ ਜਾਂਦੇ ਹਨ ਤੇ ਰਾਤੀਂ ਨ੍ਹੇਰੇ ਪਏ 'ਤੇ ਮੁੜਦੇ ਹਨ। ਘਰ ਵਾਲ਼ੀ ਜੁਆਕਾਂ ਨੂੰ ਛੇਤੀ ਕਰਨ ਲਈ ਕਹਿ ਰਹੀ ਸੀ। ਮੈਂ ਅੰਦਰੋਂ ਅੰਦਰੀਂ ਰਿੱਝ ਰਿਹਾ ਸੀ। ਜਦੋ ਨਿੱਕਾ ਮੁੰਡਾ ਬਾਥਰੂਮ 'ਚੋਂ ਨੰਗਾ ਹੀ ਬਾਹਰ ਨੱਠ ਆਇਆ।

-ਉਸ ਦੇ ਭੋਲ਼ੇਪਨ ਨੇ ਮੇਰੇ ਮਨ ਦਾ ਕਸਾਅ ਕੁੱਝ ਢਿੱਲਾ ਕਰ ਦਿੱਤਾ। ਮੇਰੇ ਮੂੰਹੋਂ ਸੁਭਾਵਕ ਹੀ ਨਿਕਲ਼ ਗਿਆ:

"ਓ ਮੁੰਡਾ ਨੰਗਾ-ਓ ਮੁੰਡਾ ਗੰਦਾ।"

ਉਹ ਮੇਰੇ ਕੋਲ਼ ਆ ਕੇ ਪਤਾ ਕੀ ਕਹਿਣ ਲੱਗਾ?

"ਡੈਡੀ। ਡੈਡੀ ਮੈਂ ਥੋੜ੍ਹੀ ਗੰਦਾ। ਗੰਦੀਆਂ ਤੇ ਮੰਮੀ ਤੇ ਮਾਸੀ ਆ। ਉਹ ਕੱਲ ਬਾਬੇ ਦੇ ਕਮਰੇ 'ਚ ਗੰਦੀ ਫਿਲਮ ਦੇਖਦੀਆਂ ਸੀ। ਨਾਲ਼ੇ ਇਕ ਦੂਜੇ ਦੇ ਮੂੰਹ 'ਚ ਮੂੰਹ ਪਾਉਂਦੀਆਂ ਸਨ। ਮੈਨੂੰ ਕਮਰੇ 'ਚੋਂ ਬਾਹਰ ਕੱਢੀ ਜਾਣ।"

-ਮੇਰੇ ਅੰਦਰ ਅੱਗ ਲੱਗ ਗਈ ਸੀ। ਮੈਂ ਤੜਪ ਕੇ ਰਹਿ ਗਿਆ ਸੀ।

ਕੰਮ-ਕਾਰ ਨਬੇੜ ਕੇ ਮੈਂ ਸਵੇਰੇ ਸਾਢੇ ਗਿਆਰਾਂ ਕੁ ਵਜੇ ਡੇਰੇ ਆ ਗਿਆ ਸੀ। ਭੋਗ ਪੈਣ ਤੋਂ ਬਾਅਦ ਪੰਡਾਲ਼ ਬਾਹਰ ਲੱਗ ਚੁੱਕਾ ਸੀ। ਮੈਂ ਮਾਂ ਕੋਲ਼ ਜਾ ਬੈਠਾ। ਉਸ ਦੀ ਖਬਰ ਸਾਰ ਪੁੱਛੀ ਤੇ ਉੱਠ ਕੇ ਸੰਤ ਜੀ ਦੇ ਨਿੱਜੀ ਕਮਰੇ ਵੱਲ ਚਲੇ ਗਿਆ।

-ਦਰਵਾਜ਼ੇ 'ਤੇ ਨੰਬਰੀ ਤਾਲਾ ਲਟਕ ਰਿਹਾ ਸੀ। ਨਵਾਂ ਨਿਕੋਰ। ਦਿਲ ਕਰੇ ਹਥੌੜਾ ਮਿਲ਼ੇ ਤਾਂ ਭੰਨ ਸੁੱਟਾਂ। ਮੇਤੋਂ ਇੱਧਰ-ਉਧਰ ਵੇਖਿਆ ਵੀ ਗਿਆ ਸੀ। ਪਰ ਕੋਈ ਭਾਰੀ ਚੀਜ਼ ਨਾ ਦਿਸੀ। ਅਚਾਨਕ ਮੇਰੇ ਅੰਦਰ ਸੈਵਨ ਟੂ ਨਾਈਨ ਦੀ ਆਵਾਜ਼ ਘੁੰਮੀ।

-ਹਾਂ ਥੋੜ੍ਹੇ ਦਿਨ ਪਹਿਲਾਂ ਦੀ ਹੀ ਤਾਂ ਗੱਲ ਹੈ। ਮੈਂ ਪੱਠੇ ਲੈਣ ਆਇਆ ਮਾਂ ਕੋਲ਼ ਆ ਗਿਆ ਸੀ। ਅੰਦਰ ਬੈਠਾ ਉਸ ਨਾਲ਼ ਗੱਲਾਂ ਕਰ ਰਿਹਾ ਸੀ। ਭਾਪਾ ਤੇ ਮਾਸੀ ਗੱਲਾਂ ਕਰਦੇ ਹੋਏ ਵਰਾਂਡੇ 'ਚੀਂ ਲੰਘ ਰਹੇ ਸਨ। ਕਿਸੇ ਗੱਲ ਦੇ ਜੁਆਬ 'ਚ ਭਾਪੇ ਨੇ ਆਖਿਆ ਸੀ: "ਹਾਂ ਨਵਾਂ ਹੈ...ਨਵੀਂ ਤਕਨੀਕ ਦਾ...ਐੱਲ ਸੈਵਨ ਟੂ ਨਾਈਨ।"

-ਮੈਂ ਜਿੰਦਾ ਜਾ ਫੜਿਆ। ਪਹਿਲਾਂ ਐੱਲ ਅੱਖਰ ਰੇਂਜ 'ਚ ਕੀਤਾ। ਫਿਰ ਸੈਵਨ ਤੇ ਫਿਰ ਟੂ...ਧੜਕਦੇ ਦਿਲ਼ ਨਾਲ ਨਾਈਨ ਵੀ ਰੇਂਜ 'ਤੇ ਲੈ ਆਂਦਾ। ਜੰਦਰਾ ਤੜੱਕ ਕਰਕੇ ਖੁੱਲ੍ਹ ਗਿਆ। ਮੈਂ ਅੰਦਰ ਚਲੇ ਗਿਆ। ਜਾਂਦੇ ਨੇ ਡੀ. ਵੀ. ਡੀ. ਚਲਾ ਦਿੱਤਾ। ਗੋਰਿਆਂ ਦੀ ਅਸ਼ਲੀਲ ਫਿਲਮ ਚੱਲ ਪਈ ਸੀ।

ਮੇਰੀਆਂ ਮੁੱਠੀਆਂ ਘੁੱਟੀਆਂ ਗਈਆਂ।

-ਦਿਲ ਕਰੇ ਇਸੇ ਤਰ੍ਹਾਂ ਚਲਦੀ ਫਿਲਮ ਸਟੇਜ 'ਤੇ ਜਾ ਰੱਖਾਂ। ਫਿਰ ਮੈਂ ਅਲਮਾਰੀ ਖੋਲ੍ਹੀ। ਇਸ ਵਿਚ ਕਈ ਤਰ੍ਹਾਂ ਦੀ ਵਿਦੇਸ਼ੀ ਸ਼ਰਾਬ ਪਈ ਸੀ। ਇਕ ਖੁੱਲ੍ਹੀ ਬੋਤਲ ਚੁੱਕ ਮੈਂ ਮੂੰਹ ਨੂੰ ਲਾ ਲਈ। ਪੰਜ-ਸੱਤ ਮੋਟੇ ਘੁੱਟ ਅੰਦਰ ਲੰਘਾ ਲਏ। ਗੁੱਸੇ ਨਾਲ਼ ਭਰਿਆ ਮੈਂ ਪੰਡਾਲ਼ 'ਚ ਪਹੁੰਚ ਗਿਆ।



ਸੱਤੀ ਦੀ ਗੱਲ ਸੁਣ ਕੇ ਮੈਂ ਤਾਂ ਸੁੰਨ ਹੀ ਹੋ ਗਿਆ ਹਾਂ।

ਉਸ ਦਾ ਚਿਹਰਾ ਪੀੜਤ ਹੈ। ਮੈਂ ਆਪਣੇ ਡਰ ਮਾਰਾ ਕੋਈ ਹੋਰ ਗੱਲ ਸ਼ੁਰੂ ਕਰਨੀ ਚਾਹੁੰਦਾ ਹਾਂ। ਪਰ ਕੋਈ ਗੱਲ ਔੜ ਨਹੀਂ ਰਹੀ।

ਉਹ ਮੇਰੇ ਵੱਲ ਝਾਕਿਆ ਹੈ। ਉਸ ਦੇ ਬੁੱਲ੍ਹ ਹਿੱਲੇ ਨੇ:

"ਹਾਂ ਮਾਸਟਰ ਅੰਕਲ, ਹੁਣ ਕਰੋ 'ਹਰਨਾਕਸ਼' ਵਾਲ਼ੀ ਗੱਲ। ਡਰੋ ਨਾ। ਮੈਂ ਤੁਹਾਡੀ ਗੱਲ ਦਾ ਗੁੱਸਾ ਨੀ ਕੀਤਾ। ਕਿਉਂਕਿ ਇਹ ਸ਼ਬਦ ਤੁਹਾਡੇ ਆਪਣੇ ਨਹੀਂ ਹਨ। ਇਹ ਮੇਰੇ ਪੇ ਦੇ ਨੇ। ਉਹਨੀਂ ਹੀ ਵਰਤੇ ਸਨ ਮੇਰੇ ਲਈ। ਸਭ ਤੋਂ ਪਹਿਲਾਂ।"

"ਕਦੋਂ?" ਸੱਤੀ ਦੇ ਗੁੱਸੇ ਦਾ ਡਰ ਮੇਰੇ ਮਨੋਂ ਲਹਿ ਗਿਆ ਹੈ।

"ਬੱਸ ਉੱਦਣ-ਜਿੱਦਣ ਮੈਂ ਕਹਿ ਬੈਠਾ ਸੀ ਕਿ ਭਾਪਾ ਜੀ ਤਾਏ ਨਾਲ਼ ਕੀਤੀ ਵਧੀਕੀ ਦੀ ਭੁੱਲ ਤੁਸੀਂ ਉਹਦੀ ਔਲਾਦ ਤੋਂ ਬਖਸ਼ਾ ਲਵੋ।"

"ਮੈਂ ਸਮਝਿਆ ਨੀ ਸੱਤੀ।" ਮੇਰੇ ਆਖਣ 'ਤੇ ਉਸ ਨੇ ਆਖਣਾ ਸ਼ੁਰੂ ਕਰ ਦਿੱਤਾ ਹੈ:

-ਬਾਬੇ ਮੇਰੇ ਦੀ ਤਾਏ ਨਾਲ਼ ਬਹੁਤੀ ਬਣਦੀ ਨਹੀਂ ਸੀ। ਭਾਪੇ ਤੇ ਬਾਬੇ ਦੀ ਸੁਰ ਵਾਹਵਾ ਰਲ਼ਦੀ ਸੀ। ਬਾਬਾ ਮੇਰਾ ਅੰਮ੍ਰਿਤਧਾਰੀ ਸੀ। ਭਾਪੇ ਨੇ ਵੀ ਛੋਟੀ ਉਮਰ 'ਚ ਛਕ ਲਿਆ ਸੀ। ਤਾਇਆ ਕੱਢਦਾ ਸੀ ਤੇ ਪੀਂਦਾ ਵੀ ਸੀ। ਪਰ ਕਾਮਾ ਬੜਾ ਸੂਰਮਾ ਸੀ। ਭਾਪੇ ਬਾਬੇ ਦੋਹਾਂ ਨਾਲ਼ੋਂ ਤਕੜਾ। ਆਹ ਜਿੱਥੇ ਹੁਣ ਗੁਰਦੁਆਰਾ ਬਣਿਆ ਹੋਇਆ ਹੈ ਇਥੇ ਪਹਿਲਾਂ ਇਕ ਛੋਟੀ ਜਿਹੀ ਮਟੀ ਹੁੰਦੀ ਸੀ। ਬਾਬੇ ਨੇ ਉੱਪਰ ਛੋਟਾ ਜਿਹਾ ਕੋਠਾ ਪਾ ਦਿੱਤਾ ਸੀ। ਭਾਪੇ ਨੇ ਛੋਟੀ ਉਮਰੇ ਹੀ ਦੀਵਾ ਵੱਟੀ ਕਰਨ ਦੀ ਜ਼ਿੰਮੇਵਾਰੀ ਸੰਭਾਲ਼ ਲਈ ਸੀ। ਐਤਵਾਰ ਦਾ ਦਿਨ ਸੀ। ਤਾਇਆ ਸਾਰਾ ਕੰਮ ਨਿਬੇੜ ਕੇ ਸ਼ਾਮ ਨੂੰ ਮਟੀ ਵਾਲ਼ੇ ਕੋਠੇ ਦੇ ਪਰਛਾਵੇਂ ਬੈਠਾ ਸੀ। ਇਕ ਪਿੰਡ ਦਾ ਬੰਦਾ ਉਹਨੂੰ ਮਿਲ਼ਣ ਆਇਆ ਹੋਇਆ ਸੀ। ਉਹ ਦੋਵੇਂ ਬੈਠੇ ਪੀ ਰਹੇ ਹਨ। ਭਾਪਾ ਪਿੰਡੋਂ ਦੀਵਾ ਕਰਨ ਆਇਆ ਸੀ। ਇਹ ਉਹਨਾਂ ਨੂੰ ਦੇਖ ਕੇ ਬੁੜ ਬੁੜ ਕਰਨ ਲੱਗ ਪਿਆ। ਤਾਏ ਨੇ ਉਦੋਂ ਤਾਂ ਕੁਝ ਨਾ ਕਿਹਾ। ਪਰ ਬੰਦੇ ਦੇ ਜਾਣ ਮਗਰੋਂ ਤਾਏ ਨੇ ਬਾਬੇ ਨੂੰ ਕਿਹਾ ਕਿ ਇਸ ਨੂੰ ਸਮਝਾ ਕਿ ਬੈਠਾ ਉੱਠਾ ਬੰਦਾ ਤਾਂ ਦੇਖ ਲਿਆ ਕਰੇ। ਅੱਗੋਂ ਬਾਬਾ ਵੀ ਚਾਰੇ ਖੁਰ ਚੁੱਕ ਕੇ ਪੈ ਗਿਆ। ਭਾਪਾ ਵੀ ਬੋਲਣ ਲੱਗ ਪਿਆ। ਤਾਏ ਨੂੰ ਆਇਆ ਗੁੱਸਾ। ਉਸ ਨੇ ਦੋਨੋਂ ਠੀਪਰ ਦਿੱਤੇ।

-ਬਾਬੇ ਨੇ ਹਫਤੇ ਵਿਚ ਹੀ ਨਹਿਰ ਵਾਲ਼ੇ ਦੋ ਕਿੱਲੇ ਤਾਏ ਨੂੰ ਦੇ ਕੇ ਜੁਦਾ ਕਰ ਦਿੱਤਾ। ਆਹ ਜਗ੍ਹਾ ਵਾਲ਼ੇ ਸਾਢੇ ਚਾਰ ਕਿੱਲਿਆਂ ਵਿਚੋਂ ਅੱਧਾ ਕਿੱਲਾ ਮਟੀ ਦੇ ਹਿੱਸੇ ਦਾ ਰੱਖ ਲਿਆ। ਦੋ-ਦੋ ਆਪ ਤੇ ਭਾਪੇ ਦਾ ਹਿੱਸਾ ਰੱਖ ਲਏ।

ਭਾਪੇ ਨੇ ਮਟੀ ਦਾ ਹੋਰ ਵਿਕਾਸ ਕਰ ਲਿਆ। ਸੰਗਰਾਂਦਾਂ, ਮੱਸਿਆ, ਪੁੰਨਿਆ ਤੇ ਹੋਰ ਪੁਰਬ ਮਨਾਉਣੇ ਸ਼ੁਰੂ ਕਰ ਦਿੱਤੇ।

ਫਿਰ ਬਾਬੇ ਨੇ ਭਾਪੇ ਦੇ ਨਾਂ ਢਾਈ ਕਿੱਲਿਆਂ ਦੀ ਰਜਿਸਟਰੀ ਕਰਵਾ ਦਿੱਤੀ। ਭੂਆ ਦੇ ਵਿਆਹ ਵੇਲ਼ੇ ਦਾ ਕੋਈ ਪੁਰਾਣਾ ਕਰਜ਼ਾ ਦੱਸ ਕੇ ਇਸ ਤਰ੍ਹਾਂ ਤਾਏ ਦੇ ਹਿੱਸੇ ਦਾ ਸਵਾ ਕਿੱਲਾ ਪੇ-ਪੁੱਤ ਹਜ਼ਮ ਕਰ ਗਏ।

-ਕਹਿੰਦੇ ਤਾਇਆ ਕਈ ਦਿਨ ਹੱਥਾਂ 'ਚ ਥੁੱਕੀ ਫਿਰਦਾ ਰਿਹਾ। ਪਰ ਉਸਦਾ ਸੂਤ ਨਾ ਲੱਗਾ। ਬਾਬੇ ਤੇ ਭਾਪੇ ਨੇ ਪੁਲਿਸ ਕੋਲ਼ ਦਰਖਾਸਤ ਦੇ ਦਿੱਤੀ ਤੇ ਨਾਲ਼ੇ ਖਰਚ ਦਿੱਤੇ ਪੈਸੇ। ਪੁਲਿਸ ਨੇ ਪਿੰਡ ਦੇ ਦਰਵਾਜ਼ੇ ਹੀ ਤਾਏ ਦੀ ਛਿੱਤਰ ਪਰੇਡ ਕਰ ਦਿੱਤੀ। ਤਾਇਆ ਨਮੋਸ਼ੀ ਮੰਨ ਗਿਆ। ਦਾਰੂ ਸਾਥਣ ਬਣ ਗਈ। ਮਰ ਕੇ ਹੀ ਅੰਦਰੋਂ ਨਿਕਲ਼ਿਆ। ਤਾਏ ਦਾ ਮੁੰਡਾ ਤਾਰੀ ਅੱਜ ਕੱਲ ਗਰੀਬੀ 'ਚ ਦਿਨ ਕੱਟ ਰਿਹਾ ਹੈ।

-ਅੰਕਲ ਇਕ ਤਾਂ ਮੈਨੂੰ ਤਾਰੀ ਦਾ ਦਰਦ ਸੀ। ਦੂਜਾ ਇਕ ਦਿਨ ਸ਼ਾਮ ਵੇਲ਼ੇ ਰਹਿਰਾਸ ਤੋਂ ਪਹਿਲੇ ਡੇਰੇ ਇਕ ਟੇਪ ਵੱਜ ਰਹੀ ਸੀ। ਉਸ ਵਿਚ 'ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਏ' ਵਾਲ਼ੇ ਪ੍ਰਸੰਗ

ਦੀ ਵਿਆਖਿਆ ਹੋ ਰਹੀ ਸੀ। ਪੱਠਿਆਂ ਦਾ ਰੇਹੜਾ ਲੱਦਦੇ ਦਾ ਮੇਰਾ ਧਿਆਨ ਉਧਰ ਜੁੜ ਗਿਆ। ਇਹ ਭਾਪਾ ਜੀ ਦੀ ਆਵਾਜ਼ ਸੀ ਤੇ ਵਿਦੇਸ਼ ਵਿਚ ਕਿਸੇ ਦੀਵਾਨ ਵਿਚ ਕੀਤੇ ਹੋਏ ਪ੍ਰਵਚਨ ਸਨ।

ਬਸ ਮੇਰੇ ਮਨ 'ਚ ਪਰਾਏ ਹੱਕ ਵਾਲ਼ਾ ਕੁੱਤਾ ਅੜ ਗਿਆ ਤੇ ਅੜਿਆ ਹੀ ਰਿਹਾ। ਅਖੀਰ ਇਕ ਦਿਨ ਹੌਸਲਾ ਕਰਕੇ ਮੈਂ ਭਾਪਾ ਜੀ ਕੋਲ਼ ਜਾ ਹੀ ਵੱਜਾ।

"ਭਾਪਾ ਜੀ, ਮੈਂ ਇਕ ਗੱਲ ਕਰਨੀ ਆ।"

"ਹਾਂ ਦੱਸ।" ਭਾਪਾ ਜੀ ਦੀ ਆਵਾਜ਼ ਰੁੱਖੀ ਸੀ। ਜਿਵੇਂ ਉਹਨਾਂ ਨੂੰ ਮੇਰੇ ਕੋਲ਼ੋਂ ਚੰਗੀ ਗੱਲ ਦੀ ਆਸ ਪਹਿਲਾਂ ਹੀ ਨਾ ਹੋਵੇ।

ਚਰਚ ਨੇ ਇਸਾਈ ਕੌਮ ਦੇ ਵਡੇਰਿਆਂ ਵੱਲੋਂ ਦੂਜੀਆਂ ਕੌਮਾਂ 'ਤੇ ਕੀਤੀਆਂ ਵਧੀਕੀਆਂ ਲਈ ਸਮੇਂ ਸਮੇਂ ਮੁਆਫੀਆਂ ਮੰਗੀਆਂ ਹਨ।"

"ਫੇ ਮੈਂ ਕੀ ਕਰਾਂ?"

"ਤੁਹਾਡੇ ਕਰਨ ਵਾਲਾ ਬਹੁਤ ਕੁਝ ਹੈ ਭਾਪਾ ਜੀ। ਤੁਸੀਂ ਤਾਏ ਨਾਲ਼ ਕੀਤੀ ਵਧੀਕੀ ਦੀ ਉਸ ਦੇ ਲੜਕੇ ਤੋਂ ਮੰਗੋ ਮੁਆਫੀ। ਤੇ ਸਵਾ ਕਿੱਲੇ ਦੇ ਦਿਉ ਪੈਸੇ ਸਮੇਤ ਵਿਆਜ।"

"ਭੌਂਕ ਨਾ-ਪੈਂਤੀ-ਚਾਲ਼ੀ ਸਾਲ ਪਹਿਲਾਂ ਦੱਬੇ ਮੁਰਦੇ ਨਾ ਪੱਟ। ਜਿੱਦਾਂ ਉਸਨੇ ਮੈਨੂੰ ਢਾਅ ਕੇ ਕੁੱਟਿਆ ਸੀ ਜੇ ਮੇਰੀ ਪੇਸ਼ ਜਾਂਦੀ ਤਾਂ ਨਹਿਰ ਵਾਲ਼ੀ ਵੀ ਨਾ ਦਿੰਦਾ। ਐਮੇਂ ਤੇਰੇ ਬਾਬੇ ਨੂੰ ਲੋਕ-ਲਾਜ ਮਾਰ ਗਈ। ਨਾਲ਼ੇ ਸੁਣ ਲੈ ਮੇਰੀ ਗੱਲ-ਮੈਂ ਤੁਹਾਡੇ ਲਈ ਹੀ ਜਫ਼ਰ-ਜਾਲ਼ਦਾ ਪਿਆਂ-ਧੌਣ 'ਚੋਂ ਕਾਮਰੇਡੀ ਦਾ ਕਿੱਲਾ ਕੱਢ ਸੁੱਟ-ਵਾਲ਼ ਰੱਖ ਲੈ-ਅੰਮ੍ਰਿਤ ਛਕ ਲੈ-ਸੱਤ ਪੀੜ੍ਹੀਆਂ ਤਾਰ ਦੂੰ ਤੇਰੀਆਂ।"

"ਭਾਪਾ ਤੂੰ ਮੇਰੀਆਂ ਸੱਤ ਨਾ ਤਾਰੀਂ-ਤਾਏ ਦੀ ਇਕ ਹੀ ਤਾਰ ਦੇ। ਕੁਛ ਨੀ ਫਰਕ ਪੈਣਾ-ਡੇਰੇ ਦਾ ਕੰਮ ਬਥੇਰਾ ਵਧ ਗਿਆ। ਲੱਖਾਂ ਦਾ ਚੜ੍ਹਾਵਾ।"

"ਚੁੱਪ ਕਰ ਦੁਸ਼ਟਾ-ਡੇਰਾ ਦੱਸਦਾ-ਇਹ ਗੁਰਦੁਆਰਾ ਹੈ-ਧੰਨ ਧੰਨ ਸ਼ਹੀਦ ਬਾਬਾ ਸਾਧਾ ਸਿੰਘ ਜੀ ਦਾ। ਤੇਰੇ ਟੱਬਰ 'ਤੇ ਤਰਸ ਆਉਂਦਾ, ਨਹੀਂ ਤਾਂ...।"

"ਭਾਪਾ ਜੀ ਫਿਰ ਸ਼ਹੀਦੀ ਦਿਵਸ ਮਨਾਇਆ ਕਰੋ। ਨਾਲ਼ੇ ਲੋਕਾਂ ਨੂੰ ਸ਼ਹੀਦੀ ਬਾਰੇ ਦੱਸਿਆ ਕਰੋ। ਬਈ ਫਲਾਣੀ ਜੰਗ 'ਚ ਫਲਾਣੇ ਦਿਨ...।"

"ਹੈ ਤੇਰੀ ਨਾਸਤਕ ਦੀ-ਮਹਾਂਪੁਰਸ਼ਾਂ 'ਤੇ ਉਂਗਲ਼?"

"ਭਾਪਾ ਜੀ ਮੇਰੀ ਜਾਣਕਾਰੀ ਮੁਤਾਬਕ ਸਾਧਾ ਸਿੰਘ ਤੁਹਾਡੇ ਪੜਦਾਦੇ ਦਾ ਭਰਾ ਸੀ। ਜਨਮ ਤੋਂ ਹੀ ਸਿੱਧਰਾ। ਬਾਰਾਂ ਤੇਰਾ ਸਾਲ ਦੀ ਉਮਰ ਤਕ ਵੀ ਸਾਫ ਬੋਲ ਨੀ ਸੀ ਸਕਿਆ। ਹਰ ਵਕਤ ਲਾਲ਼ਾਂ ਚੋਂਦੀਆਂ ਰਹਿੰਦੀਆਂ ਸਨ। ਸਾਰੇ ਸਾਧਾ-ਸਾਧਾ ਹੀ ਸੱਦਦੇ। ਇਕ ਵਾਰੀ ਜੇਠ ਮਹੀਨੇ ਪਸ਼ੂ ਚਾਰਨ ਵਾਲ਼ੇ ਮੁੰਡਿਆਂ ਨਾਲ਼ ਆਮ ਵਾਂਗ ਇੱਧਰ ਆ ਗਿਆ। ਮੁੰਡਿਆਂ ਚੁੱਕ ਕੇ ਇਕ ਮੱਝ 'ਤੇ ਬਿਠਾ ਦਿੱਤਾ। ਸਾਧਾ ਜੀ ਖੁਸ਼ੀ 'ਚ ਮਾਰਨ ਕਿਲਕਾਰੀਆਂ। ਇੱਥੇ ਹੀ ਕਿਤੇ ਇਕ ਛੱਪੜੀ ਹੁੰਦੀ ਸੀ। ਮੱਝ ਚੁਗਦੀ-ਚੁਗਦੀ ਜਾ ਵੜੀ ਛਪੜੀ 'ਚ। ਸਾਧਾ ਜੀ ਉੱਤੇ ਬੈਠੇ ਤਾੜੀ ਬਜਾਉਣ। ਬਾਕੀ ਮੁੰਡੇ ਖੜ੍ਹੇ ਤਾੜੀ ਮਾਰੀ ਜਾਣ। ਪਾਣੀ ਪੀਂਦੀ-ਪੀਂਦੀ ਮੱਝ ਗਈ ਬੈਠ। ਬੈਠ ਰਹੀ ਮੱਝ ਤੋਂ ਸਾਧਾ ਸਿੰਘ ਜੀ ਗਏ ਡਿੱਗ। ਡਿੱਗੇ ਵੀ ਮੂਧੇ ਮੂੰਹ। ਮੱਝ ਦੇ ਪਲਸੇਟਾ ਮਾਰਨ ਨਾਲ਼ ਆ ਗਏ ਥੱਲੇ। ਗਾਰੇ 'ਚ ਗਏ ਖੁੱਭ। ਨਾਲ਼ ਦੇ ਮੁੰਡੇ ਡਰਦੇ ਮਾਰੇ ਘਰਾਂ ਨੂੰ ਨੱਠ ਗਏ ਤੇ ਤੁਹਾਡਾ ਸਿੰਘ ਪਾ ਗਿਆ ਸ਼ਹੀਦੀ।"

"ਬਕਵਾਸ ਬੰਦ ਕਰ-ਇਹ ਤਾਂ ਉਹਨਾਂ ਦੀ ਲੀਲ੍ਹਾ ਸੀ। ਮੌਜ ਸੀ। ਇਹ ਸਾਲ਼ਾ ਬਦਮਾਸ਼ ਕਿੱਥੋਂ ਜੰਮ ਪਿਆ ਮੇਰੇ? ਪੂਰਾ ਉਲਟਾ ਗੇੜ-ਪ੍ਰਹਿਲਾਦ ਘਰ ਹਰਨਾਕਸ਼।" ਭਾਪਾ ਬੁੜ-ਬੁੜ ਕਰਦਾ ਅੰਦਰ ਨੂੰ ਤੁਰ ਪਿਆ ਸੀ। ਸ਼ਾਇਦ ਡੇਰੇ ਦੀ ਸਫ਼ਾਈ ਸੇਵਕਾ ਪਿੱਛੇ ਖੜ੍ਹੀ ਦੇਖਕੇ।"

[ਪਿੰਡ ਰਹਿਪਾ, ਡਾ: ਹਕੀਮਪੁਰ, ਤਹਿਸੀਲ ਤੇ ਜ਼ਿਲ੍ਹਾ ਨਵਾਂ ਸ਼ਹਿਰ-144 507]



# ਕਿਤਾਬਾਂ ਵਿਚਕਾਰਲੀ ਵਿੱਥ

## ਸੁਖਬੀਰ

ਸ਼ੇਖਰ ਲਾਇਬਰੇਰੀ ਦੇ 'ਪੋਇਟਰੀ ਸੈਕਸ਼ਨ' ਵਿਚ ਕਿਤਾਬਾਂ ਨੂੰ ਸਰਸਰੀ ਨਜ਼ਰੇ ਵੇਖ ਰਿਹਾ ਸੀ। ਉਹ ਹਿੱਸਾ ਲਾਇਬਰੇਰੀ ਦੀ ਇਕ ਨੁੱਕਰੇ ਸੀ, ਜਿੱਥੇ ਸ਼ੇਖਰ ਹਮੇਸ਼ਾ ਇਕ ਰਹੱਸ ਭਰੀ ਇਕੱਲ ਮਹਿਸੂਸ ਕਰਦਾ। ਕਦੇ ਉਹ ਸੋਚਦਾ ਕਿ ਉਸ ਨੂੰ 'ਪੋਇਟਰੀ ਸੈਕਸ਼ਨ' ਦੀ ਥਾਂ 'ਪੋਇਟਰੀ ਕਾਰਨਰ' ਕਿਹਾ ਜਾਏ, ਤਾਂ ਕਿੰਨਾ ਚੰਗਾ ਹੋਵੇ!

ਉਹ ਕਿਤਾਬਾਂ ਨੂੰ ਵੇਖ ਹੀ ਰਿਹਾ ਸੀ ਕਿ ਉਸ ਨੇ ਸੁਣਿਆ, "ਮੇ ਆਈ ਹੈਲਪ ਯੂ ਪਲੀਜ਼?"

ਉਸ ਨੇ ਮੁੜ ਕੇ ਵੇਖਿਆ, ਇਕ ਕੁੜੀ ਉਸ ਕੋਲ ਖੜ੍ਹੀ ਸੀ। ਹਾਂ, ਉਹ ਲਾਇਬਰੇਰੀ ਵਿਚ ਕੰਮ ਕਰਦੀ ਸੀ, ਜਿਸ ਨੂੰ ਉਸ ਨੇ ਪੁੱਛ-ਗਿੱਛ ਦੀ ਮੇਜ਼ ਸਾਹਮਣੇ ਬੈਠਿਆਂ, ਜਾਂ ਕਾਊਂਟਰ 'ਤੇ ਖੜੋਤਿਆਂ ਮੈਂਬਰਾਂ ਨੂੰ ਕਿਤਾਬਾਂ ਦਿੰਦਿਆਂ ਵੇਖਿਆ ਸੀ। ਦਰਮਿਆਨੇ ਕੱਦ ਦੀ, ਪਤਲੀ ਜਿਹੀ ਕੁੜੀ ਸੀ ਉਹ, ਜਿਸ ਦਾ ਸਾਧਾਰਣ ਜਿਹਾ ਚਿਹਰਾ ਭੂਰੀਆਂ ਅੱਖਾਂ ਸਦਕਾ ਸਾਧਾਰਣ ਨਹੀਂ ਵੀ ਲਗਦਾ ਸੀ।

ਚਾਣਚੱਕ ਸ਼ੇਖਰ ਨੂੰ ਸੁੱਝਿਆ ਨਹੀਂ ਕਿ ਉਸ ਨੂੰ ਕੀ ਜਵਾਬ ਦਵੇ।

ਤਦੇ ਕੁੜੀ ਨੇ ਪੁੱਛਿਆ, "ਕਿਹੜੀ ਕਿਤਾਬ ਚਾਹੀਦੀ ਏ ਤੁਹਾਨੂੰ?"

"ਕੋਈ ਖਾਸ ਨਹੀਂ", ਸ਼ੇਖਰ ਨੇ ਕਿਹਾ। "ਉਂਝੇ ਵੇਖ ਰਿਹਾ ਸਾਂ। ਹਾਂ, ਹੈਮਿੰਗਵੇ 'ਤੇ ਇਕ ਨਵੀਂ ਕਿਤਾਬ ਆਈ ਏ—ਆਲੋਚਨਾ ਦੀ। ਉਹ ਏਥੇ ਹੋਵੇਗੀ?"

"ਉਹ ਦੂਜੇ ਸੈਕਸ਼ਨ ਵਿਚ ਏ। ਆਉ, ਵਿਖਾਵਾਂ। ਇਹ ਪੋਇਟਰੀ ਸੈਕਸ਼ਨ ਏ", ਕੁੜੀ ਨੇ ਕਿਹਾ ਤੇ ਸ਼ੇਖਰ ਨੂੰ ਦੂਜੇ ਪਾਸੇ ਲੈ ਗਈ, ਜਿੱਥੇ ਆਲੋਚਨਾ ਸੰਬੰਧੀ ਕਿਤਾਬਾਂ ਰੱਖੀਆਂ ਹੋਈਆਂ ਸਨ।

ਉਹਨਾਂ ਕਿਤਾਬਾਂ 'ਚੋਂ ਉਸ ਨੇ ਹੈਮਿੰਗਵੇ ਬਾਰੇ ਤਿੰਨ ਕਿਤਾਬਾਂ ਕੱਢ ਕੇ ਵਿਖਾਈਆਂ।

ਸ਼ੇਖਰ ਨੇ ਉਹਨਾਂ 'ਚੋਂ ਇਕ ਕਿਤਾਬ ਚੁਣਦਿਆਂ ਕਿਹਾ, "ਏਸੇ ਬਾਰੇ ਪੁੱਛਿਆ ਸੀ। ਇਹ ਦੂਜੀਆਂ ਦੋ ਤਾਂ ਮੈਂ ਪੜ੍ਹੀਆਂ ਹੋਈਆਂ ਹਨ। ਧੰਨਵਾਦ।"

ਕੁੜੀ ਨੇ ਉਹ ਦੋਵੇਂ ਕਿਤਾਬਾਂ ਸ਼ੈਲਫ ਵਿਚ ਰੱਖ ਦਿੱਤੀਆਂ। ਤਦੇ ਚਾਣਚੱਕ ਜਿਵੇਂ ਕੁਝ ਯਾਦ ਆਇਆ ਹੋਵੇ, ਉਸ ਨੇ ਸ਼ੇਖਰ ਵੱਲ ਮੁੜ ਕੇ ਕਿਹਾ, "ਹੈਮਿੰਗਵੇ ਦੀ ਇਕ ਹੋਰ ਨਵੀਂ ਕਿਤਾਬ ਆਈ ਏ। ਜੇ ਤੁਹਾਡੀ ਦਿਲਚਸਪੀ ਹੋਵੇ ਉਸ ਵਿਚ, ਉਹ ਉਸ ਦੀ ਉਹਨਾਂ ਦਿਨਾਂ ਦੀ ਰਿਪੋਰਟਿੰਗ ਦਾ ਸੰਗ੍ਰਹਿ ਹੈ, ਜਿਹਨੀਂ ਦਿਨੀਂ ਉਹ ਫਰਾਂਸ ਵਿਚ ਇਕ ਅਖ਼ਬਾਰ ਲਈ ਰਿਪੋਰਟਿੰਗ ਕਰਿਆ ਕਰਦਾ ਸੀ। ਵੇਖਣਾ ਚਾਹੋਗੇ?"

"ਬੇਸ਼ੱਕ!" ਸ਼ੇਖਰ ਨੇ ਕਿਹਾ। "ਉਸ ਨੂੰ ਤਾਂ ਮੈਂ ਸ਼ੌਕ ਨਾਲ ਪੜ੍ਹਨਾ ਚਾਹਾਂਗਾ। ਹੈਮਿੰਗਵੇ ਦੀਆਂ ਮੁੱਢਲੀਆਂ ਲਿਖਤਾਂ ਵਿਚ ਮੇਰੀ ਖਾਸ ਦਿਲਚਸਪੀ ਏ।"

"ਤਾਂ ਆਓ", ਕੁੜੀ ਨੇ ਕਿਹਾ ਤੇ ਉਸ ਨੂੰ ਲਾਇਬਰੇਰੀ ਦੇ ਇਕ ਹੋਰ ਹਿੱਸੇ ਵੱਲ ਲੈ ਗਈ।

ਸ਼ੇਖਰ ਨੂੰ ਕੁੜੀ ਦਿਲਚਸਪ ਲੱਗੀ, ਤੇ ਚੰਗੀ ਵੀ। ਕਿੰਨੀ ਜਾਣਕਾਰੀ ਏ ਇਸ ਨੂੰ! ਉਸ ਨੇ ਸੋਚਿਆ। ਤੇ ਫਿਰ, ਕਿਸੇ ਦੀ ਮਦਦ ਕਰਨ ਦਾ ਕਿੰਨਾ ਸੋਹਣਾ ਅੰਦਾਜ਼! ਪੜ੍ਹਨ ਦਾ ਖਾਸ ਸ਼ੌਕ ਹੋਵੇਗਾ। ਤੇ ਚੰਗੇ ਲੇਖਕ ਪੜ੍ਹਦੀ ਹੋਵੇਗੀ।

ਕੁੜੀ ਨੇ ਕਿਤਾਬ ਲੱਭੀ, ਪਰ ਉਹ ਮਿਲੀ ਨਹੀਂ। "ਅਫਸੋਸ ਏ", ਉਸ ਨੇ ਸ਼ੇਖਰ ਵੱਲ ਮੁੜ ਕੇ ਕਿਹਾ, "ਇਸ ਵੇਲੇ ਉਹ ਕਿਤਾਬ ਏਥੇ ਹੈ ਨਹੀਂ। ਕੋਈ ਲੈ ਗਿਆ ਲਗਦਾ ਏ। ਤੁਸੀਂ ਉਸ ਨੂੰ ਰਿਜ਼ਰਵ ਕਰਾ ਲਉ। ਜਦ ਵੀ ਵਾਪਸ ਆਏਗੀ, ਤੁਹਾਡੇ ਲਈ ਰੱਖ ਲਈ ਜਾਏਗੀ। ਹਾਂ, ਉਸ ਤੋਂ ਛੁੱਟ ਕਿਸੇ ਹੋਰ ਲੇਖਕ ਦੀ ਕਿਤਾਬ ਚਾਹੋ, ਤਾਂ ਵਿਖਾਵਾਂ। ਹੋਰ ਕਿਸ ਲੇਖਕ ਵਿਚ ਸ਼ੌਕ ਏ ਤੁਹਾਡਾ?"

"ਹੋਰ?—ਸੈਂਡਬਰਗ ਵਿਚ", ਸ਼ੇਖਰ ਨੇ ਕਿਹਾ।

"ਤਾਂ ਉਹ ਤੁਹਾਨੂੰ 'ਪੋਇਟਰੀ ਸੈਕਸ਼ਨ ਵਿਚ ਮਿਲੇਗਾ। ਉਂਝ 'ਬਾਇਓਗ੍ਰਾਫੀ ਸੈਕਸ਼ਨ' ਵਿਚ

ਵੀ ਮਿਲੇਗਾ-ਜੇ ਉਸ ਦੀ ਲਿਖੀ ਲਿੰਕਨ ਦੀ ਜੀਵਨੀ ਵਿਚ ਤੁਹਾਡੀ ਦਿਲਚਸਪੀ ਹੋਵੇ। ਚਾਰ ਜਿਲਦਾਂ ਵਿਚ ਹੈ ਉਹ ਜੀਵਨੀ।"

"ਨਹੀਂ, ਮੈਨੂੰ ਉਸ ਦੀਆਂ ਕਵਿਤਾਵਾਂ ਵਿਚ ਦਿਲਚਸਪੀ ਏ।"

"ਤਾਂ ਠੀਕ ਏ", ਕੁੜੀ ਨੇ ਕਿਹਾ ਤੇ ਉਸੇ ਵੇਲੇ ਉਸ ਆਦਮੀ ਦੀ ਮਦਦ ਲਈ ਉਸ ਕੋਲ ਗਈ, ਜੋ ਗਵਾਚਿਆਂ ਵਾਂਗ ਘਬਰਾਈ ਹੋਈ ਹਾਲਤ ਵਿਚ ਕਿਤਾਬਾਂ ਨੂੰ ਵੇਖ ਰਿਹਾ ਸੀ।

"ਮੇ ਆਈ ਹੈਲਪ ਯੂ, ਪਲੀਜ਼?" ਕੁੜੀ ਨੇ ਕਿਹਾ, ਤਾਂ ਉਹ ਆਦਮੀ ਉਸ ਵੱਲ ਵੇਖ ਕੇ ਹੋਰ ਵੀ ਘਬਰਾ ਉਠਿਆ।

ਸ਼ੇਖਰ ਨੇ ਵੇਖਿਆ, ਤਾਂ ਉਸ ਦੇ ਬੁੱਲ੍ਹਾਂ 'ਤੇ ਮੁਸਕਰਾਹਟ ਆਈ। ਫੇਰ, ਉਹ 'ਪੋਇਟਰੀ ਸੈਕਸ਼ਨ' ਵਿਚ ਜਾ ਕੇ ਪਹਿਲਾਂ ਵਾਂਗ ਕਿਤਾਬਾਂ ਵੇਖਣ ਲੱਗਾ। ਉਸ ਨੇ ਉਥੋਂ ਸੈਂਡਬਰਗ ਦੀ ਕੋਈ ਕਿਤਾਬ ਨਹੀਂ ਲਈ, ਕਿਉਂਕਿ ਉਸ ਦੀਆਂ ਜੋ ਕਿਤਾਬਾਂ ਉਥੇ ਸਨ, ਉਹ ਪੜ੍ਹ ਚੁੱਕਾ ਸੀ।

0 0 0 0

ਸ਼ੇਖਰ ਅਗਲੀ ਵਾਰ ਲਾਇਬਰੇਰੀ ਵਿਚ ਗਿਆ, ਤਾਂ ਕੁੜੀ ਕੁਝ ਉਤਾਵਲ ਨਾਲ ਉਸ ਕੋਲ ਆਈ। ਸ਼ੇਖਰ ਨੂੰ ਉਸ ਦਾ ਇਸ ਤਰ੍ਹਾਂ ਆਉਣਾ ਚੰਗਾ ਲੱਗਾ।

"ਇਕ ਹੋਰ ਕਿਤਾਬ ਆਈ ਏ ਹੈਮਿੰਗਵੇ ਬਾਰੇ—ਪਾਪਾ ਹੈਮਿੰਗਵੇ। ਵੇਖਣਾ ਚਾਹੋਗੇ?"

"ਸ਼ੌਕ ਨਾਲ।"

"ਆਓ।"

ਕੁੜੀ ਨੇ ਸ਼ੈਲਫ 'ਚੋਂ ਉਹ ਕਿਤਾਬ ਕੱਢ ਕੇ ਸ਼ੇਖਰ ਨੂੰ ਦਿੱਤੀ। "ਅਜੇ ਕੱਲ੍ਹ ਈ ਆਈ ਏ। ਮੈਂ ਸੋਚਿਆ, ਤੁਸੀਂ ਉਸ ਨੂੰ ਜ਼ਰੂਰ ਪੜ੍ਹਨਾ ਚਾਹੋਗੇ।"

"ਧੰਨਵਾਦ। ਹੈਮਿੰਗਵੇ ਬਾਰੇ ਕੋਈ ਵੀ ਨਵੀਂ ਕਿਤਾਬ ਮਿਲ ਜਾਵੇ, ਮੈਂ ਜ਼ਰੂਰ ਪੜ੍ਹਨਾ ਚਾਹੁੰਦਾ ਹਾਂ।"

"ਬਹੁਤ ਦਿਲਚਸਪੀ ਏ ਤੁਹਾਨੂੰ ਹੈਮਿੰਗਵੇ ਵਿਚ?"

"ਬਹੁਤ।"

ਉਸ ਵੇਲੇ ਸ਼ੇਖਰ ਨੂੰ ਕੁੜੀ ਦੇ ਚਿਹਰੇ 'ਤੇ ਹੈਰਾਨੀ ਵਿਖਾਈ ਦਿੱਤੀ, ਜਿਵੇਂ ਉਹ ਸਮਝ ਨਾ ਪਾ ਰਹੀ ਹੋਵੇ ਕਿ ਉਸ ਨੂੰ ਹੈਮਿੰਗਵੇ ਵਿਚ ਏਨੀ ਦਿਲਚਸਪੀ ਕਿਉਂ ਹੈ। ਉਸ ਹੈਰਾਨੀ ਦੇ ਨਾਲ ਉਸ ਦੇ ਬੁੱਲ੍ਹਾਂ 'ਤੇ ਨਿੰਮ੍ਹੀ ਜਹੀ ਵਿਅੰਗ ਭਰੀ ਮੁਸਕਰਾਹਟ ਵੀ ਵਿਖਾਈ ਦਿੱਤੀ। ਸ਼ੇਖਰ ਨੇ ਉਸ ਦਾ ਰਹੱਸ ਜਾਨਣਾ ਚਾਹਿਆ। "ਤੁਹਾਨੂੰ ਹੈਮਿੰਗਵੇ ਕਿਹੋ ਜਿਹਾ ਲਗਦਾ ਏ?" ਉਸ ਨੇ ਪੁੱਛਿਆ।

ਕੁੜੀ ਦੇ ਚਿਹਰੇ 'ਤੇ ਝਿਜਕ ਆਈ। "ਅਸਲ ਵਿਚ...ਮੈਨੂੰ ਉਹ ਪਸੰਦ ਨਹੀਂ ਏ। ਉਸ ਦੇ ਤਿੰਨ-ਚਾਰ ਨਾਵਲ ਪੜ੍ਹਨ ਦੀ ਕੋਸ਼ਿਸ਼ ਕੀਤੀ ਸੀ, ਪਰ ਕੋਈ ਵੀ ਪੂਰਾ ਪੜ੍ਹ ਨਹੀਂ ਸਾਂ ਸਕੀ।"

"ਦੀ ਓਲਡ ਮੈਨ ਐਂਡ ਦਾ ਸੀ ਵੀ ਨਹੀਂ?"

"ਉਹ ਤਾਂ ਬਿਲਕੁਲ ਹੀ ਨਹੀਂ।"

"ਮੈਂ ਤਾਂ ਉਹ ਕਈ ਵਾਰ ਪੜ੍ਹ ਚੁੱਕਾ ਹਾਂ।"

"ਅਜੀਬ ਏ!" ਕੁੜੀ ਨੇ ਕਿਹਾ।

ਉਸ ਵੇਲੇ ਉਸ ਦੀਆਂ ਭੂਰੀਆਂ ਅੱਖਾਂ ਵਿਚਲਾ ਉਹ ਹੈਰਾਨੀ ਦਾ ਭਾਵ ਸ਼ੇਖਰ ਨੂੰ ਚੰਗਾ ਲੱਗਾ। ਉਸ ਨੇ ਇਕ ਬਿੰਦ ਰੁਕ ਕੇ ਪੁੱਛਿਆ, "ਤੁਹਾਡਾ ਕਿਹੜਾ ਮਨਪਸੰਦ ਲੇਖਕ ਏ?"

"ਸੈਲਿੰਜਰ", ਕੁੜੀ ਨੇ ਝੱਟ ਕਿਹਾ। ਉਸ ਦੀਆਂ ਕੁਝ ਚੀਜ਼ਾਂ ਤਾਂ ਮੈਂ ਦੋ-ਦੋ, ਤਿੰਨ-ਤਿੰਨ ਵਾਰ ਵੀ ਪੜ੍ਹੀਆਂ ਨੇ। ਖਾਸਕਰ ਉਸ ਦਾ ਨਾਵਲ 'ਕੈਚਰ ਇਨ ਦੀ ਰਾਈ' ਤਾਂ ਮੈਂ ਕਈ ਵਾਰ ਪੜ੍ਹ ਚੁੱਕੀ ਹਾਂ।"

ਇਸ ਵਾਰ ਸ਼ੇਖਰ ਨੇ ਉਸ ਨੂੰ ਹੈਰਾਨੀ ਨਾਲ ਵੇਖਿਆ, ਤੇ ਉਸ ਦੇ ਬੁੱਲ੍ਹਾਂ 'ਤੇ ਨਿੰਮ੍ਹੀ ਜਹੀ ਵਿਅੰਗ-ਭਰੀ ਮੁਸਕਰਾਹਟ ਆਈ।

ਕੁੜੀ ਨੇ ਉਸ ਦੀ ਉਹ ਹੈਰਾਨੀ ਤੇ ਮੁਸਕਰਾਹਟ ਵੇਖੀ, ਤਾਂ ਪੁੱਛਣੋਂ ਨਾ ਰਹਿ ਸਕੀ, "ਕਿਉਂ,



ਤੁਹਾਡੀ ਕੀ ਰਾਇ ਹੈ ਉਸ ਬਾਰੇ? ਪੜ੍ਹਿਆ ਹੋਵੇਗਾ ਉਸ ਨੂੰ?"

"ਹਾਂ, ਪੜ੍ਹਿਆ ਏ? ਪਰ ਅਸਲ ਵਿਚ...ਪਸੰਦ ਨਹੀਂ ਆਇਆ।"

"ਅਜੀਬ ਏ!"

"ਹਾਂ, ਕੁਝ ਅਜੀਬ ਈ ਸਮਝੋ।"

ਕੁੜੀ ਮੁਸਕਰਾਈ। "ਖੈਰ! ਨਵੇਂ ਲੇਖਕਾਂ 'ਚੋਂ ਤੁਹਾਨੂੰ ਕੌਣ ਜ਼ਿਆਦਾ ਚੰਗਾ ਲਗਦਾ ਏ?"

"ਇਰਵਿਨ ਸ਼ਾ।"

"ਮੈਨੂੰ ਤਾਂ ਕੁਝ ਜਚਿਆ ਨਹੀਂ", ਕੁੜੀ ਨੇ ਆਪਣੇ ਚਿਹਰੇ 'ਤੇ ਖਾਸ ਤੌਰ 'ਤੇ ਨਾਪਸੰਦਗੀ ਦਾ ਭਾਵ ਲਿਆ ਕੇ ਕਿਹਾ। "ਰੁੱਖਾ-ਰੁੱਖਾ ਲਗਦਾ ਏ। ਮੈਨੂੰ ਤਾਂ ਸਰੋਯਾਨ ਬਹੁਤ ਚੰਗਾ ਲਗਦਾ ਏ। ਬੜੀ ਹੀ ਦਿਲਚਸਪ ਸ਼ੈਲੀ ਏ ਉਸ ਦੀ।"

"ਉਪਭਾਵਕ ਕਿਸਮ ਦੀਆਂ ਚੀਜ਼ਾਂ ਲਿਖਦਾ ਏ। ਤੇ ਬੜੀ ਬਨਾਵਟ ਏ ਉਸ ਦੀ ਸ਼ੈਲੀ ਵਿਚ।"

"ਓ'ਹਾਰਾ ਕਿਹੋ ਜਿਹਾ ਲਗਦਾ ਏ?" ਕੁੜੀ ਨੇ ਪੁੱਛਿਆ।

"ਐਲਫਰੈਡ ਕਾਜ਼ਿਨ ਦੇ ਲਫਜ਼ਾਂ ਵਿਚ 'ਦੀ ਬਿਗ ਅਮੇਰੀਕਨ ਬੋਰ'!"

ਕੁੜੀ ਖਿੜਖਿੜਾ ਕੇ ਹੱਸੀ।

ਸ਼ੇਖਰ ਨੂੰ ਉਸ ਦਾ ਉਹ ਹਾਸਾ ਬਹੁਤ ਚੰਗਾ ਲੱਗਾ। ਪਰ ਨਾਲ ਹੀ, ਉਸ ਨੂੰ ਲੱਗਾ ਕਿ ਉਹ ਉਸ ਦੀ ਰਾਏ 'ਤੇ ਹੱਸੀ ਹੈ ਜਾਂ ਖੁਦ ਉਸ 'ਤੇ ਹੱਸੀ ਹੈ।

"ਕਿਉਂ, ਤੁਹਾਨੂੰ ਕਿਹੋ ਜਿਹਾ ਲਗਦਾ ਏ ਓ'ਹਾਰਾ?" ਉਸ ਨੇ ਪੁੱਛਿਆ।

"ਬਹੁਤ ਚੰਗਾ! ਤੇ ਬਹੁਤ ਦਿਲਚਸਪ। ਉਸ ਦੇ ਨਾਵਲ, 'ਬਟਰਫੀਲਡ-8' 'ਤੇ ਬਣੀ ਫਿਲਮ ਵੇਖੀ ਸੀ ਤੁਸੀਂ?"

"ਹਾਂ। ਫਿਲਮ ਚੰਗੀ ਸੀ, ਪਰ ਨਾਵਲ ਮੈਥੋਂ ਪੜ੍ਹਿਆ ਨਹੀਂ ਸੀ ਗਿਆ। ਪੜ੍ਹਦਿਆਂ ਮਨ ਅੱਕ ਗਿਆ ਸੀ।"

"ਮੈਨੂੰ ਤਾਂ ਨਾਵਲ ਫਿਲਮ ਨਾਲੋਂ ਵੀ ਚੰਗਾ ਲੱਗਾ ਸੀ। ਓ'ਹਾਰਾ ਦੇ ਤਾਂ ਮੈਂ ਲਗਪਗ ਸਾਰੇ ਨਾਵਲ ਪੜ੍ਹ ਚੁੱਕੀ ਹਾਂ।"

"ਅਜੀਬ ਗੱਲ ਏ ਕਿ ਜਿੱਥੇ ਹੈਮਿੰਗਵੇ ਮੈਨੂੰ ਏਨਾ ਪਸੰਦ ਏ, ਉਥੇ ਓ'ਹਾਰਾ ਬਿਲਕੁਲ ਪਸੰਦ ਨਹੀਂ, ਜਿਸ ਨੂੰ ਕਿ ਹੈਮਿੰਗਵੇ ਆਪਣੇ ਤੋਂ ਬਾਅਦ ਦੀ ਪੀੜ੍ਹੀ ਦੇ ਲੇਖਕਾਂ ਵਿਚ ਬਹੁਤ ਪਸੰਦ ਕਰਦਾ ਸੀ।"

ਕੁੜੀ ਮੁਸਕਰਾਈ। "ਏਸੇ ਤਰ੍ਹਾਂ, ਮੈਂ ਵੀ ਕਹਾਂਗੀ ਕਿ ਜਿੱਥੇ ਓ'ਹਾਰਾ ਮੈਨੂੰ ਏਨਾ ਪਸੰਦ ਏ, ਉਥੇ ਹੈਮਿੰਗਵੇ ਬਿਲਕੁਲ ਪਸੰਦ ਨਹੀਂ, ਜਿਸ ਨੂੰ ਕਿ ਓ'ਹਾਰਾ ਆਪਣੇ ਤੋਂ ਪਹਿਲਾਂ ਦੀ ਪੀੜ੍ਹੀ ਦੇ ਲੇਖਕਾਂ ਵਿਚ ਸਭ ਤੋਂ ਵੱਡਾ ਲੇਖਕ ਮੰਨਦਾ ਸੀ।"

0 0 0 0

ਸ਼ੇਖਰ ਜਦ ਵੀ ਲਾਇਬਰੇਰੀ ਵਿਚ ਜਾਂਦਾ, ਕੁੜੀ ਨਾਲ ਕੁਝ ਚਿਰ ਜ਼ਰੂਰ ਗੱਲਾਂ ਹੁੰਦੀਆਂ। ਉਹ ਇਕ-ਦੂਜੇ ਨੂੰ 'ਹੈਲੋ' ਕਹਿੰਦੇ ਤੇ ਰਸਮੀ ਤੌਰ 'ਤੇ ਇਕ-ਦੂਜੇ ਦਾ ਹਾਲ-ਚਾਲ ਪੁੱਛਦੇ। ਫੇਰ, ਕਿਤਾਬਾਂ ਦਾ ਜ਼ਿਕਰ ਹੋਣ ਲਗਦਾ। ਦੋਵੇਂ ਦੱਸਦੇ ਕਿ ਪਿਛਲੇ ਦਿਨੀਂ ਉਹਨਾਂ ਨੇ ਕਿਹੜੀਆਂ ਕਿਤਾਬਾਂ ਪੜ੍ਹੀਆਂ ਹਨ ਤੇ ਉਹ ਕਿਹੋ ਜਿਹੀਆਂ ਲੱਗੀਆਂ ਹਨ। ਤਦ ਇਕ-ਦੂਜੇ ਨੂੰ ਉਹ ਕਿਤਾਬਾਂ ਪੜ੍ਹਨ ਦੀ ਸਲਾਹ ਦਿੰਦੇ। ਜਿਸ ਤਰ੍ਹਾਂ ਕੁੜੀ ਸ਼ੇਖਰ ਨੂੰ ਖਾਸ ਤੌਰ 'ਤੇ ਸ਼ੈਲਫਾਂ 'ਚੋਂ ਕੁਝ ਕਿਤਾਬਾਂ ਕੱਢ ਕੇ ਵਿਖਾਇਆ ਕਰਦੀ, ਉਸੇ ਤਰ੍ਹਾਂ ਹੁਣ ਸ਼ੇਖਰ ਵੀ ਕਿਸੇ ਕਿਤਾਬ ਦਾ ਜ਼ਿਕਰ ਕਰਦਾ ਤੇ ਕੁੜੀ ਨੂੰ ਨਾਲ ਲੈ ਕੇ ਲਾਇਬਰੇਰੀ ਦੇ ਉਸ ਹਿੱਸੇ ਵਿਚ ਜਾਂਦਾ ਤੇ ਉਹ ਕਿਤਾਬ ਕੱਢ ਕੇ ਦਿੰਦਾ। "ਕਾਰਸਨ ਮੈੱਕੁਲਰ ਦਾ ਬਹੁਤ ਸੋਹਣਾ ਨਾਵਲ ਹੈ ਇਹ—ਨਾਵਲੈਟ ਕਹਿਣਾ ਚਾਹੀਦਾ ਏ: 'ਬੈਲੇਡ ਆਫ ਦੀ ਸੈਡ ਕੈਫੇ", ਉਹ ਕਹਿੰਦਾ। "ਬਹੁਤ ਵਧੀਆ ਲਿਖਿਆ ਹੋਇਆ ਏ। ਖਾਸਕਰ ਇਸ ਦੀ ਸ਼ੈਲੀ ਵਿਚ ਅਜਿਹਾ ਪ੍ਰਵਾਹ ਏ, ਤੇ ਅਜਿਹੀ ਸਾਦਗੀ ਕਿ ਇਸ ਨੂੰ ਤੁਸੀਂ ਦੂਜੀ, ਤੀਜੀ ਵਾਰ ਵੀ ਪੜ੍ਹਨਾ ਚਾਹੋਗੇ।"

"ਜ਼ਰੂਰ ਪੜ੍ਹਾਂਗੀ।", ਕੁੜੀ ਕਹਿੰਦੀ। "ਤੁਸੀਂ ਐਲਬਰਟ ਐਲਬੀ ਦਾ ਨਾਟਕ ਤਾਂ ਨਹੀਂ ਪੜ੍ਹਿਆ ਹੋਵੇਗਾ: 'ਹੂ ਇਜ਼ ਆਫਰੇਡ ਆਫ ਵਰਜੀਨੀਆ ਵੂਲਫ'? ਉਸ 'ਤੇ ਫਿਲਮ ਵੀ ਬਣ ਰਹੀ ਏ।"

"ਨਹੀਂ, ਕਿਹੋ ਜਿਹਾ ਨਾਟਕ ਏ?"

"ਬਹੁਤ ਵਧੀਆ! ਆਓ, ਵਿਖਾਵਾਂ।" ਤੇ ਉਹ 'ਡਰਾਮਾ ਸੈਕਸ਼ਨ' ਵੱਲ ਤੁਰ ਪੈਂਦੀ।

ਦੋਵੇਂ ਇਕ-ਦੂਜੇ ਦੀਆਂ ਸੁਝਾਈਆਂ ਕਿਤਾਬਾਂ ਲੈ ਜਾਂਦੇ, ਦੋਹਾਂ ਨੂੰ ਹੀ ਉਹ ਪਸੰਦ ਨਾ ਆਉਂਦੀਆਂ। ਅਗਲੀ ਵਾਰ ਮਿਲਣ 'ਤੇ ਉਹ ਕੁਝ ਝਿਜਕਦੇ ਹੋਏ, ਗੋਲ-ਮੋਲ ਢੰਗ ਨਾਲ ਉਹਨਾਂ ਕਿਤਾਬਾਂ ਬਾਰੇ ਆਪਣੀ ਨਾਪਸੰਦਗੀ ਦਾ ਜ਼ਿਕਰ ਕਰਦੇ। ਤਦ ਉਹ ਅਜੀਬ ਜਿਹੀ ਉਲਝਣ ਵਿਚ ਫਸ ਜਾਂਦੇ। ਅਖੀਰ, ਉਸ 'ਚੋਂ ਨਿਕਲਣ ਲਈ ਕੋਈ ਹੋਰ ਗੱਲ ਸ਼ੁਰੂ ਕਰ ਦਿੰਦੇ। ਗੱਲ 'ਚੋਂ ਗੱਲ ਨਿਕਲਦੀ ਹੋਈ ਕਿਤੇ ਹੋਰ ਪਹੁੰਚ ਜਾਂਦੀ। ਕੁਝ ਵਿਅਕਤੀਗਤ ਗੱਲਾਂ ਵੀ ਹੁੰਦੀਆਂ। ਪਰ ਉਹ ਇਕ ਹੱਦ ਤੋਂ ਅੱਗੇ ਨਾ ਵਧਦੀਆਂ। ਵਿਅਕਤੀਗਤ ਹੋਣ 'ਤੇ ਵੀ ਉਹ ਕਿਸੇ ਹੱਦ ਤਕ ਰਸਮੀ ਕਿਸਮ ਦੀਆਂ ਹੀ ਬਣੀਆਂ ਰਹਿੰਦੀਆਂ।

ਸ਼ੁਰੂ ਵਿਚ ਸ਼ੇਖਰ ਨੂੰ ਕੁੜੀ ਵਿਚ ਜੋ ਦਿਲਚਸਪੀ ਮਹਿਸੂਸ ਹੋਈ ਸੀ, ਉਹ ਕੁਝ ਚਿਰ ਤਕ ਵਧਦੀ ਰਹੀ ਸੀ। ਕੁੜੀ ਨੂੰ ਹੋਰ ਵਧੇਰੇ ਜਾਨਣ ਤੇ ਉਸ ਦੇ ਨੇੜੇ ਹੋਣ ਦੀ ਲਾਲਸਾ ਬਣੀ ਰਹੀ ਸੀ। ਪਰ ਇਕ ਹੱਦ 'ਤੇ ਪਹੁੰਚ ਕੇ ਉਹ ਦਿਲਚਸਪੀ ਜਿਵੇਂ ਰੁਕ ਗਈ ਸੀ। ਕੁੜੀ ਦਾ ਕਮਜ਼ੋਰ ਜਿਹਾ, ਪਤਲਾ ਸਰੀਰ ਉਸ ਨੂੰ ਕਦੇ ਚੰਗਾ ਲਗਦਾ, ਉਸ ਵਿਚਲੀ ਲਚਕ ਚੰਗੀ ਲਗਦੀ, ਪਰ ਕਦੇ ਉਹ ਸੋਚਦਾ, ਕੇਹੀ ਮਰੀਅਲ ਜਿਹੀ ਕੁੜੀ ਏ! ਕਪੜਿਆਂ ਸਦਕਾ ਕੁਝ ਠੀਕ ਲਗਦੀ ਏ, ਪਰ ਉਂਝ ਤਾਂ ਹੱਡੀਆਂ ਦਾ ਢਾਂਚਾ ਹੀ ਹੋਵੇਗੀ। ਫੇਰ, ਲੇਖਕਾਂ ਤੇ ਕਿਤਾਬਾਂ ਬਾਰੇ ਉਸ ਦੀ ਜੋ ਪਸੰਦ ਏ, ਉਹ ਕਿੰਨੀ ਅਜੀਬ ਏ! ਅਜੀਬ ਕੀ, ਬੜੀ ਘਟੀਆ ਏ। ਉਂਝ, ਉਹ ਪਸੰਦ ਇਕ ਤਰ੍ਹਾਂ ਨਾਲ ਘਟੀਆ ਨਹੀਂ ਵੀ ਕਹੀ ਜਾ ਸਕਦੀ, ਕਿਉਂਕਿ ਉਸ ਨੂੰ ਜੋ ਲੇਖਕ ਪਸੰਦ ਹਨ, ਉਹਨਾਂ 'ਚੋਂ ਕਈ ਸੱਚਮੁੱਚ ਵੱਡੇ ਲੇਖਕ ਮੰਨੇ ਗਏ ਹਨ। ਇਹ ਵੱਖਰੀ ਗੱਲ ਏ ਕਿ ਉਹ ਲੇਖਕ ਮੈਨੂੰ ਪਸੰਦ ਨਹੀਂ। ਖੈਰ, ਆਪਣੀ-ਆਪਣੀ ਪਸੰਦ ਏ। ਫੇਰ ਵੀ, ਹੈਮਿੰਗਵੇ ਤਾਂ ਉਸ ਨੂੰ ਪਸੰਦ ਆਉਣਾ ਹੀ ਚਾਹੀਦਾ ਏ। ਹੈਮਿੰਗਵੇ ਦਾ ਜ਼ਿਕਰ ਹੋਣ 'ਤੇ ਕਿੰਝ ਨੱਕ ਚਾੜ੍ਹਦੀ ਏ। ਜਿਵੇਂ ਹੈਮਿੰਗਵੇ ਦੀ ਥਾਂ ਖਾਣ ਦੀ ਕੋਈ ਬੁਸੀ ਹੋਈ ਚੀਜ਼ ਹੋਵੇ। ਤਦ ਉਸ ਦਾ ਨੱਕ ਕਿੰਨਾ ਚੰਗਾ ਲਗਦਾ ਏ। ਚਿਹਰਾ ਵੀ ਕਿੰਨਾ ਪਿਆਰਾ ਬਣ ਜਾਂਦਾ ਏ! ਤੇ ਅੱਖਾਂ? ਕਦੇ ਲਗਦਾ ਏ, ਜਿਵੇਂ ਸਾਹਮਣੇ ਕੁੜੀ ਦੀ ਥਾਂ ਸਿਰਫ ਦੋ ਅੱਖਾਂ ਹੀ ਦਿਸ ਰਹੀਆਂ ਹੋਣ। ਭੂਰੇ ਰੰਗ ਦੀਆਂ ਅੱਖਾਂ, ਜਿਨ੍ਹਾਂ ਵਿਚ ਕਿਸੇ-ਕਿਸੇ ਵੇਲੇ ਹਰੇ ਰੰਗ ਦੀ ਭਾਹ ਲਿਸ਼ਕ ਜਾਂਦੀ ਏ।

ਸ਼ੇਖਰ ਮਹਿਸੂਸ ਕਰ ਰਿਹਾ ਸੀ ਕਿ ਉਹ ਕੁੜੀ, ਜੋ ਉਸ ਨੂੰ ਹੌਲੀ-ਹੌਲੀ ਚੰਗੀ ਲੱਗਣ ਲੱਗੀ ਸੀ, ਇਕ ਹੱਦ 'ਤੇ ਆ ਕੇ ਹੋਰ ਵਧੇਰੇ ਚੰਗੀ ਲੱਗਣੋਂ ਹਟ ਗਈ ਸੀ। ਭਲਾ ਇਸ ਦਾ ਕੀ ਕਾਰਣ ਹੋ ਸਕਦਾ ਏ? ਉਹ ਸੋਚਦਾ, ਪਰ ਸਮਝ ਨਾ ਪਾਉਂਦਾ ਤੇ ਉਸ ਨੂੰ ਕੁੜੀ ਦੇ ਵਤੀਰੇ ਤੋਂ ਲਗਦਾ ਕਿ ਉਹ ਵੀ ਉਸ ਨੂੰ ਸ਼ੁਰੂ ਵਿਚ ਚੰਗਾ ਲਗਦਾ ਰਿਹਾ ਹੋਵੇਗਾ, ਤੇ ਹੁਣ ਵਧੇਰੇ ਚੰਗਾ ਲੱਗਣੋਂ ਹਟ ਗਿਆ ਹੋਵੇਗਾ। ਹੁਣ ਜਦ ਵੀ ਉਹਨਾਂ ਦੀ ਮੁਲਾਕਾਤ ਹੁੰਦੀ, ਉਹੋ ਪਹਿਲਾਂ ਵਰਗੀਆਂ ਗੱਲਾਂ ਹੁੰਦੀਆਂ। ਕੋਈ ਅਜਿਹੀ ਨਵੀਂ ਗੱਲ ਨਾ ਹੁੰਦੀ ਕਿ ਉਹ ਜਿਸ ਰਾਹ 'ਤੇ ਅੱਗੇ ਵਧ ਰਹੇ ਸਨ, ਉਸ ਵਿਚ ਕੋਈ ਮੋੜ ਆਉਂਦਾ ਵਿਖਾਈ ਦਿੰਦਾ।

ਚਾਰ-ਪੰਜ ਮਹੀਨੇ ਬੀਤ ਗਏ ਸਨ। ਹੁਣ ਸ਼ੇਖਰ ਲਾਇਬਰੇਰੀ ਵਿਚ ਜਾਂਦਾ, ਤਾਂ ਉਸ ਨੂੰ ਕੁੜੀ ਨਾਲ ਮਿਲਣ ਦੀ ਖਾਸ ਉਤਾਵਲ ਨਾ ਹੁੰਦੀ। ਕਦੇ ਉਹ ਵੇਖਦਾ ਕਿ ਕੁੜੀ ਕੰਮ ਵਿਚ ਰੁੱਝੀ ਹੋਈ ਹੈ, ਤਾਂ ਉਸ ਨੂੰ ਸਿਰਫ ਹੈਲੋ ਕਹਿ ਕੇ ਅੱਗੇ ਵਧ ਜਾਂਦਾ ਤੇ ਕਿਤਾਬਾਂ ਲੈ ਕੇ ਵਾਪਸ ਆ ਜਾਂਦਾ। ਅਜਿਹੇ ਮੌਕਿਆਂ 'ਤੇ ਕੁੜੀ ਵਿਚ ਵੀ ਉਸ ਨੂੰ ਮਿਲਣ ਦੀ ਖਾਸ ਉਤਾਵਲ ਵਿਖਾਈ ਨਾ ਦਿੰਦੀ। ਉਹ ਹੈਲੋ ਕਹਿ ਕੇ ਉਸ ਬਾਰੇ ਰਸਮੀ ਕਿਸਮ ਦੀਆਂ ਇਕ-ਦੋ ਗੱਲਾਂ ਪੁੱਛਦੀ ਤੇ ਆਪਣੇ ਕੰਮ ਵਿਚ ਲੱਗ ਜਾਂਦੀ।

ਇਕ ਦਿਨ ਸਰਸਰੀ ਤੌਰ 'ਤੇ ਹੋਣ ਵਾਲੀਆਂ ਗੱਲਾਂ ਦੇ ਦੌਰਾਨ ਕੁੜੀ ਨੇ ਉਸ ਨੂੰ ਪੁੱਛਿਆ ਕਿ ਉਹ ਕੀ ਕੰਮ ਕਰਦਾ ਹੈ, ਤਾਂ ਉਸ ਨੇ ਦੱਸਿਆ, "ਇਕ ਉਰਦੂ ਅਖਬਾਰ ਦੇ ਸੰਪਾਦਕੀ ਮੰਡਲ ਵਿਚ ਹਾਂ।"

"ਰਿਪੋਰਟਿੰਗ ਦਾ ਕੰਮ ਕਰਦੇ ਹੋ?"



"ਨਹੀਂ, ਫੀਚਰ ਲਿਖਦਾ ਹਾਂ। ਦੋ-ਤਿੰਨ ਵੱਖ-ਵੱਖ ਨਾਵਾਂ ਥੱਲੇ ਫੀਚਰ ਲਿਖਦਾ ਹਾਂ। ਇਕ ਫੀਚਰ ਕੁੜੀ ਦੇ ਨਾਂ ਥੱਲੇ ਲਿਖਦਾ ਹਾਂ, ਜੋ ਬੜਾ ਪਸੰਦ ਕੀਤਾ ਜਾਂਦਾ ਏ। ਫੀਚਰ ਨੂੰ ਪੜ੍ਹ ਕੇ ਉਸ ਕੁੜੀ ਦੇ ਬਹੁਤ ਸੋਹਣੇ ਹੋਣ ਦਾ ਅਹਿਸਾਸ ਹੁੰਦਾ ਏ। ਲੋਕ ਉਸ ਫੀਚਰ ਵਿਚ ਸ਼ਾਇਦ ਉਸ ਕੁੜੀ ਨੂੰ ਵੇਖਿਆ ਕਰਦੇ ਹਨ।"

"ਇਹ ਤਾਂ ਬੜੀ ਸਵਾਦਲੀ ਗੱਲ ਏ!"

"ਹਾਂ, ਬੜਾ ਸਵਾਦ ਆਉਂਦਾ ਏ ਉਹ ਫੀਚਰ ਲਿਖਣ ਵਿਚ।"

"ਕੀ ਹੁੰਦਾ ਏ ਉਸ ਵਿਚ? ਯਾਨੀ ਕਿਸ ਬਾਰੇ ਲਿਖਦੀ ਏ ਉਹ ਕੁੜੀ?"

"ਉਹ ਕੁੜੀ ਇਸ ਸ਼ਹਿਰ ਵਿਚ ਘੁੰਮਦੀ ਏ ਤੇ ਵੱਖ-ਵੱਖ ਕਿਸਮ ਦੇ ਲੋਕਾਂ ਨੂੰ ਮਿਲਦੀ ਏ। ਖਾਸਕਰ ਤੀਵੀਆਂ ਨੂੰ। ਐਕਟਰੈਸਾਂ ਤੋਂ ਲੈ ਕੇ ਮਜ਼ਦੂਰਨਾਂ ਤਕ-ਸਾਰਿਆਂ ਨੂੰ। ਹੋਟਲਾਂ ਵਿਚ ਗਾਉਣ-ਨੱਚਣ ਵਾਲੀਆਂ ਕੁੜੀਆਂ ਨੂੰ।...ਉਹਨਾਂ ਸਾਰਿਆਂ ਬਾਰੇ ਲਿਖਦੀ ਏ। ਤੇ ਉਹਨਾਂ ਥਾਵਾਂ ਬਾਰੇ ਵੀ ਲਿਖਦੀ ਏ, ਜਿੱਥੇ-ਜਿੱਥੇ ਜਾਂਦੀ ਏ-ਸਫਰਨਾਮੇ ਦੇ ਤੌਰ 'ਤੇ। ਤੇ ਫੇਰ, ਇਸ ਸ਼ਹਿਰ ਬਾਰੇ ਹੀ ਨਹੀਂ, ਦੂਜੇ ਸ਼ਹਿਰਾਂ ਬਾਰੇ ਵੀ ਲਿਖਦੀ ਏ। ਇਸ ਮੁਲਕ ਤੋਂ ਛੁੱਟ ਦੂਜੇ ਮੁਲਕਾਂ ਦੇ ਸ਼ਹਿਰਾਂ ਤੇ ਉਥੋਂ ਦੀਆਂ ਹਰ ਕਿਸਮ ਦੀਆਂ ਤੀਵੀਆਂ ਬਾਰੇ। ਉਸ ਕੁੜੀ ਵਿਚ ਜਿਵੇਂ ਇਕ ਬੇਚੈਨੀ ਭਰੀ ਹੋਈ ਏ। ਉਸ ਨੂੰ ਜਿਵੇਂ ਕਿਸੇ ਚੀਜ਼ ਦੀ ਭਾਲ ਏ ਤੇ ਉਹ ਭਟਕ ਰਹੀ ਏ। ਭਟਕਦਿਆਂ ਲਾਇਬਰੇਰੀ ਵਿਚ ਕੰਮ ਕਰਨ ਵਾਲੀ ਇਕ ਕੁੜੀ ਨੂੰ ਵੀ ਮਿਲਦੀ ਏ, ਤੇ ਹੁਣ ਉਸ ਬਾਰੇ ਲਿਖਣ ਵਾਲੀ ਏ।"

"ਕੀ ਭਲਾ?" ਕੁੜੀ ਨੇ ਉਤਾਵਲ ਨਾਲ ਪੁੱਛਿਆ, ਤੇ ਉਸ ਦੀਆਂ ਅੱਖਾਂ ਕਿਸੇ ਸੰਸੇ ਨਾਲ ਫੈਲ ਗਈਆਂ।

"ਇਹ ਤਾਂ ਲਿਖਣ 'ਤੇ ਹੀ ਪਤਾ ਲੱਗੇਗਾ।" ਸ਼ੇਖਰ ਮੁਸਕਰਾਇਆ ਸੀ।

ਹਾਂ, ਸ਼ੇਖਰ ਉਸ ਕੁੜੀ ਬਾਰੇ ਲਿਖਣਾ ਚਾਹੁੰਦਾ ਸੀ, ਪਰ ਲਿਖ ਨਹੀਂ ਸੀ ਪਾ ਰਿਹਾ। ਉਸ ਨੂੰ ਲਗਦਾ ਕਿ ਉਹ ਉਸ ਨੂੰ ਹਾਲੀ ਹੋਰ ਜਾਨਣਾ ਚਾਹੁੰਦਾ ਹੈ। ਕਿੱਥੇ ਤਾਂ ਉਹ ਦੂਜੇ ਮੁਲਕਾਂ ਦੀਆਂ ਕੁੜੀਆਂ ਤੇ ਤੀਵੀਆਂ ਬਾਰੇ, ਉਹਨਾਂ ਨੂੰ ਮਿਲੇ ਬਿਨਾਂ ਹੀ, ਆਪਣੀ ਕਲਪਨਾ ਦੇ ਆਧਾਰ 'ਤੇ ਲਿਖ ਲਿਆ ਕਰਦਾ ਸੀ, ਤੇ ਕਿੱਥੇ ਉਸ ਕੁੜੀ ਨੂੰ ਪੂਰੀ ਤਰ੍ਹਾਂ ਜਾਣੇ ਬਿਨਾਂ ਲਿਖਣਾ ਨਹੀਂ ਸੀ ਚਾਹੁੰਦਾ।

ਤੇ ਹੁਣ ਤਾਂ ਉਹ ਜਿਸ ਹੱਦ 'ਤੇ ਆ ਕੇ ਰੁਕ ਗਿਆ ਸੀ, ਉਸ ਹੱਦ ਤੋਂ ਅੱਗੇ ਵਧਣ ਦੀ ਕੋਈ ਸੰਭਾਵਨਾ ਨਹੀਂ ਸੀ ਦਿਸਦੀ।

ਉਂਝ, ਇਸ ਤੋਂ ਅੱਗੇ ਹੋਰ ਜਾਣਾ ਵੀ ਕਿੱਥੇ ਹੈ? ਸ਼ੇਖਰ ਸੋਚਦਾ। ਫੇਰ ਵੀ...ਫੇਰ ਵੀ, ਇਹ ਮਾਮਲਾ ਇਕ ਥਾਂ ਆ ਕੇ ਖੜ੍ਹੇ ਨਹੀਂ ਜਾਣਾ ਚਾਹੀਦਾ। ਇਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਅੱਗੇ ਵਧਣਾ ਚਾਹੀਦਾ ਏ। ਇਸ ਵਿਚ ਕੋਈ ਤਬਦੀਲੀ ਆਉਣੀ ਚਾਹੀਦੀ ਏ।

ਅਖੀਰ, ਉਸ ਦਿਨ ਸ਼ੇਖਰ ਨੂੰ ਉਸ ਮਾਮਲੇ ਵਿਚ ਤਬਦੀਲੀ ਮਹਿਸੂਸ ਹੋਈ, ਜਿਸ ਦਿਨ ਲਾਇਬਰੇਰੀ ਜਾਣ 'ਤੇ ਉਹ ਕੁੜੀ ਵਿਖਾਈ ਨਾ ਦਿੱਤੀ, ਤੇ ਫੇਰ ਪੁੱਛਣ 'ਤੇ ਪਤਾ ਲੱਗਾ ਕਿ ਉਹ ਨੌਕਰੀ ਛੱਡ ਕੇ ਚਲੀ ਗਈ ਹੈ। ਸੁਣ ਕੇ ਸ਼ੇਖਰ ਕੁਝ ਬਿੰਦ ਉਥੇ ਦਾ ਉਥੇ ਖੜੋਤਾ ਰਹਿ ਗਿਆ। ਉਸ ਨੂੰ ਚੁਫੇਰਾ ਸੁੰਞਾ-ਸੁੰਞਾ ਮਹਿਸੂਸ ਹੋਇਆ। ਅਖੀਰ, ਉਹ ਲਾਇਬਰੇਰੀ ਦੇ 'ਪੋਇਟਰੀ ਸੈਕਸ਼ਨ' ਵਿਚ ਜਾ ਕੇ ਬੈਠ ਗਿਆ ਤੇ ਸੱਖਣੀ ਜਿਹੀ ਨਜ਼ਰ ਨਾਲ ਸਾਹਮਣੇ ਵੇਖਦਾ ਹੋਇਆ ਕੁੜੀ ਬਾਰੇ ਸੋਚਣ ਲੱਗਾ। ਉਸ ਕੁੜੀ ਤੋਂ ਬਿਨਾਂ ਲਾਇਬਰੇਰੀ ਉਸ ਨੂੰ ਵੀਰਾਨ ਜਿਹੀ ਲੱਗੀ।

ਉਸ ਪਿੱਛੋਂ ਵੀ ਉਹ ਜਦ ਕਦੇ ਲਾਇਬਰੇਰੀ ਵਿਚ ਜਾਂਦਾ, ਉਹ ਉਸ ਨੂੰ ਸੁੰਞੀ-ਸੁੰਞੀ ਲਗਦੀ। ਕੁੜੀ ਦੀ ਅਣਹੋਂਦ ਉਸ ਦੇ ਮਨ ਵਿਚ ਉਦਾਸੀ ਪੈਦਾ ਕਰਦੀ। ਉਸ ਉਦਾਸੀ ਵਿਚ ਉਹ ਕੁੜੀ ਨੂੰ ਆਪਣੇ ਬਹੁਤ ਨੇੜੇ ਮਹਿਸੂਸ ਕਰਦਾ। ਉਹ ਇਕੱਲ ਵਿਚ ਬੈਠ ਕੇ ਉਸ ਬਾਰੇ ਸੋਚਣ ਲਗਦਾ-ਪਹਿਲੀ ਮੁਲਾਕਾਤ ਤੋਂ ਲੈ ਕੇ ਉਸ ਦੇ ਜਾਣ ਤਕ ਦੀਆਂ ਗੱਲਾਂ ਬਾਰੇ। ਫੇਰ, ਉਹ ਜਿੰਨਾ ਹੀ ਚਾਹੁੰਦਾ ਕਿ ਆਪਣੇ ਫੀਚਰ ਵਿਚ ਉਸ ਬਾਰੇ ਲਿਖੇ, ਉਨਾ ਹੀ ਲਿਖਣੋਂ ਡਰਦਾ। ਉਸ ਨੂੰ ਉਹ ਕਲਪਨਾ ਦੀ ਕੁੜੀ ਨਾ ਲਗਦੀ। ਉਹ ਇਕ ਅਸਲੀਅਤ ਸੀ। ਤੇ ਅਸਲੀਅਤ ਨੂੰ ਉਸ ਦੇ ਸਹੀ ਰੂਪ ਵਿਚ ਪੇਸ਼ ਕਰਨਾ ਬਹੁਤ ਔਖਾ ਲਗਦਾ।

ਉਹ ਉਸ ਨੂੰ ਕਈ ਤਰ੍ਹਾਂ ਨਾਲ ਆਪਣੇ ਨੇੜੇ ਮਹਿਸੂਸ ਕਰਨ ਲੱਗਾ ਸੀ। ਇਕ ਤਰੀਕਾ ਇਹ ਵੀ ਸੀ ਕਿ ਉਹ ਉਹਨਾਂ ਲੇਖਕਾਂ ਨੂੰ ਪੜ੍ਹਨ ਲੱਗਾ, ਜੋ ਕੁੜੀ ਨੂੰ ਪਸੰਦ ਸਨ ਤੇ ਜੋ ਖੁਦ ਉਸ ਨੂੰ ਪਸੰਦ ਨਹੀਂ ਸਨ-ਸੈਲਿੰਜਰ, ਓ'ਹਾਰਾ, ਸਰੋਯਾਨ, ਡੋਰੋਥੀ ਪਾਰਕਰ...ਆਦਿ। ਉਹਨਾਂ ਨੂੰ ਪੜ੍ਹਦਿਆਂ ਉਸ ਨੂੰ ਅਜੀਬ ਜਿਹਾ ਸਵਾਦ ਆਉਂਦਾ ਤੇ ਹੈਰਾਨੀ ਵੀ ਹੁੰਦੀ ਕਿ ਹੁਣ ਉਹ ਪਹਿਲਾਂ ਜਿੰਨੇ ਬੁਰੇ ਨਹੀਂ ਸਨ ਲਗਦੇ।

ਦੋ-ਢਾਈ ਮਹੀਨੇ ਇਸ ਤਰ੍ਹਾਂ ਨਿਕਲ ਗਏ।

ਇਕ ਦਿਨ ਸ਼ੇਖਰ ਲਾਇਬਰੇਰੀ ਵਿਚ ਗਿਆ, ਤਾਂ ਉਥੇ ਅਚਾਨਕ ਉਸ ਕੁੜੀ ਨੂੰ ਵੇਖ ਕੇ ਹੈਰਾਨ ਰਹਿ ਗਿਆ। ਇਕ ਵਾਰ ਤਾਂ ਉਸ ਨੂੰ ਆਪਣੀਆਂ ਅੱਖਾਂ 'ਤੇ ਯਕੀਨ ਹੀ ਨਾ ਹੋ ਸਕਿਆ। ਕੁੜੀ ਇਕ ਮੇਜ਼ ਕੋਲ ਬੈਠੀ ਕਿਸੇ ਪਤ੍ਰਿਕਾ ਦੇ ਸਫਿਆਂ ਨੂੰ ਸਰਸਰੀ ਨਜ਼ਰੇ ਵੇਖ ਰਹੀ ਸੀ। ਸ਼ੇਖਰ ਉਸ ਦੇ ਕੋਲ ਜਾਣੋ ਝਿਜਕਿਆ। ਉਹ ਹਾਲੀ ਸੋਚ ਹੀ ਰਿਹਾ ਸੀ ਕਿ ਕਿਸ ਤਰ੍ਹਾਂ ਉਸ ਨੂੰ ਜਾ ਕੇ ਮਿਲੇ ਕਿ ਕੁੜੀ ਨੇ ਪਤ੍ਰਿਕਾ ਤੋਂ ਨਜ਼ਰ ਚੁੱਕ ਕੇ ਲਾਇਬਰੇਰੀ ਦੇ ਬੂਹੇ ਵੱਲ ਇੰਝ ਵੇਖਿਆ, ਜਿਵੇਂ ਕਿਸੇ ਦੇ ਆਉਣ ਦੀ ਉਡੀਕ ਹੋਵੇ। ਤੇ ਜਦ ਉਸ ਦੀ ਨਜ਼ਰ ਸ਼ੇਖਰ 'ਤੇ ਪਈ, ਤਾਂ ਉਹ ਤ੍ਰਭਕੀ। ਉਸ ਦੀਆਂ ਅੱਖਾਂ ਲਿਸ਼ਕੀਆਂ ਤੇ ਬੁੱਲ੍ਹਾਂ 'ਤੇ ਖੁਸ਼ੀ-ਭਰੀ ਮੁਸਕਰਾਹਟ ਆਈ। ਉਸ ਮੁਸਕਰਾਹਟ ਨੇ ਸ਼ੇਖਰ ਨੂੰ ਜਿਵੇਂ 'ਜੀ ਆਇਆਂ ਨੂੰ' ਕਿਹਾ।

ਸ਼ੇਖਰ ਉਸ ਵੱਲ ਵਧਿਆ।

ਦੋਹਾਂ ਨੇ ਰਸਮੀ ਤੌਰ 'ਤੇ ਇਕ-ਦੂਜੇ ਦਾ ਹਾਲ-ਚਾਲ ਪੁੱਛਿਆ। ਫੇਰ, ਉਹਨਾਂ ਨੇ ਕੁਝ ਹੋਰ ਗੱਲਾਂ ਕੀਤੀਆਂ। ਉਸ ਪਿੱਛੋਂ ਇੰਝ ਲੱਗਾ, ਜਿਵੇਂ ਦੋਹਾਂ ਕੋਲ ਕੋਈ ਗੱਲ ਨਾ ਰਹਿ ਗਈ ਹੋਵੇ। ਪਰ ਦੋਵੇਂ ਗੱਲਾਂ ਕਰਨਾ ਚਾਹੁੰਦੇ ਸਨ।

ਕੁਝ ਮਿੰਟਾਂ ਪਿੱਛੋਂ ਉਸ ਚੁੱਪ ਨੂੰ ਤੋੜਦਿਆਂ ਕੁੜੀ ਨੇ ਪੁੱਛਿਆ, "ਅੱਜ-ਕੱਲ ਕੀ ਪੜ੍ਹ ਰਹੇ ਹੋ?"

ਸ਼ੇਖਰ ਨੇ ਹੱਥ ਵਿਚ ਫੜੀਆਂ ਦੋਵੇਂ ਕਿਤਾਬਾਂ, ਜੋ ਉਹ ਵਾਪਸ ਕਰਨ ਲਈ ਲਿਆਇਆ ਸੀ, ਉਸ ਨੂੰ ਵਿਖਾਉਂਦਿਆਂ ਕਿਹਾ, "ਓ'ਹਾਰਾ ਤੇ ਸੈਲਿੰਜਰ।"

"ਅੱਛਾ!" ਕੁੜੀ ਦੇ ਮੂੰਹੋਂ ਹੈਰਾਨੀ-ਭਰੇ ਲਹਿਜੇ ਵਿਚ ਨਿਕਲਿਆ। ਤਦ ਉਸ ਦੇ ਬੁੱਲ੍ਹਾਂ 'ਤੇ ਸੰਗਾਊ ਜਿਹੀ ਮੁਸਕਰਾਹਟ ਆਈ।

ਸ਼ੇਖਰ ਨੇ ਉਸ ਹੈਰਾਨੀ ਨੂੰ ਵੀ ਵੇਖਿਆ ਤੇ ਮੁਸਕਰਾਹਟ ਨੂੰ ਵੀ। ਉਸ ਹੈਰਾਨੀ ਨੂੰ ਤਾਂ ਉਹ ਸਮਝ ਗਿਆ, ਪਰ ਮੁਸਕਰਾਹਟ ਵਿਚ ਰਹੱਸ ਪ੍ਰਤੀਤ ਹੋਇਆ। ਉਸ ਮੁਸਕਰਾਹਟ ਵਿਚ ਕੁੜੀ ਜਿਵੇਂ ਕੋਈ ਗੱਲ ਲੁਕੋ ਰਹੀ ਸੀ, ਪਰ ਕਹਿਣਾ ਵੀ ਚਾਹ ਰਹੀ ਸੀ।

ਇਸ ਬਾਰੇ ਸ਼ੇਖਰ ਕੁਝ ਪੁੱਛਣ ਹੀ ਵਾਲਾ ਸੀ ਕਿ ਕੁੜੀ ਨੇ ਕਿਹਾ, "ਤੇ ਪਤੈ, ਮੈਂ ਕੀ ਪੜ੍ਹ ਰਹੀ ਹਾਂ ਅੱਜ ਕੱਲ?"

"ਕੀ?"

"ਹੈਮਿੰਗਵੇ ਤੇ ਇਰਵਿਨ ਸ਼ਾ।"

"ਸੱਚਮੁੱਚ?" ਸ਼ੇਖਰ ਦੇ ਮੂੰਹੋਂ ਨਿਕਲਿਆ।

ਕੁੜੀ ਨੇ ਮੇਜ਼ ਤੋਂ ਆਪਣੇ ਪਰਸ ਕੋਲ ਰੱਖੀਆਂ ਦੋ ਕਿਤਾਬਾਂ ਚੁੱਕ ਕੇ ਵਿਖਾਉਂਦਿਆਂ ਕਿਹਾ, "ਸੱਚਮੁੱਚ।"

"ਤਾਂ ਆਓ, ਇਸ ਖੁਸ਼ੀ ਵਿਚ ਕਿਤੇ ਚੱਲ ਕੇ ਚਾਹ ਪੀਵੀਏ-ਕਿਸੇ ਵਧੀਆ ਹੋਟਲ ਵਿਚ"; ਸ਼ੇਖਰ ਨੇ ਅਚਨਚੇਤ ਕਿਹਾ ਤੇ ਉਸ ਨੂੰ ਹੈਰਾਨੀ ਹੋਈ ਕਿ ਇਹ ਗੱਲ ਕਹਿਣ ਦੀ ਹਿੰਮਤ ਉਸ ਵਿਚ ਕਿੱਥੋਂ ਆ ਗਈ ਸੀ।

"ਚਲੋ", ਕੁੜੀ ਨੇ ਕਿਹਾ, ਤਾਂ ਉਸ ਦੇ ਬੁੱਲ੍ਹਾਂ 'ਤੇ ਪਹਿਲਾਂ ਵਰਗੀ ਹੀ ਸੰਗਾਊ ਮੁਸਕਰਾਹਟ ਆਈ।

**[B/129, Sun & Sea, Versova Road, Mumbai-400 061]**



# (ਹੁਣ) ਅਸੀਂ ਹਿੰਦੂ ਨਹੀਂ

## ਸੁਰਜੀਤ ਹਾਂਸ

'ਹਮ ਹਿੰਦੂ ਨਹੀਂ' ਦੇ ਐਲਾਨ-ਨਾਮੇ ਨੂੰ ਛਪਿਆਂ ਸੌ ਸਾਲ ਤੋਂ ਵੱਧ ਹੋ ਗਏ ਹਨ। ਸਿਆਸੀ ਤੌਰ 'ਤੇ ਸਿੱਖ ਹਿੰਦੂ ਨਹੀਂ ਰਹੇ। ਵੇਖਣ ਵਾਲੀ ਗੱਲ ਹੈ ਕਿ ਅਸੀਂ ਕਿਵੇਂ ਹਿੰਦੂ ਨਹੀਂ।

ਲੇਖ ਦਾ ਮੰਤਵ ਇਹ ਕਹਿਣ ਦਾ ਹੈ ਕਿ ਅਸੀਂ ਮਨੋਵਿਗਿਆਨਕ ਤੌਰ 'ਤੇ ਬਹੁਤ ਹੱਦ ਤਕ ਹਿੰਦੂ ਹਾਂ। ਹਿੰਦੂ ਧਰਮ ਨਾਲ ਸੰਵਾਦ ਦੀ ਮੁਸ਼ਕਿਲ ਹੈ ਕਿ ਇਹ ਧਰਮ ਤੋਂ ਵਧੇਰੇ ਭਾਰਤੀ ਮਾਨਸਵਿਗਿਆਨ anthropology ਹੋ ਗਿਆ ਹੈ। ਇਹਦੀਆਂ ਦੋ ਮਿਸਾਲਾਂ ਬਹੁਤ ਹਨ। ਅਸੀਂ ਸਰੀਰ ਦੀ ਸਫਾਈ ਤੋਂ ਵੱਧ 'ਜਨਮ ਜਨਮ ਦੀ ਮੈਲ' ਲਾਹੁਣ ਲਈ ਨ੍ਹਾਉਂਦੇ ਹਾਂ, ਭਾਵੇਂ ਸਚੇਤ ਮਨ ਵਿਚ ਇੱਧਰ ਖਿਆਲ ਨਹੀਂ ਜਾਂਦਾ।

ਦੂਸਰਾ ਉਦਾਹਰਨ ਮਾਪਿਆਂ ਨੂੰ ਮੁੰਡੇ ਦੀ ਲੋੜ ਹੈ। ਉਹ ਬੱਚਾ ਮੁੰਡਾ ਹੈ ਜਿਸਦਾ ਮੁੰਡਣ ਹੋ ਸਕੇ। ਮੁੰਡੀ ਕਣਕ ਤਾਂ ਹੁੰਦੀ ਹੈ ਪਰ ਮੁੰਡੀ ਲੜਕੀ ਨਹੀਂ ਹੁੰਦੀ ਕਿਉਂਕਿ ਨਾਰੀ ਦਾ ਸਿਰ ਮੁੰਨਿਆ ਜਾਣਾ ਉਹਦੀ ਸਿਰੇ ਦੀ ਬੇਇੱਜ਼ਤੀ ਹੈ। ਭਰੂਣ ਹੱਤਿਆ ਦੀਆਂ ਘਟਨਾਵਾਂ ਤੋਂ ਪਤਾ ਲਗਦਾ ਹੈ ਕਿ ਸਿੱਖਾਂ ਨੂੰ ਵੀ ਹਿੰਦੂਆਂ ਜਿੰਨੀ ਮੁੰਡੇ ਦੀ ਲੋੜ ਹੈ ਜਿਸਦੀ ਭਾਲ ਵਿਚ ਕਈ ਕਿੰਨੀਆਂ ਕੁੜੀਆਂ ਕਰ ਲੈਂਦੇ ਹਨ।

ਕੇਵਲ ਲੜਕਾ ਹੀ ਸ਼੍ਰਾਧ ਕਰਾਉਣ ਦਾ ਅਧਿਕਾਰੀ ਹੈ। ਸ਼੍ਰਾਧ ਬਿਨਾਂ ਗਤੀ ਨਹੀਂ ਹੋ ਸਕਦੀ। ਮੇਰੇ ਬਚਪਨ ਵਿਚ ਸਿੱਖ ਵੀ ਸ਼੍ਰਾਧ ਕਰਾਉਂਦੇ ਸੀ। ਫੇਰ ਉਹ 'ਸਿੱਖ ਬਿਠਾਉਣ' ਲੱਗ ਗਏ। ਆਧੁਨਿਕ ਸਿੱਖ ਭਾਵੇਂ 'ਸਿੱਖ ਨਾ ਵੀ ਬਿਠਾਉਣ' ਪਰ ਸ਼੍ਰਾਧਾਂ ਵਾਲੀ ਮਾਨਸਵਿਗਿਆਨਕ ਬਿਰਤੀ ਖਤਮ ਨਹੀਂ ਹੋਈ। ਮੁਹਾਵਰੇ ਦੀ ਬੋਲੀ ਵਿਚ ਰੱਬ ਨੂੰ ਵੀ ਮੁੰਡੇ ਦੀ ਲੋੜ ਹੈ - ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤ ਬਿਧਾਤਾ। (ਮਹਲਾ 5 ਦੇਵ ਗੰਧਾਰੀ 21, ਆਦਿ ਗ੍ਰੰਥ ਪੰਨਾ 532)

ਸਿੱਖਾਂ ਨੂੰ ਮਨੋਵਿਗਿਆਨਕ ਤੌਰ 'ਤੇ ਹੋਰ ਸਿੱਖ ਹੋਣ ਲਈ ਭਾਰਤੀ ਮਾਨਸ ਵਿਗਿਆਨ ਤੋਂ ਪਰੇਰੇ ਹੋਣ ਦੀ ਲੋੜ ਹੈ। ਕੋਈ ਮਾਨਸ ਵਿਗਿਆਨ ਚੰਗਾ ਜਾਂ ਮਾੜਾ ਨਹੀਂ ਹੁੰਦਾ ਕਿਉਂਕਿ ਚੰਗਿਆਈ ਮੜੱਪਣ ਤਾਂ ਮਾਨਸ ਵਿਗਿਆਨ (anthropology) ਦੇ ਅੰਸ਼ ਹਨ ਅਤੇ ਬਾਹਰੀ ਆਲੋਚਨਾ ਦੇ ਪ੍ਰਤੀਮਾਨ ਨਹੀਂ। ਮਾਨਸ ਵਿਗਿਆਨ ਚਲਦੇ ਯੁਗ ਦੇ ਅਨੁਸਾਰ ਜਾਂ ਇਸ ਤੋਂ ਬੇਨਿਆਜ਼ ਹੁੰਦਾ ਹੈ। ਮਾਨਸ ਵਿਗਿਆਨ ਦਾ ਨਿਰਣਾ ਅਨੁਬੱਧਤਾ (relevence) ਦੇ ਆਧਾਰ 'ਤੇ ਹੁੰਦਾ ਹੈ।

ਵਧੇਰੇ ਸਿੱਖ ਹੋਣ ਲਈ ਕਈ ਰੁਚੀਆਂ, ਵੱਖਰੇ ਪ੍ਰਤਿਮਨ (attitudes), ਸੰਕਲਪਾਂ ਦੀ ਲੋੜ ਹੈ। ਮੈਂ ਕੇਵਲ ਕਰਮਾਂ 'ਚ ਵਿਸ਼ਵਾਸ ਅਤੇ ਅੰਤਰਮੁਖਤਾ ਬਾਰੇ ਕੁਝ ਕਹਿਣਾ ਹੈ। ਆਮ ਤੌਰ 'ਤੇ ਸਮਝਿਆ ਜਾਂਦਾ ਹੈ ਕਿ ਲੈਣੇ ਦਾ ਦੇਣਾ, ਕੀਤੀ-ਭੁਗਤਣੀ ਨਯਾਯ (logic) ਦੀ ਮੰਗ ਹੈ।

ਕਰਮਾਂ ਬਾਰੇ ਸਾਧਾਰਨ ਵਿਅਕਤੀ ਨੂੰ ਸਾਵਧਾਨੀ ਦੀ ਲੋੜ ਹੈ। ਕਰਮ(1) ਬੋਧੀ 'ਕਰਨੀ-ਭਰਨੀ' ਤੋਂ ਬਿਨਾਂ ਹਿੰਦੂ ਧਰਮ ਅਨੁਸਾਰ ਸੰਸਕਾਰ ਵੀ ਕਰਮ(2) ਹੈ। ਯੱਗ (ritual) ਵਾਲਾ ਕਰਮ (2) ਸੰਸਕਾਰ (ਕਰਮ) ਹੈ। 'ਮਹਾਨ ਕੋਸ਼' (ਪੰਨਾ 235) ਅਨੁਸਾਰ ਇਸਦਾ ਮਤਲਬ 'ਸ਼ੁਧ ਕਰਨਾ' ਹੈ।

ਸਿੱਖ ਧਰਮ ਨੰਬਰ 2 ਕਰਮਾਂ ਦਾ ਵਿਰੋਧੀ ਹੈ। ਰਾਮਕਲੀ, ਅਸ਼ਟਪਦੀ 1, ਵਿਚ ਬਾਬਾ ਨਾਨਕ ਨਾਮ ਨੂੰ ਸੰਸਕਾਰ ਤੋਂ ਉੱਚਾ ਕਹਿੰਦਾ ਹੈ- ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ। (ਆਦਿ ਗ੍ਰੰਥ ਪੰਨਾ 902)। ਇਸੇ ਅਸ਼ਟਪਦੀ ਵਿਚ ਬਾਬੇ ਨੇ ਸੰਸਕਾਰੀ ਕਰਮਾਂ ਦਾ ਉਲੇਖ ਕੀਤਾ ਹੈ- ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ। ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ (ਆਦਿ ਗ੍ਰੰਥ-ਪੰਨਾ 903)

'ਮਹਾਨ ਕੋਸ਼' ਸੰਸਕਾਰ ਦੀ ਅੱਗੇ ਵਿਆਖਿਆ ਕਰਦਾ ਹੈ -ਧਰਮ ਰੀਤਿ ਨਾਲ ਕੀਤਾ

ਹੋਇਆ ਉਹ ਕਰਮ ਜਿਸਦਾ ਅਸਰ ਚਿੱਤ 'ਤੇ ਬਣਿਆ ਰਹੇ ਜੈਸੇ ਜਨਮ,ਅਮ੍ਰਿਤ,ਵਿਆਹ ਆਦਿ ਸੰਸਕਾਰ - ਵੈਦਿਕ ਕਾਢ ਹੈ ਜਿਸ ਵਿਚ ਬੋਧੀ ਕਰਮ(1) ਦਾ ਮਗਰੋਂ ਜਾ ਕੇ ਵਾਧਾ ਹੋਇਆ।

ਤੀਜੇ ਪਾਤਿਸ਼ਾਹ ਗੁਰੂ ਅਮਰਦਾਸ ਗਉੜੀ 14 ਵਿਚ ਫਰਮਾਉਂਦੇ ਹਨ- ਕਰਮਕਾਂਡ ਬਹੁ ਕਰਹਿ ਅਚਾਰ। ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ।(ਆਦਿ ਗ੍ਰੰਥ ਪੰਨਾ 162) ।'ਸ਼ਬਦਾਰਥ' ਅਨੁਸਾਰ ਕਰਮ ਕਾਂਡ ਉਹ ਕਰਮ..ਜੋ ਮਰਨੇ ਪਰਨੇ ਅਤੇ ਹੋਰ ਮੌਕਿਆਂ 'ਤੇ ਕਰਨਯੋਗ.. ਹਨ।

ਜਨ ਸਾਧਾਰਨ ਭਾਵੇਂ ਸਮਝੇ ਜਾਂ ਨਾ ਸਮਝੇ,ਉਹਦਾ ਜੀਵਨ ਸੰਸਕਾਰਾਂ (ਕਰਮ 2) ਵਿਚ ਹੀ ਰੁੱਝਿਆ ਰਹਿੰਦਾ ਹੈ।ਬੋਧੀ ਕਰਮ(1) ਦੀ ਦੁਬਿਧਾ ਜਾਂ ਅੰਤਹਕਰਨ ਦੀ ਚੋਭ ਹੋਵੇ ਨਾ ਹੋਵੇ, ਅਣਡਿੱਠ ਅਤੇ ਵਿਅਕਤਿਕ ਹੋਣ ਕਰਕੇ, ਵਿਸਾਰੀ ਜਾ ਸਕਦੀ ਹੈ ਪਰ ਸੰਸਕਾਰ (ਕਰਮ 2) ਸਮਾਜਕ ਹੋਣ ਕਰਕੇ ਅਵੱਸ਼ਕ ਹਨ ਅਤੇ ਸ-ਜਨ (public) ਹਨ।ਪੰਜਵੇਂ ਪਾਤਿਸ਼ਾਹ ਗੁਰੂ ਅਰਜਨ ਸਾਹਿਬ ਤਾਂ ਸੂਹੀ 53 ਵਿਚ ਬੋਧੀ ਕਰਮ (1) ਬਾਰੇ ਵੀ ਸੰਦਿਹਮਾਨ ਹਨ- ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ। (ਆਦਿ ਗ੍ਰੰਥ ਪੰਨਾ 748)।ਸ਼ਬਦਾਰਥ ਅਨੁਸਾਰ 'ਜਦੋਂ ਸੰਸਾਰ ਬਣਿਆ ਨਹੀਂ ਸੀ ਉਸ ਵੇਲੇ ਜੀਵ ਕੀ ਕਰਦਾ ਸੀ ਅਤੇ ਹੁਣ ਕਿਹੜੇ ਕਰਮਾਂ ਕਰਕੇ ਇਸ ਰੂਪ ਵਿਚ ਆਇਆ ਹੈ,ਗੁਰੂ ਸਾਹਿਬ ਇਹਦਾ ਜਵਾਬ ਦਿੰਦੇ ਹਨ: ਅਪਨਾ ਖੇਲੁ ਆਪਿ ਕਰਿ ਦੇਖੈ ਠਾਕੁਰਿ ਰਚਨੁ ਰਚਾਇਆ। (ਆਦਿ ਗ੍ਰੰਥ ਪੰਨਾ 748)

ਸ਼ਾਇਦ ਕਿਸੇ ਵਿਦਵਾਨ ਨੇ ਕਰਮ (1) ਅਤੇ (2) ਦੀ ਭਿੰਨਤਾ ਬਾਰੇ ਕੁਝ ਕਿਹਾ ਹੋਵੇ ਪਰ ਅਜਿਹਾ ਕੋਈ ਵਰਨਣ ਮੇਰੇ ਨਜ਼ਰੀਂ ਨਹੀਂ ਪਿਆ।ਇਹਨਾਂ ਦਾ ਆਪਸੀ ਸੰਬੰਧ ਕਿਹੋ ਜਿਹਾ ਹੈ? ਇਹਨਾਂ ਵਿਚ ਪ੍ਰਥਮਤਾ (primacy) ਕਿਸ ਦੀ ਹੈ? ਕੀ ਇਹਨਾਂ ਦਾ ਜੋੜ ਹੋ ਸਕਦਾ ਹੈ? ਮਹਾਨ ਕੋਸ਼ ਅਨੁਸਾਰ ਸੰਸਕਾਰ ਉਹ ਕਰਮ ਹੈ ਜਿਸਦਾ ਅਸਰ ਚਿੱਤ 'ਤੇ ਬਣਿਆ ਰਹੇ। 'ਦਾਹ ਸੰਸਕਾਰ' ਦਾ ਮਿਰਤਕ ਦੀ ਆਤਮਾ 'ਤੇ ਕੀ ਅਸਰ ਹੁੰਦਾ ਹੈ? ਇਹਦਾ ਜਵਾਬ ਬ੍ਰਹਮ ਵਿਦਿਅਕ (theological) - ਪਰਿਕਾਲਪਨਿਕ (speculative) ਹੋ ਸਕਦਾ ਹੈ ਜਿਹੜਾ ਪਾਰਥਿਵ ਵਿਅਕਤੀ ਦੇ ਸਮਝ ਆਉਣ ਵਾਲਾ ਨਹੀਂ।ਕਰਮ (2) ਦਾ ਅਸਰ ਕਈ ਵਾਰ ਸਚੇਤ ਵਰਨਣ ਕਰਵਾ ਦਿੰਦਾ ਹੈ।ਮੇਰਾ ਬਾਬਾ ਕਹਿੰਦਾ ਹੁੰਦਾ ਸੀ ਉਹਨੂੰ ਮੁਕਤੀ ਮਿਲ ਜਾਣੀ ਹੈ ਕਿਉਂਕਿ ਉਹਨੇ ਬਹੁਤ ਸਾਰੇ ਤੀਰਥ ਵੇਖੇ ਹਨ।

ਮੂਲ ਮੰਤਰ ਦਾ ਕਰਤਾ ਪੁਰਖੁ ਆਪਣੇ 'ਚ ਇਸਲਾਮੀ 'ਹੁਕਮ' ਅਤੇ 'ਨਦਰ' ਸਮੋ ਲੈਂਦਾ ਹੈ।ਸਿੱਖ ਚਰਿੱਤਰ ਦਾ ਪ੍ਰਮਾਣ-ਯੰਤਰ (paradigm) ਗੁਰੂ ਨਾਨਕ-ਲਹਿਣੇ ਦਾ ਹੈ: ਆਪੇ ਗੁਰੁ ਚੇਲਾ ਹੈ ਆਪੇ, ਆਪੇ ਹਰਿ ਪ੍ਰਭੁ ਚੋਜ ਵਿਡਾਨੀ ਮ.4 ਧਨਾਸਰੀ 11 (669)।ਬਾਬੇ ਨਾਨਕ ਦਾ ਗੁਰੂ ਪ੍ਰਭ ਸੀ। ਮਿਹਰਬਾਨ ਜਨਮਸਾਖੀ ਵਿਚ ਇਸ ਗੱਲ ਦਾ ਵਿਸਥਾਰ ਸਹਿਤ ਵਰਨਣ ਹੈ।ਫੇਰ ਲਹਿਣੇ ਦਾ ਗੁਰੂ ਬਾਬਾ ਸੀ ਜਿਸਨੇ ਮੁੜਕੇ ਅੰਗਦ ਗੁਰੂ ਨੂੰ ਮੁੜ ਆਪਣਾ ਗੁਰੂ ਬਣਾ ਲਿਆ। ਇਹ ਸਿੱਖ ਬ੍ਰਹਮਵਿਦਿਆ (theology) ਹੈ ਜਿਹੜੀ ਸਿੱਖ ਚਰਿੱਤਰ ਦਾ ਆਧਾਰ ਅਤੇ ਜਨ ਦੀ ਸੰਭਾਵਨਾ ਦੀ ਹੱਦਬੰਦੀ ਹੈ। ਇਸ ਦੀ ਵਿਆਖਿਆ ਕਰਮ(1) ਸਿਧਾਂਤ ਅਨੁਸਾਰ ਨਹੀਂ ਹੋ ਸ਼ਕਦੀ। ਇਸੇ ਗੱਲ ਦੀ ਗਲਪ ਦਾ ਨਮੂਨਾ *B-40 ਜਨਮ ਸਾਖੀ* ਵਿਚ 'ਸਾਧ ਮਿਲੇ ਕਾ ਫਲ' ਦੀ ਸਾਖੀ ਹੈ।ਗੁਰੂ ਰਾਮਦਾਸ ਇਸੇ ਨਿਯਮ ਦੀ ਪੁਸ਼ਟੀ ਕਰਦੇ ਹਨ: ਆਪੇ ਸਤਿਗੁਰੁ ਆਪਿ ਹੈ ਚੇਲਾ ਉਪਦੇਸੁ ਕਰੈ ਪ੍ਰਭੁ ਆਪੈ ਮ.4 ਸੋਰਠਿ 3 (605)।ਫੇਰ ਗੁਰ ਅੰਗਦ ਸਾਹਿਬ ਦਾ ਚੇਲਾ 'ਕਲਿ ਮਾਹਿ ਰੂਪੁ ਕਰਤਾ ਪੁਰਖੁ' ਹੋ ਜਾਂਦਾ ਹੈ- ਸਵਯੇ ਮਹਲੇ ਤੀਜੇ ਕੇ- 19 (1365)। ਇੱਡਾ ਵੱਡਾ ਸਵੈ-ਉਦਭਵ ( self rise) ਕਰਮ ਸਿੱਧਾਂਤ ਰਾਹੀਂ ਦਰਸਾਉਣਾ ਮੁਸ਼ਕਿਲ ਹੈ। ਇਹ ਵਾਹਿਗੁਰੂ ਦਾ 'ਹੁਕਮ' ਹੈ - ਐਸੀ ਸੋਭਾ ਜਨੈ ਕੀ ਜੇਵਡੁ ਹਰਿ ਪਰਤਾਪੈ ਮ.5 ਮਾਰੂ ਵਾਰ -/8 (1097)



ਹੁਕਮ ਦਾ ਮਹੱਤਵ ਸਿੱਖ ਬ੍ਰਹਮਵਿਦਿਆ ਅਤੇ ਇਤਿਹਾਸ ਵਿਚ ਅਲੌਕਿਕ ਹੈ। ਗੁਰੂ-ਗੱਦੀ 'ਤੇ ਬ੍ਰਾਜਮਾਨ ਗੁਰੂ ਸਾਹਿਬਾਨ ਗੁਰ-ਪੁੱਤਰਾਂ ਦਾ ਸਤਿਕਾਰ ਕਰੀ ਜਾਂਦੇ ਹਨ ਅਤੇ ਉਹਨਾਂ ਦੀ ਦੁਸ਼ਮਣੀ ਦੀ ਹੁਕਮ ਦੇ ਪਦ-ਅਰਥ (category) ਦੇ ਅਧੀਨ ਵਿਆਖਿਆ ਕਰਦੇ ਹਨ ਜਿਵੇਂ ਗੁਰੂ ਅਮਰਦਾਸ ਦਾਤੂ ਦਾਸੂ ਦਾ ਇੰਝੇ ਵਰਣਨ ਕਰਦੇ ਹਨ ਕਿਉਂਕਿ ਸਾਧਾਰਨ ਜਨ ਦੇ ਨੁਕਤਾ-ਨਿਗਾਹ ਤੋਂ ਉਪਰੋਕਤ ਵੈਰ-ਵਿਰੋਧ ਅਪ੍ਰਿਯ ਘਟਨਾ ਤੋਂ ਵੱਧ ਅਣਹੋਣੀ ਸਮਾਨ ਹੈ।ਇਸੇ ਤਰ੍ਹਾਂ ਜਨ ਦੀ ਅਸੀਮ ਵਡਿਆਈ ਕਰਮਾਂ ਨਾਲੋਂ ਬਹੁਤੀ ਵਾਹਿਗੁਰੂ ਦੀ ਨਦਰ ਕਾਰਨ ਹੁੰਦੀ ਹੈ। ਅਜਿਹਾ ਭਾਣਾ ਉਹਦਾ ਹੁਕਮ ਹੈ: ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ ਮ.4 ਵਾਰ ਸਿਰੀ ਮ.1 2/20 (91)

ਆਧੁਨਿਕ ਯੁਗ ਲਈ ਸਭ ਤੋਂ ਮਹੱਤਵਪੂਰਨ ਗੱਲ ਇਹ ਕਿ ਮਾਯਾ ਅਧੀਨ ਮਾਨਵੀ ਪ੍ਰਤੱਖਣ ਵੀ ਦੁਖਦਾਈ ਹੋ ਜਾਂਦਾ ਹੈ। ਇਹ ਪ੍ਰਭਾਵ-ਵਾਦ ਦੀ ਆਲੋਚਨਾ ਹੈ। ਜੇ ਪ੍ਰਤੱਖਣ ਵਿਚ ਕੋਈ ਵਿਆਪਕ ਕਸਰ ਹੈ ਤਾਂ ਚੇਤਨਾ ਬਾਰੇ ਵੀ ਬਹੁਤ ਗੱਲਾਂ ਆਲੋਚਨੀਯ ਲੱਭ ਪੈਣਗੀਆਂ। ਇਹਦੀ ਵਿਆਖਿਆ 'ਕਰਮ' ਸਿੱਧਾਂਤ ਨਹੀਂ ਕਰ ਸਕਦਾ ਕਿਉਂਕਿ ਕਰਮ ਤਾਂ ਆਪ ਮਾਯਾ-ਅਧੀਨ ਸਕਾਰਮਿਕ (active) ਹੈ ਪਰ ਦੁੱਖ ਦਾ ਕਾਰਨ ਮਾਯਾ ਦੀ ਸੀਮਾ ਤੋਂ ਪਾਰ ਲੰਘਣ ਦੀ ਅਸੰਭਵਤਾ ਕਰਕੇ ਹੈ: ਅੰਤਰਿ ਸਹਸਾ ਬਾਹਰਿ ਮਾਇਆ ਨੈਣੀ ਲਾਗਸਿ ਬਾਣੀ ਮ.1 ਰਾਮਕਲੀ 2 (876)

'ਮਹਾਨ ਕੋਸ਼' ਪੰਨਾ 852 ਅਨੁਸਾਰ 'ਬਾਣੀ' 'ਕਸ਼ੋਭ ਚਟਪਟੀ' ਹੈ ।ਮਾਯਾ ਦਾ ਚਟਪਟੀ ਲੱਗਣਾ ਸੁਭਾਵਕ ਗੱਲ ਹੈ ਜਿਸਦਾ ਸਹਸੇ ਨਾਲ ਕੋਈ ਤੁਅਲੱਕ ਨਹੀਂ।ਸਹਸੇ ਕਾਰਨ ਪ੍ਰਤੱਖਣ ਧੱਕਾ/ ਸਦਮਾ ਬਣ ਜਾਂਦਾ ਹੈ। ਮੋਨੀਅਰ ਵਿਲੀਅਮ ਦੇ ਸੰਸਕ੍ਰਿਤ-ਅੰਗਰੇਜ਼ੀ ਕੋਸ਼- ਪੰਨਾ 337 ਅਨੁਸਾਰ ਕਸ਼ੋਭ shake, push ਹੈ।ਸਹਸੇ ਕਾਰਨ ਇੰਦਰੀ-ਨਿਰਭਰ ਅਨੁਭਵ ਦੁਖਦਾਈ ਹੋ ਗਿਆ ਹੈ। (ਇੱਥੇ ਮੇਰੀ ਬੇਨਤੀ ਹੈ ਕਿ 'ਮਹਾਨ ਕੋਸ਼' ਵਿਚ ਕਸ਼ੋਭ,ਖੋਭ,ਛੋਭ ਦੇ ਚਕਰਵਤ ਹਵਾਲੇ ਹਨ ਪਰ ਅਰਥ ਕਿਸੇ ਥਾਉਂ ਨਹੀਂ। ਇਸ ਕਰਕੇ ਮੋਨੀਅਰ ਵਿਲੀਅਮ ਦਾ ਸਹਾਰਾ ਲੈਣਾ ਪਿਆ)

ਜਿਵੇਂ ਧੋਣ ਨਾਲ ਮਿੱਟੀ ਦੀ ਮੈਲ ਨਹੀਂ ਜਾ ਸਕਦੀ ਇੰਝ ਹੀ ਮਨੁੱਖੀ ਸਥਿਤੀ ਅਜਿਹੀ ਹੈ ਕਿ ਜੋ ਮਰਜ਼ੀ ਕਰ ਲਉ ਇਹਦੇ 'ਚ ਪਿਆ ਖਸਾਰਾ ਨਿੱਕਲ ਨਹੀਂ ਸਕਦਾ: ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ ਮ.5 ਰਾਮਕਲੀ 1 (882)।ਬੰਦੇ ਦੇ ਪਾਰ ਉਤਾਰੇ ਲਈ ਨਦਰ ਦੀ ਲੋੜ ਨਯਾਯਸ਼ੀਲ ਹੈ ਜਿਸ ਦਾ ਬਦਲਾਉ (alternative) ਨਾ ਕਰਮ , ਨਾ ਕਰਮਕਾਂਡ ਹੋ ਸਕਦਾ ਹੈ।ਇਸੇ ਦ੍ਰਿਸ਼ਟੀ ਤੋਂ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਨੇਕੀ ਅਤੇ ਬਦੀ ਵੀ ਬੰਦੇ ਦੇ ਨਿਜ ਦੇ ਇਖਤਿਆਰ ਨਹੀਂ: ਪਾਪ ਪੁੰਨ ਹਮਰੈ ਵਸਿ ਨਾਹਿ ਮ.5 ਰਾਮਕਲੀ 51(899)

* * *

ਭਾਵੇਂ ਜਨ ਸਾਧਾਰਨ ਬੋਧੀ ਅਤੇ ਵੈਦਿਕ ਕਰਮਾਂ ਵਿਚ ਭਿੰਨਤਾ ਨਹੀਂ ਵੇਖਦਾ ਪਰ ਉਹਦਾ ਕਰਮਾਂ 'ਚ ਪੱਕਾ ਵਿਸ਼ਵਾਸ ਬਣਿਆ ਹੋਇਆ ਹੈ। ਸਾਰੇ ਬੰਦੇ ਕਿਸੇ ਦੀ ਖੁਸ਼ਹਾਲੀ ਨੂੰ ਭਾਵੇਂ ਕਰਮਾਂ ਦਾ ਫਲ ਨਾ ਕਹਿਣ ਪਰ ਮੰਦਹਾਲੀ,ਦੁਰਘਟਨਾ,ਰੋਗ,ਭੀੜੀ,ਸੰਕਟ ਨੂੰ ਜ਼ਰੂਰ ਕਰਮਾਂ ਦਾ ਫਲ ਮੰਨਦੇ ਹਨ।ਸਾਡੇ ਦੇਸ਼ ਵਿਚ ਪੁਰਸ਼ਾਰਥ (philanthropy) ਦੀ ਇਤਿਹਾਸਕ ਘਾਟ ਰਹੀ ਹੈ ਕਿਉਂਕਿ ਅਸੀਂ ਦੁਖਿਆਰਿਆਂ ਤੋਂ ਆਪਣੀਆਂ ਕਰਨੀਆਂ ਭੋਗਣ ਦਾ ਅਵਸਰ ਖੋਹਣਾ ਨਹੀਂ ਚਾਹੁੰਦੇ। ਈਸਾਈ ਪੁਰਸ਼ਾਰਥ ਏਸ ਬ੍ਰਹਮਵਿਦਿਆ 'ਤੇ ਖੜ੍ਹਾ ਹੈ ਕਿ ਰੱਬ ਆਪ ਗੁਨਾਹਗਾਰ ਨੂੰ ਲੱਭਦਾ ਫਿਰਦਾ ਹੈ ਜਿਸਦਾ ਅਨੁਰੂਪ ਹੈ ਕਿ ਮਹਿਮੀ,ਧਨਾਢ ਬੰਦੇ ਹੀਣਿਆਂ ਦੀ ਸੇਵਾ ਲਈ ਉੱਤਰ ਆਉਂਦੇ ਹਨ।

ਜੇ ਕਰਮ ਸਿੱਧਾਂਤ ਦਾ ਸਿੱਧਾ ਅਸਰ ਸਾਡੇ ਪੁਰਸ਼ਾਰਥੀ ਉਦਮ 'ਤੇ ਸੀ ਤਾਂ ਇਹਦਾ ਪਰੋਖ

ਪਰਿਣਾਮ ਹੋਰ ਵੀ ਮਹੱਤਵਪੂਰਨ ਹੈ। ਮਨੋਵਿਗਿਆਨ ਦਾ 'ਭਾਵ ਦੀ ਦੁਵੱਲਤਾ' (ambivalance of response) ਦਾ ਪ੍ਰਪੱਕ ਅਸੂਲ ਹੈ। ਸਨੇਹ ਤੋਂ ਦਵੈਸ਼ ਦਾ ਪਲਟਾ ਨਾਟਕੀ ਹੋਣ ਕਰਕੇ ਸਾਡੇ ਨਜ਼ਰੀਂ ਚੜ੍ਹ ਜਾਂਦਾ ਹੈ ਪਰ ਸਨੇਹ ਵਿਚ ਦਵੈਸ਼ ਨੂੰ ਬਹੁਤ ਥੋੜ੍ਹੇ ਵਿਅਕਤੀ ਗ੍ਰਹਿਣ ਕਰਦੇ ਹਨ। ਇਹੀ ਗੱਲ ਦਵੈਸ਼ ਸਨੇਹ ਦੇ ਪਰਿਵਰਤਣ ਦੀ ਹੈ। ਭਾਵੇਂ ਮੁਲਕ ਕਰਮ ਸਿੱਧਾਂਤ ਦਾ ਅਨੁਯਾਈ ਹੈ ਪਰ ਤਕਰੀਬਨ ਤਕਰੀਬਨ ਸਾਰੀ ਦੀ ਸਾਰੀ ਵਸੋਂ ਮਹਿਸੂਸ ਕਰਦੀ ਹੈ ਕਿ ਉਹਦੀ (ਮਨਚਿੰਦ) ਹਾਲਤ ਵਾਸਤਵਿਕ ਸਥਿਤੀ ਨਾਲੋਂ ਬਿਹਤਰ ਹੋਣੀ ਚਾਹੀਦੀ ਸੀ। ਗਿਣਤੀ ਦੇ ਬੰਦੇ ਹੀ ਸਵੈ-ਕਰੁਣਾ (self pity) ਤੋਂ ਮੁਕਤ ਹੋਣਗੇ। ਸਵੈ-ਕਰੁਣਾ ਤਾਂ ਰਾਸ਼ਟਰੀ ਖਾਸਾ ਹੋ ਗਿਆ ਹੈ। ਨਹੀਂ ਤਾਂ ਆਸਾ ਸਿੰਘ ਮਸਤਾਨਾ ਦਾ ਗੀਤ- *ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ, ਮੇਰੇ ਯਾਰ ਸਭ ਹੁਮ ਹੁਮਾ ਕੇ ਚੱਲਣਗੇ-* ਇੰਨਾ ਅਵਾਮੀ ਨਹੀਂ ਹੋ ਸਕਦਾ ਸੀ ਜਿਸ ਵਿਚ ਸਵੈ-ਕਰੁਣਾ ਮਰਨ ਉਪਰੰਤ ਵੀ ਮੁਕਦੀ ਨਹੀਂ। ਸਾਡੇ ਫਿਲਮੀ ਜਗਤ ਦੀ ਮਾਇਕ ਸਫਲਤਾ ਸਵੈ-ਕਰੁਣਾ ਨੂੰ ਬਣਾ ਸੰਵਾਰਕੇ ਵੇਚਣ ਦੀ ਹੈ।

ਸਿੱਖਾਂ ਵਿਚ ਸਵੈ ਕਰੁਣਾ ਦਾ ਜਿਹੋ ਜਿਹਾ ਮਾਨਸਿਕ ਪ੍ਰਦਰਸ਼ਨ Operation Blue Star ਤੋਂ ਮਗਰੋਂ ਹੋਇਆ ਉਹਦੀ ਨਦਾਮਤ ਉਠਾਉਣੀ ਪੈਂਦੀ ਹੈ। ਅਕਸਰ ਸਿੱਖ ਕਹਿੰਦੇ ਸੁਣੀਂਦੇ ਸੀ ਕਿ ਸਾਡੀ ਸਾਈਕੀ (psyche hurt) ਦੁਖਿਤ ਹੋਈ ਹੈ। ਜੇ ਕਹੋ ਕਿ ਅਜਿਹਾ ਕਹਿਣ ਨਾਲ ਸਾਈਕੀ ਨੂੰ ਦੁਖੀ ਕਰਨ ਵਾਲੇ ਖੁਸ਼ ਹੁੰਦੇ ਹਨ ਤਾਂ ਕੋਈ ਅਸਰ ਨਹੀਂ ਹੁੰਦਾ ਸੀ ,ਜਿੱਕਣ ਦੁਖਿਤ ਆਤਮਾ ਨੂੰ ਆਪਣਾ ਦੁੱਖ ਹੀ ਇਹਦੇ ਕਾਰਣਾਂ ਨੂੰ ਸਮਝਣ, ਜਾਂ ਦੁੱਖ ਨੂੰ ਦੂਰ ਕਰਨ ਨਾਲੋਂ ਜ਼ਿਆਦਾ ਪਿਆਰਾ ਸੀ। ਬਾਬਾ ਨਾਨਕ ਵੀ ਸ਼ਾਇਦ ਆਪਣੇ ਸਮਕਾਲੀ ਵਿਹਾਰ ਤੋਂ ਤੰਗ ਆਇਆ ਸੀ: ਜੋ ਤਿਸੁ ਭਾਵੈ ਸੋ ਥੀਐ ਰੰਨ ਕਿ ਰੁੰਨੈ ਹੋਇ ਮ.1 ਸੋਰਠਿ 1(595)। ਸਿੱਖ ਨੂੰ ਸਵੈ ਕਰੁਣਾ ਮਨਾਹ ਹੈ। ਸੋ ਭਾਵਕ ਤੌਰ 'ਤੇ ਜਿਸ ਹੱਦ ਤਕ ਸਿੱਖ ਸਵੈ ਕਰੁਣਾ ਤੋਂ ਦੂਰ ਰਹਿੰਦੇ ਹਨ ਉਹ ਉਸੇ ਹੱਦ ਤਕ ਹਿੰਦੂ ਨਹੀਂ।

ਪੱਛਮੀ ਮਾਣਸ ਸਵੈ-ਕਰੁਣਾ ਤੋਂ ਪਰਹੇਜ਼ ਕਰਦਾ ਹੈ। ਆਮ ਅੰਗਰੇਜ਼ ਅਕਸਰ ਕਹਿੰਦਾ ਹੈ: It is an unfair world (ਦੁਨੀਆ ਪਾਂਸਕਪਾਤੀ ਹੈ)। ਇਸ ਕਰਕੇ ਉਹਨੂੰ ਅਸਫਲਤਾ ਇੰਨੀ ਦੁਖਦਾਈ ਨਹੀਂ ਲਗਦੀ ਜਿੰਨੀ ਸਾਨੂੰ ਲਗਦੀ ਹੈ। ਇਹਦੇ ਬ੍ਰਹਮਵਿਦਿਅਕ ਕਾਰਨ ਹਨ। ਈਸਾਈ ਰੱਬ ਈਰਖਾਲੂ ਹੈ;ਪਤਾ ਨਹੀਂ ਉਹ ਤੁਹਾਡੀ ਕਿਹੜੀ ਗੱਲ 'ਤੇ ਨਾਰਾਜ਼ ਹੋ ਜਾਏ। ਕੈਲਵਿਨ(Calvin) ਫਿਰਕੇ ਦਾ ਮਤਿ ਹੈ ਕਿ ਇਹ ਤਾਂ ਸਰਬ ਸ਼ਕਤੀਮਾਨ ਦੀ ਮਰਜ਼ੀ ਹੈ ਕਿ ਪਾਪੀ ਨੂੰ ਸੁਰਗ ਵਿਚ ਅਤੇ ਭਲੇ ਨੂੰ ਨਰਕ ਵਿਚ ਭੇਜ ਦੇਵੇ। ਇਸ ਲਈ ਕੈਲਵਿਨਵਾਦੀ ਲਈ ਆਪਣੀ ਭਲਾਈ ਦੇ ਗੁਣ ਗਾਉਣੇ ਬੇਲੋੜੇ ਹਨ। ਮੱਗਲਟੋਨੀਆਨ (Mugggeltonian) ਅਜਿਹਾ ਫਿਰਕਾ ਹੈ ਜਿਹੜਾ ਆਪਣੀ ਅਰਦਾਸ ਵਿਚ ਰੱਬ ਤੋਂ ਮੰਗਦਾ ਕੁਝ ਨਹੀਂ, ਕੇਵਲ ਬੰਦਗੀ ਵਿਚ ਉਹਦੀ ਉਪਮਾ ਕਰਦਾ ਹੈ (Witness Against The Beast, E.P. Thompson.CUP, 1993,78,169) । ਅੰਗਰੇਜ਼ੀ ਸਾਹਿਤਕ ਆਲੋਚਨਾ ਵਿਚ ਜੇ ਕਿਸੇ ਕਵਿਤਾ 'ਤੇ ਮਹਾਂ ਦੋਸ਼ ਲਾਉਣਾ ਹੋਵੇ ਤਾਂ ਇਹ ਕਿਹਾ ਜਾਂਦਾ ਹੈ ਕਿ ਰਚਨਹਾਰਾ ਅਨੁਭਵ ਦਾ ਨਹੀਂ,ਸਗੋਂ ਸਵੈ-ਕਰੁਣਾ ਦਾ ਵਰਨਣ ਕਰ ਰਿਹਾ ਹੈ। ਮੈਨੂੰ ਆਪ ਆਪਣੇ ਉਸਤਾਦ ਕੋਲੋਂ ਅਜਿਹੀ ਹੇਠੀ ਕਈ ਵਾਰ ਝੱਲਣੀ ਪਈ ਹੈ। ਮੈਨੂੰ ਸ਼ੇਕਸਪੀਅਰ ਦੇ ਨਾਟਕ ਬਾਦਸ਼ਾਹ ਰਿਚ'ਡ ਦੂਜਾ ਨਾਲ ਅਲਝਦਿਆਂ ਹੈਰਾਨੀ ਭਰੀ ਜਾਣਕਾਰੀ ਮਿਲੀ ਕਿ ਸ਼ੇਕਸਪੀਅਰ ਭੈੜੀ ਕਵਿਤਾ ਅਤੇ ਸਵੈ-ਕਰੁਣਾ ਨੂੰ ਹਲਕੇ ਕਿਰਦਾਰ ਦੀ ਨਿਸ਼ਾਨੀ ਸਮਝਦਾ ਹੈ (King Richard TheSecond,III.i.4-26 et al)

* * *



ਲੇਖ ਦੇ ਪਹਿਲੇ ਹਿੱਸੇ ਵਿਚ ਕਰਮ ਸਿਧਾਂਤ ਦੀ ਵਿਡੰਬਨਾ ਦਾ ਜ਼ਿਕਰ ਹੋਇਆ ਹੈ ਜਿਸਦਾ ਦਾਰਸ਼ਨਿਕ ਪਰਿਣਾਮ ਸਵੀਕ੍ਰਿਤੀ ਨਿੱਕਲਣਾ ਚਾਹੀਦਾ ਸੀ ਪਰ ਇਸਦਾ ਮਨੋਵਿਗਿਆਨਕ ਨਤੀਜਾ ਸਮਾਜ ਵਿਚ ਸਵੈ-ਕਰੁਣਾ ਦੀ ਭਰਮਾਰ ਹੈ। ਯਵਨ ਮਿਥਿਹਾਸ ਅਨੁਸਾਰ ਸੰਸਾਰ ਉਸ ਤਰੀਕੇ ਦਾ ਨਹੀਂ ਬਣ ਸਕਿਆ ਜਿਸ ਤਰ੍ਹਾਂ ਦਾ ਦੇਵਤੇ ਬਣਾਉਣਾ ਚਾਹੁੰਦੇ ਸੀ। ਇੰਝ ਦਰਸ਼ਨ ਜਾਂ ਧਰਮ ਦਾ ਵਿਅੰਗ ਹੈ ਕਿ ਅਨੁਸਿੱਧ (veteran) ਅਤੇ ਜਨ ਸਮੂਹ ਦੇ ਪ੍ਰਤੀਕਰਮਾਂ ਵਿਚ ਫਰਕ ਹੈ।

ਆਤਮਾ,ਪਰਮਾਤਮਾ ਮੁਕਤੀ ਦਾ ਨਯਾਯਸ਼ੀਲ ਸੰਗਠਨ ਹੈ। ਮਨੋਵਿਗਿਆਨਕ ਤੌਰ 'ਤੇ moksha - the sine qua non of autonomy through total introjection of the 'Other', the not-self (The Inner World,Sudhir Kakar, OUP,1982,87,128-29) ਮੁਕਤੀ ਬ੍ਰਹਮ ਵਿਦਿਆ ਦਾ ਆਦਰਸ਼ ਹੈ। ਇਸ ਦਾ ਭਾਵਕ ਝਾੜ (fall out ) ਸਵੈ ਮੋਹ (narcissism) ਅਤੇ ਅੰਤਰਮੁਖਤਾ (introversion ) ਹੈ ਜਿਹੜੀ ਨਿਜ-ਆਤਮਵਾਦ (solipsism) ਦੀ ਹੱਦ ਤਕ ਹੋ ਸਕਦੀ ਹੈ ਜਿਸ ਅਨੁਸਾਰ ਅਹਮ ਤੋਂ ਬਿਨਾਂ ਕਿਸੇ ਹੋਰ ਦੇ ਯਥਾਰਥ ਦਾ ਭਰੋਸਾ ਨਹੀਂ ਹੋ ਸਕਦਾ। ਗੁਰੂ ਅਰਜਨ ਸਾਹਿਬ ਆਪ ਬ੍ਰਹਮਵਿਦਿਆ ਅਤੇ ਸਮਾਜ (ਵਿੱਚੇ ਮਾਨਵੀ ਸਹਾਨੁਭੂਤੀ) ਦੇ ਦਵੰਦ ਦਾ ਵਰਨਣ ਕਰਦੇ ਹਨ: ਨਹ ਚਿੰਤਾ ਮਾਤ ਪਿਤਾ ਭ੍ਰਾਹਤ ਨਹ ਚਿੰਤਾ ਕਛੁ ਲੋਕਕਹ। ਨਹ ਚਿੰਤਾ ਬਨਿਤਾ ਸੁਤ ਮੀਤਹ ਪ੍ਰਵਿਰਤਿ ਮਾਇਆ ਸਨਬੰਧਨਹ। ਦਇਆਲ ਏਕ ਭਗਵਾਨ ਪੁਰਖਹ ਨਾਨਕ ਸਰਬ ਜੀਅ ਪ੍ਰਤਿਪਾਲਕਹ। ਮ.5 ਸਲੋਕ ਸਹਸਕ੍ਰਿਤੀ 15 (1355) (ਮਾਤ-ਮਾਤਾ,ਪਿਤ-ਪਿਤਾ;ਭ੍ਰਾਤਹ-ਭਾਈਆਂ ਦੀ;ਸੁਤ-ਪੁੱਤ;ਮੀਤਹ-ਮਿੱਤਰਾਂ ਦੀ,ਪ੍ਰਵਿਰਤੀ ਮਾਇਆ ਸਨਬੰਧਨਹ-ਚਲ ਰਹੇ ਮਾਇਆ ਦੇ ਸੰਬੰਧਾਂ ਦੀ) ਚਿੰਤਾ ਨਹੀਂ,ਕੇਵਲ ਭਗਵਾਨ ਦਾ ਫਿਕਰ ਹੈ।

ਨਿਜ-ਆਤਮਵਾਦ ਜਾਂ ਅੰਨ੍ਹੀ ਅੰਤਰਮੁਖਤਾ ਦੀਆਂ ਮਿਸਾਲਾਂ ਦਾ ਕੋਈ ਘਾਟਾ ਨਹੀਂ। ਆਜ਼ਾਦੀ ਮਗਰੋਂ ਉੱਤਰ ਪ੍ਰਦੇਸ਼ ਵਿਚ ਸੰਪਰਦਾਇਕ ਦੰਗਾ ਹੋ ਰਿਹਾ ਸੀ ਪਰ ਡਿਪਟੀ ਕਮਿਸ਼ਨਰ ਆਪਣੇ ਗੀਤਾ ਦੇ ਪਾਠ ਵਿਚ ਵਿਘਨ ਪਾਉਣ ਲਈ ਤਿਆਰ ਨਹੀਂ ਸੀ। ਜੋਗੀਆਂ ਦਾ ਅਜਿਹਾ ਫਿਰਕਾ ਹੈ ਜਿਸ ਵਿਚ ਜੋਗੀ ਮੁਰਦੇ 'ਤੇ ਬੈਠਾ ਕਾਲ ਬਾਰੇ ਅੰਤਰ ਧਿਆਨ ਰਹਿੰਦਾ ਹੈ। ਇਥੋਂ ਤਕ ਕਿ ਲਾਸ਼ ਦੇ ਕੀੜੇ ਪੈ ਜਾਂਦੇ ਹਨ। ਸ਼ਵ ਦੇ ਕੀੜੇ ਫਿਰ ਜੋਗੀ ਦੀ ਪਿੱਠ ਨੂੰ ਖਾਣ ਲਗਦੇ ਹਨ ਜਿਹੜਾ ਉਹਦੀ ਪ੍ਰਾਪਤੀ ਦਾ ਪੜਾਉ ਹੁੰਦਾ ਹੈ। ਜੋਗੀ ਨੂੰ ਆਪਣਾ ਕਾਲ ਤਾਂ ਨਜ਼ਰ ਆਈ ਜਾਂਦਾ ਹੈ ਪਰ ਮਿਰਤਕ ਦੇ ਪਾਰਥਿਵ ਸਰੀਰ ਦੀ ਬੇਹੁਰਮਤੀ ਦਾ ਖਿਆਲ ਨਹੀਂ ਆਉਂਦਾ। ਚੰਡੀਗੜ੍ਹ ਦੇ ਅਖਬਾਰ The Indian Express, 26 ਜਨਵਰੀ 2001 ਦੀ ਸੁਰਖੀ ਸੀ ਕਿ ਕੁੰਭ ਮੇਲੇ 'ਤੇ ਆਏ ਸੈਆਂ ਮੁਕਤੀ ਦੇ ਉਪਾਸ਼ਕ ਆਪਣੇ ਬਿਰਧ ਮਾਪਿਆਂ ਨੂੰ ਗੰਗਾ 'ਤੇ ਤਿਆਗਕੇ ਆਪਣੇ ਘਰਾਂ ਨੂੰ ਦੌੜ ਗਏ। ਅਤੇ ਸ਼ਲੋਕ ਸਹਸਕ੍ਰਿਤੀ ਦੀ ਗੱਲ ਸੱਚੀ ਕਰ ਦਿੱਤੀ।

ਕੋਈ ਧਵਨ ਨਾਉਂ ਦਾ ਵਿਅਕਤੀ ਪਹਿਲਾਂ ਸੈਸ਼ਨ ਜੱਜ ਹੁੰਦਾ ਸੀ। ਫੇਰ ਪੱਛਮੀ ਬੰਗਾਲ ਦਾ ਗਵਰਨਰ ਹੋ ਗਿਆ। ਉੱਥੋਂ ਲੰਡਨ ਵਿਚ ਭਾਰਤੀ ਹਾਈ ਕਮਿਸ਼ਨਰ ਨਿਯੁਕਤ ਹੋਇਆ। ਲੰਡਨ 'ਚ ਮਹਾਤਮਾ ਗਾਂਧੀ ਦਾ ਬੁੱਤ ਲੱਗਣਾ ਸੀ ਜਿਸਦੀ ਪ੍ਰਧਾਨ ਮੰਤਰੀ ਵਿਲਸਨ ਨੇ ਨਕਾਬ ਕਸ਼ਾਈ ਕਰਨੀ ਸੀ। ਨਕਾਬ ਕਸ਼ਾਈ ਕਰਕੇ ਵਿਲਸਨ ਤਕਰੀਰ ਕਰ ਰਿਹਾ ਸੀ। ਸਾਡਾ ਹਾਈ ਕਮਿਸ਼ਨਰ ਦੇਰ ਨਾਲ ਪਹੁੰਚ ਗਿਆ। ਜਾ ਕੇ ਤਕਰੀਰ ਕਰਦੇ ਵਿਲਸਨ ਨਾਲ ਹੱਥ ਮਿਲਾਇਆ। ਵਿਲਸਨ ਮਗਰੋਂ ਉਹਨੇ ਵੀ ਬੋਲਣਾ ਸੀ। ਆਪਣੇ ਭਾਸ਼ਨ ਵਿਚ ਕਹਿੰਦਾ- ਸਾਡਾ ਗਾਂਧੀ ਤੁਹਾਡੇ ਈਸਾ ਨਾਲੋਂ ਵੱਡਾ ਸੀ।

ਹਾਈ ਕਮਿਸ਼ਨਰ ਦੀਆਂ ਤਿੰਨ ਮੂਰਖਤਾਈਆਂ ਸੀ- ਦੇਰ ਦੀ ਅਸ਼ਿਸ਼ਟਾਚਾਰੀ,ਭਾਸ਼ਨ ਵਿਚ ਹੱਥ ਮਿਲਾਉਣ ਦਾ ਵਿਘਨ,ਗਾਂਧੀ -ਈਸਾ ਤੁਲਨਾ ਦੀ ਹਿਮਾਕਤ। ਇਹਦੀ ਵਿਆਖਿਆ?

ਆਪਣੀ ਅੰਤਰਮੁਖਤਾ ਦੇ ਅੰਧ ਵਿਚ ਉਹਨੂੰ ਆਪਣਾ ਸਤਯ ਤਾਂ ਨਜ਼ਰ ਆ ਜਾਂਦਾ ਸੀ ਪਰ 'Other' introjected (ਅਨਯ ਦੇ ਅੰਤਰਯਾਨ) ਵਿਚ ਬਾਕੀ ਕਿਹੜੀ ਗੱਲ ਰਹਿ ਗਈ ਹੈ?

ਰਾਮ ਸਰੂਪ ਅਣਖੀ ਦੇ ਨਾਵਲ 'ਕੋਠੇ ਖੜਕ ਸਿੰਘ' ਵਿਚ ਕਾਤਲ ਦੀ ਮਾਈ ਉਹਨੂੰ ਜੇਲ੍ਹ 'ਚ ਮੁਲਾਕਾਤ ਕਰਨ ਗਈ ਕਹਿੰਦੀ ਹੈ- "ਕੋਈ ਨਹੀਂ ਪੁੱਤ ਕਮਕਲੀ (ਕਮ ਅਕਲੀ) ਹੋ ਗਈ"। ਸ਼ਾਇਦ ਨੋਂਹਾਂ ਸਾੜਨ (wife burning) ਦਾ ਕੋਈ ਦ੍ਰਿਸ਼ਟਮਾਨ? ਅਪਰਾਧ ਨਹੀਂ,ਕੇਵਲ 'ਕਮਕਲੀ' ਹੈ। ਰਾਸ਼ਟਰੀ ਅੰਤਰਮੁਖਤਾ ਦਾ ਅਸਰ ਸਾਡੇ ਸਫਾਰਤੀ ਤੁਅਲਕਾਤ 'ਤੇ ਵੀ ਹੈ। ਭਾਰਤ ਦੇ ਆਪਣੇ ਗੁਆਂਢੀ ਦੇਸ਼ਾਂ ਨਾਲ ਪਿਛਲੇ ਸੱਠ ਸਾਲਾਂ ਤੋਂ ਕਿਸੇ ਨਾਲ ਵੀ ਚੰਗੇ ਸੰਬੰਧ ਨਹੀਂ।

ਕੁਲਵੰਤ ਸਿੰਘ ਵਿਰਕ ਨੂੰ ਗੱਡੀ 'ਚੋਂ ਉੱਤਰਕੇ ਸਟੇਸ਼ਨ 'ਤੇ ਫਿਰਨ ਦਾ ਝੱਸ ਸੀ। ਇਕ ਵਾਰੀ ਗੱਡੀ ਚੱਲ ਪਈ ਤੇ ਵਿਰਕ ਨੂੰ ਜਿਹੜੇ ਡੱਬੇ ਦੇ ਡੰਡੇ ਦਾ ਹੱਥ ਪਿਆ ਉਸੇ ਡੱਬੇ 'ਚ ਚੜ੍ਹਨਾ ਪਿਆ। ਡੱਬਾ ਉਤਲੇ ਦਰਜੇ ਦਾ ਨਿੱਕਲਿਆ। ਚੈੱਕਰ ਆਇਆ,ਉਹਨੇ ਸਫਰ ਦੇ ਆਰੰਭ ਤੋਂ ਉਤਲੇ ਦਰਜੇ ਦੇ ਕਿਰਾਏ ਜਮ੍ਹਾ ਜੁਰਮਾਨੇ ਦੀ ਰਸੀਦ ਕੱਟ ਦਿੱਤੀ। ਵਿਰਕ ਨੇ ਪੈਸੇ ਭਰ ਦਿੱਤੇ। ਇੰਝੇ ਕੋਈ ਗੁਜਰਾਤੀ ਫਸਿਆ ਹੋਇਆ ਸੀ। ਉਹਨੇ ਚੈੱਕਰ ਦੀ ਮਿੰਨਤ ਸਪੈਦ ਕੀਤੀ ਤੇ ਚੈੱਕਰ ਨੇ ਉਹਨੂੰ ਛੱਡ ਦਿੱਤਾ। ਚੈੱਕਰ ਚਲਾ ਗਿਆ। ਗੁਜਰਾਤੀ ਵਿਰਕ ਨੂੰ ਕਹਿੰਦਾ- "ਲਾਈਕੀ (ਲਿਆਕਤ) ਵੀ ਕੋਈ ਚੀਜ਼ ਹੋਤੀ ਹੈ"। ਮੇਰਾ ਖਿਆਲ ਹੈ ਉਹ ਬੰਦਾ ਆਪਣੇ ਆਪ ਨੂੰ ਵਿਰਕ ਨਾਲੋਂ ਬਾਲਾ (superior) ਸਮਝਦਾ ਸੀ।

ਸਾਡੇ ਕਿੰਕਰ ਪਰਵਾਸੀ ਭਾਈ ਘਰ ਆ ਕੇ ਆਪਣੇ ਆਪ ਨੂੰ ਅੰਗਰੇਜ਼ ਤੋਂ ਉੱਚਾ ਸਮਝਦੇ ਹਨ। ਦੇਸ਼ ਵਿਚ ਐੱਸ.ਸੀ. ਅਫਸਰ ਦੀਆਂ ਮਿੰਨਤਾਂ ਕਰਨ ਵਾਲੇ ਬਿਲ-ਜ਼ਰੂਰ ਕਹਿੰਦੇ ਹਨ, "ਉਹ ਕੀ ਐ? ਐੱਸ.ਸੀ. ਹੀ ਰਿਹਾ! ਸਾਡੇ ਬੰਦਿਆਂ 'ਚ ਅਭਿਮਾਨ ਤਾਂ ਹੁੰਦਾ ਹੈ ਪਰ ਸਵੈਮਾਨ ਦੀ ਘਾਟ ਹੈ,ਅਤੇ ਅਧਿਮਾਨ (honour) ਦਾ ਇੱਕਾ-ਦੁੱਕਾ ਅਨੁਭਵ ਹੈ ਪਰ ਉਸਦਾ ਭਾਸ਼ਾਈ ਵਰਣਨ ਨਹੀਂ। ਕੀ ਕਾਰਨ ਹੈ ਕਿ ਮੁਸਲਿਮ,ਅੰਗਰੇਜ਼ੀ ਰਾਜ ਹੁੰਦਿਆਂ ਵੀ ਹਿੰਦੂ ਆਪਣੇ ਆਪ ਨੂੰ ਮਸਲਮਾਨ/ਅੰਗਰੇਜ਼ ਤੋਂ ਉੱਚਾ ਸਮਝਦਾ ਰਿਹਾ? ਮੁਕਤੀ ਦੀ ਬ੍ਰਹਮਵਿਦਿਆ। ਇਹਨਾਂ ਦੀ ਆਤਮਾ ਤਾਂ ਪਰਮਾਤਮਾ ਦਾ ਅੰਸ਼ ਸੀ,ਉਹਨਾਂ ਦਾ ਕੀ ਹੈ...?

ਪ੍ਰਵਿਰਤਿਕ ਅੰਤਰਮੁਖਤਾ ਦਾ ਸ਼ਿਸ਼-ਭਾਵੀ ਸ਼ਕਤੀਮਾਨਤਾ ਨਾਲ ਸੰਬੰਧ ਹੈ। ਸੰਤਾਲੀ 'ਚ ਆਜ਼ਾਦੀ ਆਉਣ ਵਾਲੀ ਸੀ; ਕਲਕੱਤੇ ਫਸਾਦ ਹੋ ਰਹੇ ਸਨ। ਅਠੱਤਰ ਸਾਲਾ ਗਾਂਧੀ ਬੰਗਾਲ ਦੇ ਪਿੰਡਾਂ ਵਿਚ ਫਿਰ ਕੇ ਸੰਪਰਦਾਈ ਹਿੰਸਾ ਦਾ ਉਪਚਾਰ ਕਰ ਰਿਹਾ ਸੀ। ਦੁਖਿਤ ਗਾਂਧੀ ਦੀ 'ਕਿਆ ਕਰੂੰ, ਕਿਆ ਕਰੂੰ' ਪੁਕਾਰ ਸੁਣਦੀ ਸੀ। ਗਾਂਧੀ ਨੇ ਇਹਨਾਂ ਦਿਨਾਂ ਵਿਚ ਪੰਜ ਲੇਖ ਬ੍ਰਹਮਚਰਯ ਬਾਰੇ ਲਿਖੇ। ਉਹਦੇ ਨਿੱਜੀ ਸਕੱਤਰ ਸਮੇਤ,ਪ੍ਰਸ਼ੰਸਕਾਂ ਨੂੰ ਸਮਝ ਨਾ ਆਵੇ ਕਿ ਸਿਆਸੀ ਸੰਕਟ 'ਚ ਇਹਨਾਂ ਲੇਖਾਂ ਦੀ ਕੀ ਤੁਕ ਹੈ। ਆਪਣੇ ਬ੍ਰਹਮਚਰਯ ਦੇ ਇਮਤਿਹਾਨ ਲਈ ਗਾਂਧੀ ਸੰਗੀ ਔਰਤਾਂ ਨੂੰ ਆਪਣੇ ਨਾਲ ਸੁਲਾ ਲੈਂਦਾ ਸੀ ਜਿਸ ਵਿਚ ਉਹਦੀ 19 ਸਾਲਾ ਪੋਤੀ ਵੀ ਸੀ। ਗਾਂਧੀ ਅਜਿਹੇ ਤਜਰਬੇ ਨੂੰ ਯੱਗ ਕਹਿੰਦਾ ਸੀ whose only purpose was a restoration of personal psychic potency that would help him to regain control over political events (Intimate Relations, Sudhir Kakar,Viking,New Delhi,1989, 107-08)

* * *

ਸਿੱਖ ਧਰਮ ਦੀ ਉਤਪਤੀ ਸਮਕਾਲ ਵਿਚ ਭਾਰਤੀ ਸਮਾਜ ਦੀ ਸਿਰਜਣਾਤਮਕ ਕਾਢ ਸੀ। ਵਿਅਕਤਿਕ ਸਿਰਜਣਾ ਸੌਖੀ ਹੁੰਦੀ ਹੈ ਪਰ ਸਮਾਜ ਦੀ ਪੈਦਾ ਕੀਤੀ ਸੰਸਥਾਈ (institutional) ਕਾਢ ਅਦੁਤੀ ਨਾਲੋਂ ਅਦੁਤੀ ਹੁੰਦੀ ਹੈ। ਮੈਂ ਇਹਦਾ feudalism ਦਾ ਉਦਾਹਰਨ ਦਿੰਦਾ



ਹਾਂ। Feudalism ਦਾ ਮਹਾਨ ਇਤਿਹਾਸਕਾਰ ਲਿਖਦਾ ਹੈ ਕਿ ਨਵੀਂ ਸੰਸਥਾ ਦੇ ਵਰਣਨ ਲਈ ਪੁਰਾਣੀ ਸ਼ਬਦਾਵਲੀ ਬੇਲੋੜੀ ਬੇਸਮਝੀ ਪੈਦਾ ਕਰਦੀ ਹੈ। ਦਸਵੀਂ ਸਦੀ ਦੇ ਪੱਛਮੀ ਯੌਰਪ 'ਚ ਪੈਸੇ/ਸਿੱਕੇ ਦੀ ਅਜਿਹੀ ਕਮੀ ਸੀ ਕਿ ਭੋਂ-ਰਾਠ ( feudal chief, lord ) ਆਪਣੇ ਜੁਝਾਰੂ ਭੋਂ-ਭ੍ਰਿਤਾਂ ( vassals ) ਨੂੰ ਭੋਂ ਦਾ ਹੀ ਮਿਹਨਤਾਨਾ ਦੇ ਸਕਦਾ ਸੀ। ਬੰਦਗੀ (ਭੋਂ ਭ੍ਰਿੱਤੀ) ਦੀ ਰਸਮ (homage) ਹੁੰਦੀ ਸੀ ਜਿਸਦਾ ਅਸਰ ਚਰਚ ਵਿਚ ਬੰਦਨਾ ਅਤੇ ਇਸ਼ਕੀਆ ਸ਼ਾਇਰੀ 'ਤੇ ਵੀ ਪਿਆ। ਗਿਆਰਵੀਂ ਸਦੀ ਤੋਂ ਭੋਂ-ਭ੍ਰਿਤ ਸ਼ਾਸ਼ਨ ਮਜ਼ਬੂਤ ਹੁੰਦਾ ਗਿਆ। ਇਹ ਸਮਾਜੀ ਸਰਚਨਾ ਦਾ ਆਧਾਰ ਬਣ ਗਿਆ। ਇੰਝ ਭੋਂ-ਰਾਠ ਦੇ ਭੋਂ-ਭ੍ਰਿਤ ਭੂਮੀਹਾਰ ਹੁੰਦੇ ਸੀ ਅਤੇ ਇਹੀ ਸਿਲਸਿਲਾ ਆਖਰੀ ਕਾਸ਼ਤਕਾਰ ਜ਼ਿਮੀਂਦਾਰ ਤਕ ਪਹੁੰਚ ਜਾਂਦਾ ਸੀ।

ਸਿਵਾਏ ਜਾਪਾਨ ਦੇ ਅਜਿਹਾ ਭੋਂਭ੍ਰਿਤਪ੍ਰਬੰਧ ਦੁਨੀਆ 'ਚ ਹੋਰ ਕਿਸੇ ਥਾਉਂ ਨਹੀਂ ਉਪਜਿਆ। ਪੱਛਮੀ ਯੌਰਪ ਦਾ ਭੋਂਭ੍ਰਿਤ ਸ਼ਾਸਨ ਪੁਨਰਜਾਗ੍ਰਤੀ ਤੋਂ ਪਹਿਲਾਂ ਹੀ ਖਤਮ ਹੋ ਗਿਆ। ਪਰ ਜਾਪਾਨੀ ਭੋਂ-ਤੰਤਰ ਵੀਹਵੀਂ ਸਦੀ ਦੇ ਅੰਤ ਤਕ ਕਾਇਮ ਰਿਹਾ। ਯੌਰਪੀ ਭੋਂ-ਭ੍ਰਿਤ ਸ਼ਾਸਨ ਵਿਚ ਭੋਂ-ਭ੍ਰਿਤ (vassals) ਆਪਣੀ ਭੋਂਇ ਬਾਹਰਲੇ ਵਿਅਕਤੀ ਨੂੰ ਵੇਚ ਸਕਦਾ ਸੀ। ਇੰਝ ਨਿਰਭਰਤਾ-ਵਫਾ ਦੀ ਲੜੀ 'ਤੇ ਕਾਟਾ ਫਿਰ ਜਾਂਦਾ ਹੈ। ਜਾਪਾਨ ਵਿਚ ਵਾਸਲ (vassals) ਆਪੋ ਵਿਚੀ ਹੀ ਜ਼ਮੀਨ ਦੀ ਖਰੀਦ-ਓ-ਫਰੋਖਤ ਕਰ ਸਕਦੇ ਸੀ ਜਿਸ ਨਾਲ ਸਵਾਮੀ-ਸੇਵਕ ਦਾ ਕ੍ਰਮ ਜੀਂਦਾ ਰਿਹਾ। ਜਾਪਾਨੀ ਇਸ ਅਸੂਲ 'ਤੇ ਦ੍ਰਿੜ ਰਹੇ ਕਿ ਚਾਕਰ ਦੇ ਦੋ ਸਵਾਮੀ ਨਹੀਂ ਹੋ ਸਕਦੇ। ਯੌਰਪ ਵਿਚ ਦੋਹਰੇ ਸਵਾਮੀਆਂ ਵਾਲੇ ਵਾਸਲ ਸਨ। ਵੇਖਣ ਨੂੰ ਭੂਮੀਹਾਰਾਂ ਦੀ ਪ੍ਰਥਮ ਸ਼੍ਰੇਣੀ ਸੀ ਪਰ ਸ਼ਾਸਨ ਦਾ ਆਧਾਰ ਮਨੁੱਖ-ਮਨੁੱਖ ਸੰਬੰਧ ਨਾ ਰਿਹਾ ਸਗੋਂ ਪੂੰਜੀ-ਮਨੁੱਖ 'ਤੇ ਖਲੋਣਾ ਸ਼ੁਰੂ ਹੋ ਗਿਆ। ਹੈਰਾਨੀ ਦੀ ਗੱਲ ਹੈ ਕਿ ਥੱਲੜੇ ਭੋਂ-ਭ੍ਰਿਤ ਆਪਣੇ ਮੁਜ਼ਾਰਿਆਂ 'ਤੇ ਜਾਪਾਨੀ ਨਿਯਮ ਚਲਾਉਂਦੇ ਸੀ ਪਰ ਸਮਾਜ ਇਹੀ ਗੱਲ ਆਪਣੇ ਉਪਰਲੇ ਹਿੱਸੇ 'ਤੇ ਲਾਗੂ ਨਾ ਕਰ ਸਕਿਆ (Feudal Society, Marc Bloch,Routedge&Kegal Paul,1978,213 ) ਮੇਰਾ ਅਨੁਮਾਨ ਹੈ ਕਿ ਪਾਠਕ ਏਸੇ ਪੜਾਉ 'ਤੇ ਨਵੀਂ ਸ਼ਬਦਾਵਲੀ ਦੀ ਮੁਆਫੀ ਦੇ ਦੇਣਗੇ ਕਿਉਂਕਿ ਜਾਗੀਰਦਾਰੀ,ਇਜਾਰੇ ਨਾਲ ਯੌਰਪੀ ਸਥਿਤੀ ਦਾ ਵਰਣਨ ਸੰਭਵ ਨਹੀਂ।

ਸਿੱਖੀ ਹਿੰਦੂ ਮਤ ਵਿਚ ਆਲੋਚਨਾਤਮਕ ਗਤੀ (moment) ਸੀ ਜਿਸਨੂੰ ਭਾਰਤੀ ਮਾਨਸ ਵਿਗਿਆਨ ਦੀ ਸਿਰਜਣਾਤਮਕ ਕਾਢ ਵੀ ਕਿਹਾ ਜਾ ਸਕਦਾ ਹੈ। ਸਿੱਖੀ ਅਜਿਹਾ ਸਮੂਹ ਸੀ ਜਿਸਦੇ ਮੈਂਬਰ ਮੁਸਲਮਾਨੀ ਕਰਮ ਕਰਦੇ ਵੀ ਹਿੰਦੂ ਦੇ ਹਿੰਦੂ ਰਹਿੰਦੇ ਸੀ। ਹਿੰਦੂ ਧਰਮ ਆਪਣੇ 'ਚੋਂ ਵਿਅਕਤੀ ਨੂੰ ਛੇਕ ਤਾਂ ਸਕਦਾ ਹੈ ਪਰ ਕਿਸੇ ਗ਼ੈਰ ਹਿੰਦੂ ਨੂੰ ਆਪਣੇ 'ਚ ਸ਼ਾਮਲ ਨਹੀਂ ਕਰ ਸਕਦਾ। ਜੀਂਦ ਦਾ ਰਾਜਾ ਗਜਪਤਿ ਸਿੰਘ, ਮਹਾਰਾਜਾ ਰਣਜੀਤ ਸਿੰਘ ਦਾ ਮਾਮਾ,ਪਹਿਲੀ ਉਮਰ 'ਚ ਜ਼ਬਰਦਸਤੀ ਮੁਸਲਮਾਨ ਬਣਾ ਲਿਆ ਗਿਆ ਸੀ,ਗਊ ਦਾ ਮਾਸ ਖਲਾਕੇ। ਸਿੱਖਾਂ ਨੇ ਉਹਨੂੰ ਸੂਰ ਖਲਾ ਕੇ ਮੁੜ ਸਿੱਖ ਬਣਾ ਲਿਆ। ਨਾਲੇ ਹਿੰਦੂਆਂ ਵੱਲੋਂ ਕਿਸੇ ਉਜ਼ਰ ਦਾ ਉਲੇਖ ਨਹੀਂ ਮਿਲਦਾ।

ਇੰਝ ਸਿੱਖ ਧਰਮ ਆਪਣੇ ਪ੍ਰਫੁਲਨ ਵਿਚ ਹਿੰਦੂ ਮਤ ਜਾਂ ਭਾਰਤੀ ਮਾਨਸਵਿਗਿਆਨ ਦੀ ਸਦੀਵੀ ਆਲੋਚਨਾਤਮਕ ਗਤੀ (critical moment) ਹੋ ਸਕਦਾ ਹੈ। ਦੂਸਰੇ ਪਾਸੇ ਸਿੱਖ ਧਰਮ ਨੂੰ ਆਪਣੇ ਗਹਿਰ-ਗੰਭੀਰ ਸਵੈ-ਅਧਿਐਨ ਲਈ ਹਿੰਦੂ ਧਰਮ ਦੀ ਲੋੜ ਹੈ। ਮਿਸਾਲ ਵਜੋਂ ਅਸੀਂ ਦਰਬਾਰ ਸਾਹਿਬ ਦੀ ਪਰਿਕਰਮਾਂ ਤਾਂ ਕਰਦੇ ਹਾਂ ਪਰ ਪਰਿਕਰਮਾ ਦੇ ਚਿਹਨਕ ਅਰਥਾਂ ਤੋਂ ਅਗਿਆਤ ਹਾਂ। ਮਨੂ ਸਿਮ੍ਰਤੀ ਵਿਚ ਗ੍ਰਹਸਤ ਦੀ ਵਿਸਤ੍ਰਤ ਜਾਣਕਾਰੀ ਹੈ।

ਅਖੀਰ 'ਚ ਮੈਂ ਸ਼ੁਭ ਅੰਤ 'ਤੇ ਖਤਮ ਕਰਨਾ ਚਾਹੁੰਦਾ ਹਾਂ। ਕੋਈ ਹਿੰਦੂ ਭਾਵਕ ਤੌਰ 'ਤੇ ਸਿੱਖ ਹੋ ਸਕਦਾ ਹੈ ਜਿਵੇਂ ਉਪਰੋਕਤ ਵਿਚ ਬਹੁਤ ਸਾਰੇ ਸਿੱਖਾਂ ਦਾ ਭਾਵਕ ਰੂਪ ਵਿਚ ਹਿੰਦੂ ਹੋਣ ਦਾ

ਜ਼ਿਕਰ ਆਇਆ ਹੈ। ਮਨੂ (1) ਆਰਯ ਦੇ ਅਨਾਰਯ ਵਿਹਾਰ, ਅਤੇ (2) ਅਨਾਰਯ ਦੇ ਆਰਯ ਅਸਤਿਤਵ ਦਾ ਜ਼ਿਕਰ ਤਾਂ ਕਰਦਾ ਹੈ ਪਰ ਦੂਸਰੇ ਦੀ ਕੋਈ ਵਿਆਖਿਆ ਨਹੀਂ ਕਰਦਾ।

ਦੇਸ਼-ਵੰਡ ਦੇ ਐਨ ਮਗਰੋਂ ਮੇਰੇ ਉਸਤਾਦ ਦਾ ਬਜ਼ੁਰਗ ਅ.ਨ.ਕੌਲ ਅੰਮ੍ਰਿਤਸਰ ਦਾ ਐੱਸ.ਐੱਸ.ਪੀ. ਸੀ। ਉਸ ਦੇ ਮਾਸਟਰ ਤਾਰਾ ਸਿੰਘ ਨਾਲ ਬੜੇ ਅੱਛੇ ਤੁਅੱਲਕ ਸੀ। ਇਕ ਦਿਨ ਸ਼ਾਮ ਨੂੰ ਮਾਸਟਰ ਜੀ ਨੇ ਪਬਲਿਕ ਮੀਟਿੰਗ ਨੂੰ ਸੰਬੋਧਨ ਕਰਨਾ ਸੀ। ਕੌਲ ਸਾਹਿਬ ਵੀ ਸਿਵਲੀਅਨ ਕਪੜਿਆਂ ਵਿਚ ਓਥੇ ਚਲੇ ਗਏ। ਤਕਰੀਰ ਕਰਦਿਆਂ ਮਾਸਟਰ ਜੀ ਜੋਸ਼ 'ਚ ਆ ਗਏ,ਕਹਿੰਦੇ, "ਹਿੰਦੂ ਸਭ ਚੋਰ ਹਨ"। ਡਾਇਸ ਤੋਂ ਉਤਰਦੇ ਮਾਸਟਰ ਜੀ ਨੂੰ ਕੌਲ ਸਾਹਿਬ ਕਹਿੰਦੇ,"ਮਾਸਟਰ ਜੀ, ਮੈਂ ਵੀ ਚੋਰ ਹਾਂ"? "ਤੈਨੂ ਕੌਣ, ਤੈਨੂੰ ਕੌਣ ਚੋਰ ਕਹਿੰਦਾ। ਤੂੰ ਤਾਂ honorary (ਏਜਾਜ਼ੀ) ਸਿੱਖ ਹੈਂ"। ਮਾਸਟਰ ਜੀ ਦਾ ਕਹਿਣਾ ਸੀ।

* * *

ਸਪਸ਼ਟਤਾ ਹਿਤ ਪਾਠਕ ਨੂੰ ਬੇਨਤੀ ਹੈ ਕਿ ਬ੍ਰਹਮਵਿਦਿਆ ਜਾਂ ਗਿਆਨ ਦਾ ਆਧਾਰ ਪੜਤਾਲ ਯੋਗ ਨਹੀਂ। ਇਸ ਕਰਕੇ ਇਹਨਾਂ 'ਤੇ ਬਹਿਸ ਨਹੀਂ ਹੋ ਸਕਦੀ। ਅੱਜੋਕੇ ਵਿਗਿਆਨ ਦਾ ਆਧਾਰ ਪ੍ਰਕਿਰਤੀ ਦੀ ਸਮਾਨਤਾ ਹੈ,ਜਿਸਨੂੰ ਘੋਖਿਆ ਨਹੀਂ ਜਾ ਸਕਦਾ ਕਿਉਂਜੁ ਸਾਰੀ ਪ੍ਰਕਿਰਤੀ ਦਾ ਪ੍ਰਤੱਖ ਅਨੁਭਵ ਅਸੰਭਵ ਹੈ। ਇੰਝੇ ਮੁਕਤੀ ਦਾ ਵਿਹਾਰਕ ਲੇਖਾ-ਜੋਖਾ ਨਹੀਂ ਹੋ ਸਕਦਾ। ਦੂਸਰੇ ਪਾਸੇ ਮਨੋਵਿਗਿਆਨ ਦੀ ਪੜਤਾਲ ਹੋ ਸਕਦੀ ਹੈ, ਜਿਹੜੀ ਗ਼ਲਤ/ਠੀਕ ਦੇ ਅਧੀਨ ਹੈ। ਮੁਕਤੀ ਗ਼ਲਤ/ਠੀਕ ਦੀ ਦ੍ਰਿਸ਼ਟੀ ਤੋਂ ਨਹੀਂ ਵਾਚੀ ਜਾ ਸਕਦੀ। ਇਹ ਕਿਸੇ ਧਰਮ ਦੀ ਸਮਝ ਲਈ ਅਨੁਬੰਧ ਜਾਂ ਬੇ-ਅਨੁਬੰਧ ( releven / irrelevent ) ਹੁੰਦੀ ਹੈ। ਇਸੇ ਕਾਰਨ ਮੁਕਤੀ ਦਾ ਅੰਤਰਮੁਖਤਾ ਸਵੈ-ਕਰੁਣਾ ਦੇ ਨਾਲ ਨਯਾਯਸ਼ੀਲ ਸੰਬੰਧ ਨਹੀਂ,ਜਿਹੜਾ ਲਾਜ਼ਮ ਹੋਣ ਦੀ ਥਾਉਂ ਇਤਫਾਕੀਆ ਹੈ। ਮੈਂ ਆਪਣੇ ਦੇਸ਼ ਵਿਚ ਪ੍ਰਚਲਤ ਮਨੋਵਿਗਿਆਨ ਦਾ ਵੇਰਵਾ ਦਿੱਤਾ ਹੈ ਜਿਸਦੇ ਯਥਾਰਥ ਨੂੰ ਵਾਚਿਆ ਜਾ ਸਕਦਾ ਹੈ। ਇਹ ਗੱਲ ਕਲਪਨਾਯੋਗ ਹੈ ਕਿ ਕਿਸੇ ਵਿਅਕਤੀ ਜਾਂ ਦੇਸ਼ ਵਿਚ ਉਪਰੋਕਤ ਸੰਬੰਧ ਕਾਰਜਸ਼ੀਲ ਨਾ ਹੋਵੇ। ਗੁਰੂ ਅਰਜਨ ਸਾਹਿਬ ਦਾ ਸ਼ਲੋਕ ਸਹਸਕ੍ਰਿਤੀ 15 ਮਾਤਾ ਪਿਤਾ ਸੰਬੰਧੀਆਂ ਲੋਕਾਂ ਦੇ ਆਤਮਕ ਆਧਾਰ ਬਾਰੇ ਹੈ ਜਿਹੜਾ ਉਹਨਾਂ ਦੇ ਅੰਨ ਪਾਣੀ ਦੇ ਵਿਹਾਰ ਬਾਰੇ ਨਹੀਂ। ਜੇ ਕੋਈ ਅਜਿਹੀ ਭੁੱਲ ਕਰਦਾ ਹੈ ਤਾਂ ਇਹ ਉਹਦਾ ਮਨੋਵਿਗਿਆਨ ਹੈ।

ਈਸਾਈ, ਮੁਸਲਮਾਨੀ ਵਿਚਾਰਵਾਨਾਂ ਦਾ ਵਿਸ਼ਵਾਸ ਹੈ ਕਿ ਅੱਜੋਕੇ ਯੁਗ ਵਿਚ ਧਰਮ ਦਾ ਪ੍ਰਫੁਲਨ ਵਿਅਕਤਿਕ ਨਹੀਂ ਸਗੋਂ ਜਨ-ਉਪਕਾਰ ਨਾਲ ਹੋਣਾ ਹੈ The Guardian Weekly Nov.13-19,2003,p 18; Islamic Philosophy and Theology, W.Montgomery Watt,Edinburgh University Press,1967, p 175) ਜੇ ਈਸਾਈ,ਇਸਲਾਮੀ ਚਿੰਤਕ ਬ੍ਰਹਮ ਵਿਦਿਆ ਅਤੇ ਲੌਕਿਕਤਾ ਦੇ ਸੰਜੋਗ ਦੀ ਕਲਪਨਾ ਕਰਦੇ ਹਨ ਤਾਂ ਸਿੱਖੀ ਵਿਚ ਇਹ ਸੰਜੋਗ ਦੀ ਗੱਲ ਨਹੀਂ ਕੇਵਲ ਬ੍ਰਹਮਵਿਦਿਆ ਦੀ ਹੈ। ਸਾਡੇ 'ਮਾਤ,ਪਿਤਾ,ਸੰਬੰਧੀ ਲੋਕ' ਪੰਥ ਦਾ ਅੰਸ਼ ਹਨ,ਪੰਥ ਗੁਰੂ ਹੈ। ਸੋ ਸਿੱਖ ਭਾਈ ਭੈਣਾਂ ਦਾ ਉਪਕਾਰ ਗੁਰੂ ਦੀ ਸੇਵਾ ਹੈ। ਗੁਰੂ ਪੰਥ ਦਾ ਵਿਕਲਪ ( concept ) ਕੇਵਲ ਬ੍ਰਹਮਵਿਦਿਆ ਨਹੀਂ,ਇਹ ਸਾਡਾ ਸਮਾਜਵਿਗਿਆਨ ਵੀ ਹੈ। ਜਨ-ਉਪਕਾਰ ਤਾਂ ਪੰਥ-ਉਪਕਾਰ ਦਾ ਵਾਧਾ ਹੈ। ਜਿਸ ਹੱਦ ਤਕ ਸਿੱਖ ਜਨ-ਉਪਕਾਰੀ ਹੁੰਦੇ ਹਨ ਉਹ ਉਸੇ ਹੱਦ ਤਕ ਹੀ ਹਿੰਦੂ ਨਹੀਂ ਹੋਣਗੇ ਕਿਉਂਕਿ ਕਰਮ ਸਿਧਾਂਤ ਨੂੰ ਜਨ-ਉਪਕਾਰ ਦੀ ਲੋੜ ਨਹੀਂ। ਸਿੱਖ ਹਿੰਦੂਆਂ ਨੂੰ ਨਿਮਰਤਾ, ਸਨੇਹ,ਮਾਣ ਸਹਿਤ ਕਹਿ ਸਕਦੇ ਹਨ ਕਿ ਉਹ ਅ.ਨ.ਕੌਲ ਜਿਹੇ ਹਿੰਦੂ ਜਾਂ ਏਜ਼ਾਜ਼ੀ ਸਿੱਖ ਹੋ ਜਾਣ।

**(144,ਸੈਕਟਰ 65,ਫੇਜ਼ 11, ਸ.ਅ.ਸ.ਨਗਰ -ਮੁਹਾਲੀ- 160 062)**



# ਗ਼ਦਰ ਪਾਰਟੀ ਅਤੇ ਅਕਾਲੀ ਲਹਿਰ

**ਰਘਬੀਰ ਸਿੰਘ**

ਪੰਜਾਬ ਵਿਚ 1915 ਵਿਚ ਅੰਗਰੇਜ਼ੀ ਹਕੂਮਤ ਨੇ ਗ਼ਦਰ ਦੀ ਸਕੀਮ ਨੂੰ ਭਾਵੇਂ ਨਾਕਾਮ ਬਣਾ ਦਿੱਤਾ ਸੀ ਪਰ ਗ਼ਦਰ ਪਾਰਟੀ ਲਹਿਰ ਦੇਸ਼ ਦੇ ਭਵਿੱਖ ਦੇ ਕੌਮੀ ਸੰਘਰਸ਼ ਵਾਸਤੇ ਭਰਪੂਰ ਉਤਸ਼ਾਹ ਦਾ ਇਕ ਵੱਡਾ ਸਰੋਤ ਬਣੀ ਰਹੀ। ਇਕ ਸੰਗਠਨ ਦੇ ਰੂਪ ਵਿਚ ਗ਼ਦਰ ਪਾਰਟੀ ਦਾ ਢਾਂਚਾ 1947 ਤਕ ਕਾਇਮ ਰਿਹਾ। ਸਮੇਂ ਸਮੇਂ ਉਤਰਾਵਾਂ ਚੜ੍ਹਾਵਾਂ ਦੇ ਬਾਵਜੂਦ ਕੌਮੀ ਆਜ਼ਾਦੀ ਦੇ ਸੰਘਰਸ਼ ਲਈ ਮਰਜੀਵੜੇ ਜੁਟਾਉਣ,ਉਤਸ਼ਾਹ ਜਗਾਉਣ,ਆਰਥਿਕ ਮਦਦ ਅਤੇ ਪਰਚਾਰ ਸਮੱਗਰੀ ਮੁਹਈਆ ਕਰਨ ਦੇ ਰੂਪ ਵਿਚ ਇਸਦਾ ਸਾਨਫਰਾਂਸਿਸਕੋ ਵਿਚਲਾ ਹੈਡਕੁਆਰਟਰ ਲਗਾਤਾਰ ਕੰਮ ਕਰਦਾ ਰਿਹਾ। ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿਚ ਪਰਵਾਸੀ ਪੰਜਾਬੀਆਂ ਵਿਚਲੀਆਂ ਇਸਦੀਆਂ ਬਰਾਂਚਾਂ ਕੌਮੀ ਆਜ਼ਾਦੀ ਦੇ ਕਾਜ਼ ਨੂੰ ਅੱਗੇ ਵਧਾਉਣ ਲਈ ਸਰਗਰਮ ਰਹੀਆਂ।

ਐਪਰ ਪਾਰਟੀ ਦੇ ਜੱਥੇਬੰਦਕ ਢਾਂਚੇ ਹੇਠਲੇ ਕੰਮ ਤੋਂ ਵੀ ਵੱਧ ਗ਼ਦਰ ਪਾਰਟੀ ਦਾ ਵੱਡਾ ਯੋਗਦਾਨ ਕੌਮੀ ਲਹਿਰ ਦੇ ਕਿਸੇ ਵੀ ਅੰਗ ਨਾਲ ਇਸਦੀ ਮਿਲਵਰਤਣ ਸੀ। 1915 ਤੋਂ ਪਿੱਛੋਂ ਦੇਸ਼ ਵਿਚ ਅਤੇ ਖਾਸਕਾਰ ਪੰਜਾਬ ਵਿਚ ਬਸਤੀਵਾਦੀ ਹਾਕਮਾਂ ਦੇ ਵਿਰੁੱਧ ਜੋ ਵੀ ਲਹਿਰ - ਗੁਰਦੁਆਰਾ ਸੁਧਾਰ, ਅਕਾਲੀ, ਬੱਬਰ ਅਕਾਲੀ, ਕਾਂਗਰਸ, ਕਿਰਤੀ ਕਿਸਾਨ, ਕਮਿਊਨਿਸਟ ਲਹਿਰ - ਉਭਰੀ,ਉਸ ਵਿਚ ਗ਼ਦਰ ਪਾਰਟੀ ਦੇ ਕਾਰਕੁਨਾਂ ਦਾ ਰੋਲ ਬਹੁਤ ਅਹਿਮ ਸੀ। ਬਹੁਤ ਹਾਲਤਾਂ ਵਿਚ ਉਹ ਇਹਨਾਂ ਲਹਿਰਾਂ ਵਿਚ ਪੇਸ਼ ਪੇਸ਼ ਸਨ। ਹੱਥਲੇ ਪਰਚੇ ਵਿਚ ਅਕਾਲੀ ਲਹਿਰ ਵਿਚ ਗ਼ਦਰ ਪਾਰਟੀ ਦੇ ਯੋਗਦਾਨ ਉੱਤੇ ਚਰਚਾ ਕਰਨ ਦਾ ਵਿਚਾਰ ਹੈ।

1915 ਵਿਚ ਗ਼ਦਰ ਦੀ ਸਕੀਮ ਦੇ ਨਾਕਾਮ ਰਹਿਣ ਪਿੱਛੋਂ ਨਾ ਸਿਰਫ ਪੰਜਾਬ ਵਿਚ ਸਗੋਂ ਸਮੁੱਚੇ ਦੇਸ਼ ਵਿਚ ਹਕੂਮਤ ਨੇ ਪੂਰੀ ਤਰ੍ਹਾਂ ਦਹਿਸ਼ਤ ਫੈਲਾ ਦਿੱਤੀ ਸੀ। ਪਹਿਲੀ ਸੰਸਾਰ ਜੰਗ ਵਿਚ ਬਰਤਾਨਵੀ ਸਰਕਾਰ ਪੂਰੀ ਤਰ੍ਹਾਂ ਫਸੀ ਹੋਈ ਸੀ। ਇਸ ਸਮੇਂ ਹਿੰਦੁਸਤਾਨ ਵਿਚ ਕਿਸੇ ਤ਼ਰ੍ਹਾਂ ਦੀ ਵੀ ਗੜਬੜ ਉਸ ਲਈ ਮਾਰੂ ਸਿੱਧ ਹੋ ਸਕਦੀ ਸੀ। ਇਸ ਲਈ ਬਸਤੀਵਾਦੀ ਹਕੂਮਤ ਨੇ ਜਬਰ ਦਾ ਕੋਈ ਵੀ ਐਸਾ ਸਾਧਨ ਨਹੀਂ ਸੀ ਛੱਡਿਆ ਜੋ ਹਿੰਦੁਸਤਾਨੀਆਂ ਨੂੰ ਦਬਾਅ ਕੇ ਰੱਖਣ ਲਈ ਵਰਤੋਂ ਵਿਚ ਲਿਆਉਣਾ ਜ਼ਰੂਰੀ ਹੋਵੇ। ਉਂਝ ਵੀ ਗ਼ਦਰ ਵਰਗੀ ਬਹਾਦਰਾਨਾ ਲਹਿਰ ਦੀ ਨਾਕਾਮੀ ਮਗਰੋਂ ਲੋਕਾਂ ਵਿਚ ਕੁਝ ਕੁਝ ਉਦਾਸੀਨਤਾ ਆਈ ਹੋਈ ਸੀ। ਇਹਨਾਂ ਕਾਰਨਾਂ ਕਰਕੇ 1915 ਤੋਂ ਪਿੱਛੋਂ ਜੰਗ ਦੇ ਵਰ੍ਹਿਆਂ ਵਿਚ ਹਿੰਦੁਸਤਾਨੀ ਜਨਤਾ ਲਗਪਗ ਚੁੱਪ ਸਾਧੀ ਬੈਠੀ ਰਹੀ। ਪਰ ਇਸਦਾ ਅਰਥ ਇਹ ਨਹੀਂ ਕਿ ਗ਼ਦਰ ਪਾਰਟੀ ਨੇ ਕੌਮੀ ਲਹਿਰ ਦੇ ਇਤਿਹਾਸ ਵਿਚ ਜੋ ਚਿਣਗ ਛੱਡ ਦਿੱਤੀ ਸੀ ਉਹ ਉੱਕਾ ਹੀ ਮਿਟ ਗਈ ਸੀ।

1919 ਵਿਚ ਜਦੋਂ ਜੰਗ ਖਤਮ ਹੋਈ ਅਤੇ ਹਕੂਮਤ ਦੀ ਫੈਲਾਈ ਦਹਿਸ਼ਤ ਵਿਚ ਕੁੱਝ ਢਿੱਲ ਆਈ ਤਾਂ ਲੋਕਾਂ ਦਾ ਕੌਮੀ ਜਜ਼ਬਾ ਰੋਲਟ ਐਕਟ ਵਿਰੁੱਧ ਵਿਆਪਕ ਉਭਾਰ ਵਜੋਂ ਪ੍ਰਤੱਖ ਰੂਪ ਵਿਚ ਸ੍ਹਾਮਣੇ ਆਇਆ। ਕੇਂਦਰੀ ਪੰਜਾਬ ਵਿਚ ਗ਼ਦਰ ਪਾਰਟੀ ਦੇ ਪਾਏ ਪੂਰਨਿਆਂ ਅਨੁਸਾਰ ਇਹ ਕੌਮੀ ਜਜ਼ਬਾ ਖੁਲ੍ਹੀ ਲੋਕ ਬਗਾਵਤ ਦਾ ਰੂਪ ਧਾਰਨ ਕਰਨ ਲੱਗਾ ਤਾਂ ਇਸ ਨੂੰ ਦਬਾਉਣ ਲਈ ਅੰਗਰੇਜ਼ੀ ਸਰਕਾਰ ਨੇ ਕੇਂਦਰੀ ਪੰਜਾਬ ਨੂੰ ਮਾਰਸ਼ਲ ਲਾਅ ਵਿਚ ਜਕੜਕੇ ਫੌਜ ਦੇ ਹਵਾਲੇ ਕਰ ਦਿੱਤਾ। ਲਾਇਲਪੁਰ,ਕਸੂਰ,ਚੂਹੜਕਾਣਾ ਆਦਿ ਥਾਵਾਂ ਉੱਤੇ ਅੰਨ੍ਹਾ ਪੁਲਸੀ ਜਬਰ ਕੀਤਾ ਗਿਆ,ਗੁੱਜਰਾਂਵਾਲੇ ਉੱਤੇ ਹਵਾਈ ਬੰਬਾਰੀ ਕੀਤੀ ਗਈ। ਅੰਮ੍ਰਿਤਸਰ ਜਲ੍ਹਿਆਂਵਾਲੇ ਬਾਗ ਵਿਚ ਹੋ ਰਹੇ ਇਕ ਲੋਕ ਜਲਸੇ ਉੱਤੇ ਜਨਰਲ ਡਾਇਰ ਨੇ ਮਸ਼ੀਨਗੰਨਾਂ ਬੀੜਕੇ ਮੌਤ ਦੀ ਵਰਖਾ ਕੀਤੀ,ਜਿਸ ਨਾਲ ਸੈਂਕੜੇ ਲੋਕ ਸ਼ਹੀਦ ਤੇ ਫੱਟੜ ਹੋਏ। ਅਜਿਹੇ ਜ਼ੁਲਮੀ ਬਿਰਤਾਂਤ ਨਾਲ ਕੌਮੀ ਉਭਾਰ ਸਗੋਂ ਹੋਰ

ਵਧਿਆ ਅਤੇ ਬਸਤੀਵਾਦੀ ਗ਼ੁਲਾਮੀ ਤੋਂ ਆਜ਼ਾਦੀ ਦੀ ਮੰਗ ਤਿੱਖੀ ਹੋਣ ਲੱਗੀ। ਕੌਮੀ ਪੱਧਰ ਉੱਤੇ ਸਿਆਸੀ ਲੀਡਰਸ਼ਿਪ ਨੇ ਇਸ ਲੋਕ ਉਭਾਰ ਨੂੰ ਜੁਝਾਰੂ ਰਸਤੇ ਤੋਂ ਹਟਾ ਕੇ ਸ਼ਾਂਤਮਈ ਅੰਦੋਲਨ ਦੇ ਰਾਹ ਪਾ ਦਿੱਤਾ ਜਿਸਦਾ ਰੂਪ ਨਾਮਿਲਵਰਤਣ ਦੀ ਲਹਿਰ ਸੀ। ਪੰਜਾਬ ਵਿਚ ਇਸ ਸ਼ਾਂਤਮਈ ਅੰਦੋਲਨ ਦਾ ਇਕ ਨਿਵੇਕਲਾ ਪ੍ਰਗਟਾਅ ਸੀ ਸਿੱਖ ਸੰਘਰਸ਼। ਫਿਰਕੂ ਪ੍ਰਤੀਨਿਧਤਾ ਦੇ ਸਵਾਲ ਨੇ ਅਤੇ ਸਭਿਆਚਾਰਕ ਗੌਰਵ ਦੇ ਅਹਿਸਾਸ ਨੇ ਪੰਜਾਬ ਦੀ ਸਿੱਖ ਵਸੋਂ ਵਿਚ ਧਾਰਮਿਕ ਚੇਤੰਨਤਾ ਲੈ ਆਂਦੀ ਸੀ,ਜਿਸਦਾ ਸਿੱਟਾ ਗੁਰਦੁਆਰਾ ਸੁਧਾਰ ਲਹਿਰ ਵਿਚ ਨਿਕਲਿਆ। ਗੁਰਦੁਆਰਾ ਸੁਧਾਰ ਲਹਿਰ ਆਪਣੇ ਪ੍ਰਗਟ ਰੂਪ ਵਿਚ ਭਾਵੇਂ ਸਿੱਖ ਧਾਰਮਿਕ ਸਥਾਨਾਂ ਦੇ ਪ੍ਰਬੰਧ ਦੇ ਸੁਧਾਰ ਤਕ ਸੀਮਤ ਸੀ ਪਰ ਹਕੀਕਤ ਵਿਚ ਇਹ ਬਸਤੀਵਾਦੀ ਹਕੂਮਤ ਵਿਰੁੱਧ ਵਿਆਪਕ ਲੋਕ ਬੇਚੈਨੀ ਦਾ ਪਰਤੌ ਵੀ ਸੀ।

1919 ਦੇ ਅੰਤ ਵਿਚ ਅੰਗਰੇਜ਼ੀ ਸਰਕਾਰ ਨੇ ਰੀਫਾਰਮ ਸਕੀਮ ਪੇਸ਼ ਕੀਤੀ ਅਤੇ ਲੋਕਾਂ ਦੇ ਰੋਹ ਨੂੰ ਮੱਠਾ ਕਰਨ ਦੀ ਨੀਯਤ ਨਾਲ ਸ਼ਾਹੀ ਐਲਾਨ ਦੁਆਰਾ ਰਾਜਸੀ ਕੈਦੀਆਂ ਦੀਆਂ ਰਿਹਾਈਆਂ ਕੀਤੀਆਂ। ਪੰਜਾਬ ਦੇ ਰਾਜਸੀ ਕੈਦੀਆਂ ਵਿਚੋਂ ਜਿੱਥੇ ਮਾਰਸ਼ਲ ਲਾਅ ਦੇ ਅਧੀਨ ਫੜੇ ਸਭ ਕੈਦੀ ਰਿਹਾ ਕੀਤੇ ਗਏ ਉਥੇ ਲਾਹੌਰ ਸਾਜ਼ਿਸ਼ ਕੇਸ ਵਿਚ ਸਜ਼ਾ ਭੁਗਤ ਰਹੇ ਕਈ ਗ਼ਦਰੀਆਂ ਨੂੰ ਵੀ ਜਿਹਲ ਤੋਂ ਮੁਕਤ ਕੀਤਾ ਗਿਆ। ਉਪਰੰਤ ਬਹੁਤ ਸਾਰੇ ਗ਼ਦਰੀ ਜੋ ਪਿੰਡਾਂ ਵਿਚ ਨਜ਼ਰਬੰਦ ਸਨ ਜਾਂ ਛੋਟੇ ਛੋਟੇ ਮੁਕੱਦਮਿਆਂ ਵਿਚ ਸੁਣਾਈਆਂ ਗਈਆਂ ਸਜ਼ਾਵਾਂ ਭੁਗਤ ਰਹੇ ਸਨ,ਨੂੰ ਵੀ ਖੁਲ੍ਹਾ ਫਿਰਨ ਦੀ ਛੋਟ ਦੇ ਦਿੱਤੀ ਗਈ। ਗ਼ਦਰ ਪਾਰਟੀ ਦੀ ਲਾਗ ਲੱਗੇ ਆਜ਼ਾਦੀ ਦੇ ਇਹਨਾਂ ਆਸ਼ਕਾਂ ਲਈ ਚੁੱਪ ਕਰਕੇ ਘਰ ਬੈਠ ਜਾਣ ਦਾ ਤਾਂ ਸਵਾਲ ਨਹੀਂ ਸੀ ਪੈਦਾ ਹੁੰਦਾ। ਪਰ ਗ਼ਦਰ ਪਾਰਟੀ ਦਾ ਤਾਣਾ-ਪੇਟਾ ਵਿਖਰਿਆ ਹੋਣ ਕਾਰਨ ਉਹਨਾਂ ਲਈ ਇਕਦਮ ਇਸੇ ਜੱਥਬੰਦੀ ਦੇ ਝੰਡੇ ਹੇਠ ਸੰਗਠਤ ਹੋ ਸਕਣਾ ਵੀ ਸੰਭਵ ਨਹੀਂ ਸੀ। ਇਹਨਾਂ ਪਰਿਸਥਿਤੀਆਂ ਵਿਚ ਜਿਹਲਾਂ ਤੇ ਨਜ਼ਰਬੰਦੀਆਂ ਤੋਂ ਬਾਹਰ ਆਏ ਸਭ ਗ਼ਦਰੀ ਸੂਰਬੀਰ ਉਹਨਾਂ ਸਭਨਾਂ ਲਹਿਰਾਂ ਵਿਚ ਸਰਗਰਮੀ ਨਾਲ ਭਾਗ ਲੈਣ ਲੱਗ ਪਏ ਜੋ ਕਿਸੇ ਵੀ ਕਾਰਨ ਜਾਂ ਕਿਸੇ ਵੀ ਬਹਾਨੇ ਬਸਤੀਵਾਦੀ ਹਕੂਮਤ ਵਿਰੁੱਧ ਲੋਕਾਂ ਦੀ ਬੇਚੈਨੀ ਨੂੰ ਆਵਾਜ਼ ਮੁਹਈਆ ਕਰਦੀਆਂ ਸਨ। ਗੁਰਦੁਆਰਾ ਸੁਧਾਰ ਲਹਿਰ ਅਤੇ ਉਸ ਵਿਚੋਂ ਉਤਪੰਨ ਹੋਈ ਅਕਾਲੀ ਲਹਿਰ ਵਿਚ ਗ਼ਦਰੀਆਂ ਦੀ ਸ਼ਮੂਲੀਅਤ ਇਸੇ ਪਹੁੰਚ ਦਾ ਹੀ ਫਲ ਮਾਤਰ ਸੀ। ਨਾ ਕੇਵਲ ਗ਼ਦਰੀ ਜੋਧਿਆਂ ਨੇ ਇਹਨਾਂ ਲਹਿਰਾਂ ਵਿਚ ਭਾਗ ਲਿਆ ਸਗੋਂ ਇਹਨਾਂ ਨੂੰ ਨਿਰੰਤਰ ਬਸਤੀਵਾਦੀ ਰਾਜ ਦੀ ਵਿਰੋਧਤਾ ਦਾ ਲੱਛਣ ਦੇਣ ਵਿਚ ਵੀ ਸਫਲਤਾ ਹਾਸਲ ਕੀਤੀ। ਵਤਨ ਸਿੰਘ ਕਾਹਰੀ,ਜਿਸਨੂੰ ਤੀਸਰੇ ਲਾਹੌਰ ਸਾਜ਼ਿਸ਼ ਕੇਸ ਵਿਚ ਉਮਰ ਕੈਦ ਦੀ ਸਜ਼ਾ ਹੋਈ ਸੀ,14 ਦਸੰਬਰ 1920 ਨੂੰ ਹੋਂਦ ਵਿਚ ਆਏ ਸ਼੍ਰੋਮਣੀ ਅਕਾਲੀ ਦਲ ਦਾ ਇਕ ਮੁਖੀ ਆਗੂ ਬਣਕੇ ਸਾਹਮਣੇ ਆਇਆ।

ਅਕਾਲੀ ਲਹਿਰ ਦੀ ਦਿੱਖ ਭਾਵੇਂ ਧਾਰਮਿਕ ਸੀ ਪਰ ਆਪਣੇ ਸਾਰ ਤੱਤ ਵਜੋਂ ਇਹ ਰਾਜਨੀਤਕ ਲਹਿਰ ਸੀ। ਇਹ ਗੁਰਦੁਆਰਿਆਂ ਨੂੰ ਮਹੰਤਾਂ ਦੇ ਪੰਜੇ ਤੋਂ ਆਜ਼ਾਦ ਕਰਾਉਣ ਦੀ ਕੋਸ਼ਸ਼ ਕਰ ਰਹੀ ਸੀ। ਆਪਣੇ ਇਸ ਸੰਘਰਸ਼ ਵਿਚ ਇਹ ਬਸਤੀਵਾਦੀ ਅੰਗਰੇਜ਼ੀ ਹਕੂਮਤ, ਜੋ ਗੁਰਦੁਆਰਿਆਂ ਨੂੰ ਆਪਣੇ ਹਿਤਾਂ ਲਈ ਵਰਤਦੀ ਸੀ ਅਤੇ ਮਹੰਤਾਂ ਦੀ ਪਿੱਠ ਉੱਤੇ ਖਲੋਤੀ ਸੀ,ਨਾਲ ਸਿੱਧੀ ਟੱਕਰ ਵਿਚ ਆ ਗਈ ਸੀ। ਭਾਵੇਂ ਅਕਾਲੀ ਲਹਿਰ ਨੇ ਵੀ ਦੇਸ਼ ਦੇ ਬਾਕੀ ਹਿੱਸੇ ਵਿਚ ਪ੍ਰਚਲਤ ਸ਼ਾਂਤਮਈ ਅੰਦੋਲਨ ਵਾਲਾ ਰਾਹ ਹੀ ਧਾਰਨ ਕੀਤਾ ਹੋਇਆ ਸੀ ਤਦ ਵੀ ਜਿਸ ਵਿਆਪਕ ਪੱਧਰ ਉੱਤੇ ਇਸਨੇ ਪੰਜਾਬ ਦੀ ਸਿੱਖ ਵਸੋਂ ਨੂੰ ਆਪਣੇ ਨਾਲ ਜੋੜਿਆ,ਉਸ ਤੋਂ ਅੰਗਰੇਜ਼ ਸਰਕਾਰ ਬਹੁਤ ਭੈਅ-ਭੀਤ ਸੀ। ਇਸ ਲਹਿਰ ਦੀ ਮਜ਼ਬੂਤੀ ਅਤੇ ਵਿਸ਼ਾਲਤਾ ਨੂੰ ਉਹ ਯਾਨੀ ਅੰਗਰੇਜ਼ੀ ਹਕੂਮਤ ਗ਼ਦਰ ਪਾਰਟੀ ਲਹਿਰ ਦਾ ਹੀ ਇਕ ਪਰਿਣਾਮ ਅਤੇ ਉਸਦਾ ਵਿਸ਼ਾਲਤਰ ਰੂਪ ਖਿਆਲ ਕਰਦੀ ਸੀ। ਅਕਾਲੀ ਲਹਿਰ ਦੇ ਸਿੱਟੇ ਵਜੋਂ ਪੰਜਾਬ ਵਿਚ ਪਸਰੀ ਬੇਚੈਨੀ ਬਾਰੇ ਬ੍ਰਿਟਿਸ਼ ਸੈਕਟਰੀ ਔਫ ਸਟੇਟ ਨੇ



ਹਿੰਦੁਸਤਾਨ ਸਰਕਾਰ ਤੋਂ ਜਾਣਕਾਰੀ ਮੰਗੀ ਤਾਂ ਕੇਂਦਰੀ ਸਰਕਾਰ ਦੇ ਹੋਮ ਮੈਂਬਰ ਨੇ ਕਿਹਾ, "ਪੰਜਾਬ ਸਰਕਾਰ ਨਾਲ ਸਲਾਹ ਕੀਤੇ ਬਿਨਾਂ ਅਸੀਂ ਜਵਾਬ ਦੇਣ ਦੀ ਪੁਜ਼ੀਸ਼ਨ ਵਿਚ ਤਾਂ ਨਹੀਂ ਪਰ....ਪੰਜਾਬ ਵਿਚ ਗ਼ਦਰ ਪਾਰਟੀ ਦੇ ਬਹੁਤ ਸਾਰੇ ਮੈਂਬਰ ਹਨ ਜੋ ਸਰ ਮਾਈਕਲ ਓਡਵਾਇਰ ਦੇ ਲੈਫਟੀਨੈਂਟ ਗਵਰਨਰ ਹੋਣ ਸਮੇਂ ਚੁੱਕੇ ਗਏ ਸਖਤ ਕਦਮਾਂ ਕਾਰਨ ਹੀ ਚੁੱਪ ਸਨ। ਕਿਉਂਕਿ ਪੰਜਾਬ ਵਿਚ ਰਾਜ ਪ੍ਰਬੰਧ ਹੁਣ ਕੁਝ ਨਰਮ ਹੈ,ਇਸ ਲਈ ਉਹ (ਗ਼ਦਰੀ) ਆਪਣੇ ਹੱਥ ਵਿਖਾ ਰਹੇ ਹਨ"।[1]

ਇਸ ਸਵਾਲ ਉੱਤੇ ਪੰਜਾਬ ਦੇ ਉਸ ਸਮੇਂ ਦੇ ਲੈਫਟੀਨੈਂਟ ਗਵਰਨਰ ਨੇ ਇਕ ਜਾਣਕਾਰੀ ਭਰਪੂਰ ਨੋਟ ਲਿਖਿਆ ਜੋ ਸੈਂਟਰਲ ਸਰਕਾਰ ਦੇ ਉਚ ਅਧਿਕਾਰੀਆਂ ਵਿਚ ਬਹੁਤ ਗੁਪਤ ਦਸਤਾਵੇਜ਼ ਵਜੋਂ ਵੰਡਿਆ ਗਿਆ। ਇਸ ਨੋਟ ਵਿਚ ਈ.ਡੀ.ਮੈਕਲਾਗਨ ਨੇ ਪੰਜਾਬੀਆਂ (ਸਿੱਖਾਂ) ਦੀ ਬੇਚੈਨੀ ਲਈ ਦੋ ਪੱਖ ਸਾਹਮਣੇ ਲਿਆਂਦੇ: ਧਾਰਮਿਕ ਅਤੇ ਰਾਜਨੀਤਕ। ਇਹਨਾਂ ਦਾ ਵਿਸ਼ਲੇਸ਼ਨ ਕਰਦਿਆਂ ਹੋਇਆਂ ਉਸਨੇ ਲਿਖਿਆ:"ਬਹੁਤ ਸਾਰੇ ਸਿੱਖ ਅਜਿਹੇ ਹਨ ਜੋ ਨੌਆਬਾਦੀਆਂ ਵਿਚ ਕੰਮ ਕਰਕੇ ਮੁੜੇ ਹਨ। ਇਹ ਸਭ,ਵਿਸ਼ੇਸ਼ ਕਰਕੇ ਉਹ ਜਿਹੜੇ ਸ਼ਾਂਤ ਸਾਗਰ(ਪੈਸੇਫਿਕ ਕੋਸਟ) ਦੇ ਕੰਢਿਉਂ ਆਏ ਹਨ,ਇਨਕਲਾਬੀ ਤੇ ਏਥੋਂ ਤਕ ਕਿ ਅਨਾਰਕਿਸਟ ਵਿਚਾਰਾਂ ਦਾ ਵੀ ਸ਼ਿਕਾਰ ਹਨ। ਇਹਨਾਂ ਵੱਲੋਂ ਇਨਕਲਾਬ ਲਈ ਕੀਤਾ ਗਿਆ ਯਤਨ 1915 ਵਿਚ ਨਾਕਾਮ ਬਣਾ ਦਿੱਤਾ ਗਿਆ ਸੀ। ਪਰ ਇਹਨਾਂ ਵਿਚੋਂ ਅਜੇ ਵੀ ਬਹੁਤ ਸਾਰੇ ਖੁਲ੍ਹੇ ਫਿਰ ਰਹੇ ਹਨ,ਅਤੇ ਅਜਿਹੇ ਅਤਿਵਾਦੀ ਸਿੱਖ ਵੀ ਹਨ ਜੋ ਖੁਲ੍ਹੇ ਆਮ ਵਰਤਮਾਨ ਸਰਕਾਰ ਨੂੰ ਲੱਥਾ ਵੇਖਣ ਦੀ ਤਾਂਘ ਪ੍ਰਗਟਾਉਂਦੇ ਹਨ.....1915 ਵਿਚ ਕਥਿਤ ਗ਼ਦਰ ਇਨਕਲਾਬ ਨੂੰ ਠੱਲ੍ਹ ਪਾਉਣ ਪਿੱਛੋਂ ਸਿੱਖ ਰਾਜਸੀ ਸਰਗਰਮੀਆਂ ਵਿਚ ਕੁਝ ਚੁੱਪ ਵਰਤੀ ਰਹੀ ਹੈ,ਪਰੰਤੂ ਜੰਗ ਦੇ ਖਤਮ ਹੋਣ ਪਿੱਛੋਂ ਅਤੇ ਰੀਫਾਰਮ ਸਕੀਮਾਂ ਉਪਰ ਅਮਲ ਦੇ ਸਿੱਟੇ ਵਜੋਂ ਇਹ ਸਰਗਰਮੀਆਂ ਮੁੜ ਜੀਵਤ ਹੋ ਗਈਆਂ ਹਨ।"[2]

ਇਹ ਸੱਚ ਹੈ ਕਿ ਦੇਸ਼ ਵਿਚਲੇ ਗ਼ਦਰੀਆਂ ਨੇ, ਜੋ ਗ਼ਦਰ ਦੇ ਨਾਕਾਮ ਹੋਣ ਤੋਂ ਪਿੱਛੋਂ ਜਿਹਲਾਂ 'ਚੋਂ ਰਿਹਾਅ ਹੋ ਕੇ ਆਏ ਸਨ ਜਾਂ ਹੁਣ ਤਕ ਲੁਕੇ ਛਿਪੇ ਰਹੇ ਸਨ, ਅਕਾਲੀ ਲਹਿਰ ਨੂੰ ਆਪਣੇ ਲਈ ਇਕ ਚੰਗੇ ਪਲੇਟਫਾਰਮ ਵਜੋਂ ਵੇਖਿਆ। ਉਹਨਾਂ ਨੇ ਸਾਮਰਾਜ-ਵਿਰੋਧੀ ਸੰਘਰਸ਼ ਦਾ ਆਪਣਾ ਉਦੇਸ਼ ਪੂਰਾ ਹੁੰਦਾ ਵੇਖਕੇ ਹੀ ਇਸ ਵਿਚ ਭਾਗ ਲਿਅ ਸੀ। ਬਾਬਾ ਕਰਮ ਸਿੰਘ ਚੀਮਾ ਦੇ ਸ਼ਬਦਾਂ ਵਿਚ "1919 ਦੇ ਮਾਰਸ਼ਲ ਲਾਅ ਮਗਰੋਂ ਜਦੋਂ ਸਾਡੀਆਂ ਨਜ਼ਰਬੰਦੀਆਂ ਟੁੱਟ ਗਈਆਂ ਅਤੇ ਪੰਜਾਬ ਵਿਚ ਗੁਰਦੁਆਰਾ ਤੇ ਕਾਂਗਰਸ ਲਹਿਰਾਂ ਚੱਲੀਆਂ ਤਾਂ ਅਸੀਂ ਇਹਨਾਂ ਨੂੰ ਸਾਮਰਾਜ ਵਿਰੋਧੀ ਸਮਝਕੇ ਪੂਰਾ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ।"[3] ਭਾਵੇਂ ਗਦਰੀ ਦੇਸ਼ ਭਗਤ ਇਹਨਾਂ ਨੂੰ ਸੁਧਾਰਕ ਲਹਿਰਾਂ ਸਮਝਦੇ ਸਨ ਪਰ "ਜਿਸ ਹੱਦ ਤਕ ਇਹ ਸਾਮਰਾਜ ਵਿਰੋਧੀ ਸਨ ਉਸ ਹੱਦ ਤਕ ਉਹਨਾਂ ਨੇ ਇਹਨਾਂ ਵਿਚ ਭਾਗ ਲੈਣ ਦਾ ਫੈਸਲਾ ਕੀਤਾ।"[4] ਬਹੁਤ ਸਾਰੇ ਗ਼ਦਰੀ ਜੋ ਅਕਾਲੀ ਲਹਿਰ ਵਿਚ ਸਰਗਰਮੀ ਨਾਲ ਸ਼ਾਮਲ ਹੋਏ ਉਹਨਾਂ ਵਿਚ ਪਿਆਰਾ ਸਿੰਘ ਲੰਗੇਰੀ, ਕਰਮ ਸਿੰਘ ਚੀਮਾ,,ਭਾਗ ਸਿੰਘ ਕਨੇਡੀਅਨ,ਈਸ਼ਰ ਸਿੰਘ ਮਰਹਾਣਾ,ਮਿੱਤ ਸਿੰਘ ਪੰਡੋਰੀ ਆਦਿ ਦੇ ਨਾਂ ਉਘੜਕੇ ਸਾਹਮਣੇ ਆਉਂਦੇ ਹਨ। ਉਹ ਵੱਖ ਵੱਖ ਜੱਥਿਆਂ ਦੇ ਜੱਥੇਦਾਰ ਬਣੇ। ਪਿਆਰਾ ਸਿੰਘ ਲੰਗੇਰੀ ਦੁਆਬੇ ਦੇ ਜੱਥੇ ਦਾ ਪ੍ਰਧਾਨ ਸੀ। ਕੁੰਜੀਆਂ ਦੇ ਮੋਰਚੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਮੁਖ ਸਿੰਘ ਝਬਾਲ ਦੇ ਜਿਹਲ ਜਾਣ ਸਮੇਂ ਉਸਨੇ ਆਰਜ਼ੀ ਤੌਰ 'ਤੇ ਸਮੁੱਚੇ ਅਕਾਲੀ ਦਲ ਦੀ ਪ੍ਰਧਾਨਗੀ ਦਾ ਪਦ ਵੀ ਸੰਭਾਲਿਆ ਸੀ ਅਤੇ 1946 ਵਿਚ ਅਕਾਲੀ ਦਲ ਦੇ ਉਮੀਦਵਾਰ ਵਜੋਂ ਐੱਮ.ਐੱਲ.ਏ. ਚੁਣਿਆ ਗਿਆ ਸੀ।

ਗ਼ਦਰੀਆਂ ਨੇ ਦੇਸ਼ ਵਿਚ ਹੀ ਅਕਾਲੀ ਲਹਿਰ ਵਿਚ ਹਿੱਸਾ ਨਹੀਂ ਲਿਆ ਸਗੋਂ ਬਦੇਸ਼ਾਂ ਵਿਚ ਵੀ ਗ਼ਦਰ ਪਾਰਟੀ ਦੀ ਜਾਗ ਲੱਗੇ ਹਿੰਦੁਸਤਾਨੀਆਂ ਨੇ ਅਕਾਲੀ ਲਹਿਰ ਨੂੰ ਉਤਸ਼ਾਹ ਨਾਲ

ਵੇਖਿਆ ਅਤੇ ਤਨ ਮਨ ਧਨ ਨਾਲ ਇਸਦੀ ਸਹਾਇਤਾ ਕੀਤੀ। ਸਾਲ 1922 ਵਿਚ ਮਾਸਕੋ ਲਈ ਰਵਾਨਾ ਹੋਣ ਤੋਂ ਪਹਿਲਾਂ ਦੇ ਦੋ ਵਰ੍ਹਿਆਂ ਵਿਚ ਜਦੋਂ ਅਕਾਲੀ ਲਹਿਰ ਜ਼ੋਰਾਂ 'ਤੇ ਸੀ ਤਾਂ ਅਕਾਲੀ ਆਗੂਆਂ ਨਾਲ ਸਾਨਫਰਾਂਸਿਸਕੋ ਤੋਂ ਗ਼ਦਰ ਪਾਰਟੀ ਦੇ ਸਕੱਤਰ ਭਾਈ ਸੰਤੋਖ ਸਿੰਘ ਨੇ ਨਿਰੰਤਰ ਤਾਲਮੇਲ ਰੱਖਿਆ ਹੋਇਆ ਸੀ। ਅਪਰੈਲ 1921 ਵਿਚ ਹਰਚੰਦ ਸਿੰਘ ਲਾਇਲਪੁਰ, ਮਾਸਟਰ ਸੁੰਦਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਦੇ ਸਾਂਝੇ ਦਸਖਤਾਂ ਹੇਠ ਭਾਈ ਸੰਤੋਖ ਸਿੰਘ ਨੂੰ ਇਕ ਪੱਤਰ ਪ੍ਰਾਪਤ ਹੋਇਆ ਸੀ ਜਿਸ ਵਿਚ ਗ਼ਦਰੀ ਆਗੂ ਨੂੰ ਉਹਨਾਂ ਵੱਲੋਂ ਵਿਸ਼ਵਾਸ ਦੁਆਇਆ ਗਿਆ ਸੀ ਕਿ"ਪੰਜਾਬ ਵਿਚ ਲੋਕ ਜਾਗ੍ਰਤ ਹੋ ਰਹੇ ਹਨ ਅਤੇ ਬਹੁਤ ਸਾਰੇ ਲੋਕ ਕਿਸੇ ਵੀ ਸਮੇਂ ਕੋਈ ਵੀ ਗੱਲ ਕਰ ਸਕਣ ਲਈ ਤਿਆਰ ਹਨ"।[5] ਦੇਸ ਵਿਚੋਂ ਆਉਂਦੀਆਂ ਅਜਿਹੀਆਂ ਉਤਸ਼ਾਹ ਭਰਪੂਰ ਖਬਰਾਂ ਅਮਰੀਕਾ ਤੇ ਕੈਨੇਡਾ ਵਿਚ ਵਸਦੇ ਹਿੰਦੁਸਤਾਨੀਆਂ ਨੂੰ,ਜਿੰਨ੍ਹਾਂ ਨੂੰ ਗ਼ਦਰ ਪਾਰਟੀ ਨੇ ਆਜ਼ਾਦੀ ਦੀ ਲਿਲ੍ਹ ਲਾਈ ਸੀ,ਬਹੁਤ ਪ੍ਰਸੰਨ ਕਰਦੀਆਂ ਸਨ। ਅਕਾਲੀ ਲਹਿਰ ਨੇ ਬਹੁਤ ਸਾਰੀ ਮਾਇਕ ਸਹਾਇਤਾ ਕੈਨੇਡਾ ਤੋਂ ਪ੍ਰਾਪਤ ਕੀਤੀ। ਜੈਤੋ ਦੇ ਮੋਰਚੇ ਵਿਚ ਭਾਗ ਲੈਣ ਲਈ ਕੈਨੇਡਾ ਤੋਂ ਵੀ ਇਕ ਜੱਥਾ ਤੁਰਿਆ ਸੀ ਜਿਸ ਦੀ ਅਗਵਾਈ ਭਗਵਾਨ ਸਿੰਘ ਦੁਸਾਂਝ ਨੇ ਕੀਤੀ ਸੀ। ਇਸ ਜੱਥੇ ਦੇ ਤੁਰਨ ਪਿੱਛੇ ਕਿੰਨੀ ਕੁ ਭਾਵਨਾ ਧਾਰਮਿਕ ਸੀ ਤੇ ਕਿੰਨੀ ਕੁ ਕੌਮੀ ਆਜ਼ਾਦੀ ਲਈ ਸੰਘਰਸ਼ ਦੀ,ਇਹ ਜੱਥੇ ਦੇ ਤੁਰਨ ਸਮੇਂ ਕੈਨੇਡਾ ਦੇ ਰੋਜ਼ਾਨਾ ਅਖਬਾਰ 'ਵੈਨਕੂਵਰ ਮਾਰਨਿੰਗ ਸੰਨ' ਵਿਚ ਛਪੀ ਇਸ ਖਬਰ ਤੋਂ ਸਪਸ਼ਟ ਹੈ,"ਗਿਆਰਾਂ ਵਿਅਕਤੀ 22 ਜੁਲਾਈ ਨੂੰ ਵੈਨਕੂਵਰ ਤੋਂ ਹਿੰਦੁਸਤਾਨ ਲਈ ਰਵਾਨਾ ਹੋ ਗਏ ਹਨ। ...ਉਹ ਮੁਜਾਹਿਦਾਂ ਦੇ ਰੂਪ ਵਿਚ ਏਥੋਂ ਤੁਰੇ ਹਨ। ਡੋਮੀਨੀਅਨ ਵਿਚ ਆਪਣੀ ਸੰਪਤੀ ਨੂੰ ਉਹਨਾਂ ਤਿਆਗ ਦਿੱਤਾ ਹੈ ਤਾਕਿ ਉਹ ਭਾਰਤ ਵਿਚ ਦੁਰ-ਰਾਜ ਦੇ ਵਿਰੁੱਧ ਸੰਘਰਸ਼ ਛੇੜ ਸਕਣ"।[6] ਇਸ ਜੱਥੇ ਵਿਚ ਜੁਆਲਾ ਸਿੰਘ ਚੋਹਲਾ,ਚੂਹੜ ਸਿੰਘ ਜੰਡਿਆਲਾ, ਸੰਤਾ ਸਿੰਘ ਜਵੰਦਾ, ਕਰਤਾਰ ਸਿੰਘ ਲਿੱਤਰਾਂ,ਪੁੰਨੂੰ ਸਿੰਘ ਸਮਰਾਵਾਂ,ਹਰਨਾਮ ਸਿੰਘ ਖੇਲਾ,ਸਰਵਣ ਸਿੰਘ ਮੌੜ ਦੀਵਾਨਾ,ਉਜਾਗਰ ਸਿੰਘ ਰੱਤਾ ਗੁੱਦਾ ਸ਼ਾਮਲ ਸਨ। ਮੋਰਚੇ ਦੀ ਸਹਾਇਤਾ ਲਈ ਭਗਵਾਨ ਸਿੰਘ ਦੁਸਾਂਝ ਨੇ ਇਕ ਹਜ਼ਾਰ ਡਾਲਰ ਵੀ ਲਿਆਂਦੇ। ਇਸ ਜੱਥੇ ਵਿਚ ਸ਼ੰਘਾਈ ਤੋਂ ਚੌਦਾਂ,ਹਾਗ ਕਾਂਗ ਤੋਂ ਚਾਰ,ਸਿੰਘਾਪੁਰ ਤੋਂ ਦਸ ਤੇ ਪੀਨਾਂਗ ਤੋਂ ਤਿੰਨ ਵਿਅਕਤੀ ਹੋਰ ਸ਼ਾਮਲ ਹੋਏ ਅਤੇ ਇੰਝ 42 ਦਾ ਜੱਥਾ ਹਿੰਦੁਸਤਾਨ ਪੁੱਜਿਆ। ਇਹ ਜੱਥਾ ਅਸਲ ਵਿਚ ਦੇਸ਼ ਲਈ ਆਜ਼ਾਦੀ ਦੀ ਤਾਂਘ ਅਤੇ ਉਸ ਖਾਤਰ ਕੁਰਬਾਨੀਆ ਕਰ ਸਕਣ ਦੀ ਦਲੇਰੀ ਦਾ ਸੰਕੇਤਕ ਸੀ, ਜੋ ਗ਼ਦਰ ਪਾਰਟੀ ਦਾ ਖਾਸ ਚਰਿੱਤਰ ਸੀ। ਉਂਝ ਕੌਮੀ ਲਹਿਰ ਦੇ ਉਭਾਰ ਦੇ ਦਿਨਾਂ ਵਿਚ ਪਰਦੇਸਾਂ ਵਿਚ ਵਸਦੇ ਹਿੰਦੁਸਤਾਨੀ ਪਰਵਾਸੀਆਂ ਦੀ ਜੋ ਸਥਿਤੀ ਸੀ ਉਹ ਵੈਨਕੂਵਰ ਦੇ ਅਖਬਾਰ 'ਦੀ ਟਰੈਵਲਰ' ਦੇ ਸੰਪਾਦਕ ਵੱਲੋਂ ਹਿੰਦੁਸਤਾਨ ਦੇ ਵਾਇਸਰਾਏ ਦੇ ਨਾਂਅ ਲਿਖੇ ਗਏ ਪੱਤਰ ਦੇ ਇਹਨਾਂ ਸ਼ਬਦਾਂ ਤੋਂ ਸਪਸ਼ਟ ਹੈ,"ਮੈਨੂੰ ਇਸ ਪ੍ਰਾਂਤ ਵਿਚ ਵਸਦੇ ਬਹੁਤ ਸਾਰੇ ਹਿੰਦੂਆਂ (ਸਭਨਾਂ ਹਿੰਦੁਸਤਾਨੀਆਂ ਲਈ ਵਰਤਿਆ ਜਾਂਦਾ ਸ਼ਬਦ) ਨਾਲ ਹਿੰਦੁਸਤਾਨ ਦੀ ਮੌਜੂਦਾ ਹਾਲਤ ਵਿਚਾਰਨ ਦਾ ਮੌਕਾ ਮਿਲਿਆ ਹੈ, ਅਤੇ ਬਹੁਤ ਸਾਰਿਆਂ ਨੇ ਨਿਝੱਕ ਇਹ ਆਖਿਆ ਹੈ ਕਿ ਨੇੜ ਭਵਿੱਖ ਵਿਚ ਹੀ ਹਰ ਗੋਰੇ ਆਦਮੀ ਨੂੰ ਹਿੰਦੁਸਤਾਨ ਵਿਚ ਰਾਜ-ਸੱਤਾ ਤੋਂ ਪਰੇ ਧੱਕ ਦੇਣ ਦਾ ਉਹਨਾਂ ਦਾ ਇਰਾਦਾ ਹੈ।"[7]

ਇਸ ਤਰ੍ਹਾਂ ਦੇਸ ਬਦੇਸ ਦੇ ਗ਼ਦਰੀਆਂ ਨੇ ਅਕਾਲੀ ਲਹਿਰ ਵਿਚ ਸਰਗਰਮ ਹਿੱਸਾ ਲਿਆ। ਖੁਦ ਬਸਤੀਵਾਦੀ ਅੰਗਰੇਜ਼ੀ ਹਕੂਮਤ ਦੀਆਂ ਨਜ਼ਰਾਂ ਵਿਚ ਅਕਾਲੀ ਲਹਿਰ ਵਿਚ ਗ਼ਦਰੀਆਂ ਦੀ ਸ਼ਮੂਲੀਆ ਸਭ ਤੋਂ ਖਤਰੇ ਵਾਲੀ ਗੱਲ ਸੀ। 1922 ਵਿਚ ਪੰਜਾਬ ਸਰਕਾਰ ਵੱਲੋਂ ਅਕਾਲੀ ਲਹਿਰ ਬਾਰੇ ਤਿਆਰ ਕੀਤੇ ਗਏ ਵਿਸਤ੍ਰਤ ਨੋਟ ਵਿਚ ਵੀ ਇਹ ਲਿਖਿਆ ਮਿਲਦਾ ਹੈ ਕਿ "ਅਕਾਲੀ ਲਹਿਰ ਤੋਂ ਸਭ ਤੋਂ ਵੱਡਾ ਖਤਰਾ ਇਸਦੀ ਦੇਸ਼ ਪਰਤੇ ਪਰਵਾਸੀਆਂ ਨੂੰ ਅਪੀਲ ਵਿਚ ਵਿਦਮਾਨ ਹੈ, ਜੋ ਬਾਹਰਮੁਖੀ ਤੌਰ 'ਤੇ ਭਾਵੇਂ ਗ਼ਦਰ ਮੁਹਿੰਮ ਤੋਂ ਪਿੱਛੋਂ ਦੇ ਵਰ੍ਹਿਆਂ ਵਿਚ ਚੁੱਪ ਜਿਹੇ ਰਹੇ ਹਨ



ਪਰ ਹਕੀਕਤ ਵਿਚ ਸਵੈ ਸਰਕਾਰ ਦੇ ਨਿਰਵਿਘਨ ਅਗਾਂਹ ਵਧਣ ਲਈ ਨਿਰੰਤਰ ਇਕ ਵੱਡਾ ਖਤਰਾ ਬਣੇ ਰਹੇ ਹਨ।"[8]

ਦਿਲਚਸਪ ਗੱਲ ਤਾਂ ਇਹ ਹੈ ਕਿ ਭਾਵੇਂ ਦੇਸ਼ ਵਿਚਲੇ ਗ਼ਦਰੀ ਇਸ ਸਮੇਂ ਅਮਰੀਕਾ ਵਿਚਲੇ ਆਗੂਆਂ ਵਾਂਗ ਪੂਰੀ ਤਰ੍ਹਾਂ ਨਵੀਂ ਸੋਚ ਦੇ ਧਾਰਨੀ ਤਾਂ ਨਹੀਂ ਸਨ ਹੋਏ,ਤਦ ਵੀ ਪੱਛਮੀ ਦੇਸ਼ਾਂ ਵਿਚ ਰਹਿ ਆਏ ਹੋਣ ਕਰਕੇ ਉਹ ਧਾਰਮਿਕਤਾ ਨੂੰ ਕੋਈ ਬਹੁਤਾ ਮਹੱਤਵ ਨਹੀਂ ਸਨ ਦਿੰਦੇ। ਇਸ ਲਈ ਅਕਾਲੀ ਲਹਿਰ ਵਿਚ ਉਹਨਾਂ ਦੀ ਸ਼ਮੂਲੀਅਤ ਓਪਰੀ ਨਜ਼ਰੇ ਰਤਾ ਅਚੰਭਾਦਾਇਕ ਪ੍ਰਤੀਤ ਹੁੰਦੀ ਸੀ। ਪਰ ਗ਼ਦਰੀਆਂ ਦਾ ਉਦੇਸ਼ ਕੌਮੀ ਆਜ਼ਾਦੀ ਨੂੰ ਨੇੜੇ ਲਿਆਉਣ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਅਤੇ ਫਰੰਗੀ ਸਰਕਾਰ ਵੀ ਇਸ ਤੱਥ ਨੂੰ ਭਲੀ ਭਾਂਤ ਸਮਝਦੀ ਸੀ। 'ਅਕਾਲੀ ਲਹਿਰ ਸੰਬੰਧੀ ਨੋਟ' ਵਿਚ ਹੀ ਅਗਾਂਹ ਲਿਖਿਆ ਹੋਇਆ ਹੈ,"ਅਕਾਲੀ ਲਹਿਰ ਦੇ ਧਾਰਮਿਕ ਚਰਿੱਤਰ ਬਾਰੇ ਮਹੱਤਵਪੂਰਨ ਟਿੱਪਣੀ ਇਸ ਗੱਲ ਵਿਚ ਹੈ ਕਿ ਦੇਸ਼ ਪਰਤੇ ਪਰਵਾਸੀਆਂ ਨੇ ਇਸ ਵਿਚ ਸ਼ਾਮਲ ਹੋਣ ਲਈ ਕਿੰਨੀ ਤੇਜ਼ੀ ਵਿਖਾਈ ਹੈ। ਇਹਨਾਂ ਵਿਚੋਂ ਘੱਟ ਨੇ ਹੀ ਕਦੇ ਧਾਰਮਿਕ ਪਰਿਪੂਰਨਤਾ ਦਾ ਵਿਖਾਵਾ ਕੀਤਾ ਹੈ। ਨਿਰਸੰਦੇਹ ਜੋ ਗੱਲ ਇਹਨਾਂ ਨੂੰ ਇਸ ਵੱਲ ਆਕਰਸ਼ਤ ਕਰਦੀ ਹੈ ਉਹ ਹੈ 1915 ਦੀਆਂ ਘਟਨਾਵਾਂ ਨੂੰ ਦਹੁਰਾ ਸਕਣ ਲਈ ਮੌਕੇ ਦੀ ਪ੍ਰਾਪਤੀ। ਜਲੰਧਰ ਜ਼ਿਲ੍ਹੇ ਵਿਚ, ਜਿੱਥੇ ਦੇਸ ਪਰਤੇ ਪਰਵਾਸੀ ਵਧੇਰੇ ਗਿਣਤੀ ਵਿਚ ਹਨ,(ਵਾਸਤਵ ਵਿਚ ਦੁਆਬਾ ਜੱਥਾ ਤਾਂ ਇਕ ਪ੍ਰਸਿੱਧ ਗ਼ਦਰੀ ਦੇ ਕੰਟਰੋਲ ਵਿਚ ਹੈ),ਪਿਛਲੇ ਕੁਝ ਮਹੀਨਿਆਂ ਵਿਚ ਚੋਖੀ ਗਿਣਤੀ ਵਿਚ ਪਰਵਾਸੀ ਅਮਰੀਕਾ ਅਤੇ ਦੂਰ ਪੂਰਬ ਤੋਂ ਮੁੜਕੇ ਆਏ ਹਨ। ਨਿਰਸੰਦੇਹ ਸਨਸਨੀਖੇਜ਼ ਖਬਰਾਂ ਨੇ ਉਹਨਾਂ ਨੂੰ ਆਕਰਸ਼ਤ ਕੀਤਾ ਜੋ ਹਿੰਦੁਸਤਾਨ ਵਿਚੋਂ ਉਹਨਾਂ ਨੂੰ ਮਿਲਦੀਆ ਰਹੀਆਂ।"[9] ਬਰਤਾਨਵੀ ਸਰਕਾਰ ਦਾ ਅਨੁਮਾਨ ਸੀ ਕਿ ਜਲੰਧਰ ਅਤੇ ਲੁਧਿਆਣੇ ਦੇ ਜ਼ਿਲ੍ਹਿਆਂ ਵਿਚ ,ਜਿੱਥੇ ਪੰਜਾਬ ਦੇ ਹੋਰ ਜ਼ਿਲ੍ਹਿਆਂ ਨਾਲੋਂ ਪਰਵਾਸੀ ਜ਼ਿਆਦਾ ਹਨ, 104 ਉੱਘੇ ਅਕਾਲੀ ਇਸ ਸ਼੍ਰੇਣੀ ਵਿਚੋਂ ਸਨ। ਇਹਨਾਂ ਵਿਚੋਂ ਕੁਝ ਤਾਂ ਸਰਕਾਰ ਦੇ ਖਿਆਲ ਵਿਚ ਬੜੇ ਭਿਆਨਕ ਸਰਗਰਮ ਵਿਅਕਤੀ ਸਨ,"ਜੋ ਆਪਣੀਆਂ ਗ਼ਦਰੀ ਸਰਗਰਮੀਆਂ ਕਾਰਨ 1915-16 ਵਿਚ ਜਿਹਲੀਂ ਡੱਕੇ ਗਏ ਜਾਂ ਕਾਲੇ ਪਾਣੀ ਭੇਜੇ ਗਏ ਸਨ, ਜਦਕਿ ਉਹਨਾਂ ਦਾ ਚੋਖਾ ਭਾਗ ਵੱਖ ਵੱਖ ਸਮਿਆਂ ਲਈ ਆਪਣੇ ਆਪਣੇ ਪਿੰਡ ਵਿਚ ਨਜ਼ਰਬੰਦ ਕੀਤਾ ਹੋਇਆ ਸੀ।"[10]

ਗ਼ਦਰ ਪਾਰਟੀ ਨੇ, ਵਿਧੀਵਤ ਸੰਗਠਨ ਦੇ ਰੂਪ ਵਿਚ ਤਾ ਨਹੀਂ, ਪਰ ਅਕਾਲੀ ਲਹਿਰ ਨੂੰ ਕਈ ਪ੍ਰਕਾਰ ਨਾਲ ਵੱਡਾ ਯੋਗਦਾਨ ਦਿੱਤਾ। ਗ਼ਦਰ ਪਾਰਟੀ ਦੇ ਬਹੁਤ ਸਾਰੇ ਮੈਂਬਰ ਅਕਾਲੀ ਲਹਿਰ ਦੇ ਆਗੂ ਤਾਂ ਸੀ ਹੀ, ਭਾਰੀ ਮਾਤਰਾ ਵਿਚ ਫੰਡ ਵੀ ਇਸ ਲਹਿਰ ਨੂੰ ਬਾਹਰੋਂ ਗ਼ਦਰੀਆਂ ਨੇ ਭੇਜਿਆ। ਇਹ ਮਾਲੀ ਸਹਾਇਤਾ ਏਨੀ ਮਹੱਤਵਪੂਰਨ ਸੀ ਕਿ ਫਰੰਗੀ ਸਰਕਾਰ ਨੇ ਬਾਹਰੋਂ ਆਇਆ ਹਜ਼ਾਰਾਂ ਰੁਪਈਆ ਡਾਕਖਾਨਿਆਂ ਵਿਚ ਹੁਕਮਨ ਰੋਕ ਕੇ ਰੱਖਿਆ ਹੋਇਆ ਸੀ।[11]

ਜਿੱਥੇ ਜਿੱਥੇ ਵੀ ਗ਼ਦਰੀ ਅਕਾਲੀ ਲਹਿਰ ਵਿਚ ਸਰਗਰਮ ਸਨ ਉਥੇ ਇਸਦਾ ਬਸਤੀਵਾਦ ਵਿਰੋਧੀ ਚਰਿੱਤਰ ਵਧੇਰੇ ਉਘੜਵਾਂ ਸੀ। ਜਲੰਧਰ ਜ਼ਿਲ੍ਹੇ ਵਿਚ, ਜਿੱਥੇ ਭਾਗ ਸਿੰਘ ਕਨੇਡੀਅਨ ਅਤੇ ਕਰਮ ਸਿੰਘ ਚੀਮਾ ਇਸ ਲਹਿਰ ਦੇ ਆਗੂ ਸਨ, ਫਰੰਗੀ ਸਰਕਾਰ ਨੇ ਪਿੰਡਾਂ ਵਿਚ ਲੋਕਾਂ ਦੁਆਰਾ ਇਕ ਪ੍ਰਕਾਰ ਦੇ ਸਮਾਜਕ ਬਾਈਕਾਟ ਦਾ ਅਨੁਭਵ ਕੀਤਾ। ਇਕਤਾਲੀਵੀਂ ਡੋਗਰਾ ਕੰਪਨੀ ਨੇ ਅਕਾਲੀ ਲਹਿਰ ਦੌਰਾਨ ਤਸੀਲ ਫਲੌਰ ਦੀ ਗਸ਼ਤ ਉਪਰੰਤ ਆਪਣੀ ਰਿਪੋਰਟ ਵਿਚ ਲਿਖਿਆ ਕਿ ਇਹਨਾਂ ਪਿੰਡਾਂ ਦੇ ਲੋਕ ਜਾਣ ਬੁਝਕੇ ਉਹਨਾਂ ਵੱਲ ਗੁਸਤਾਖ ਸਨ। ਕਾਰਨ ਇਹ ਦੱਸਿਆ ਗਿਆ ਕਿ ਏਥੇ ਬਾਹਰੋਂ ਆਏ (ਗ਼ਦਰੀ) ਸਿੱਖ ਬਹੁਤ ਸਨ।

ਗ਼ਦਰੀਆਂ ਨੇ ਆਮ ਤੌਰ 'ਤੇ ਅਕਾਲੀ ਲਹਿਰ ਵਿਚ ਇਸਦੇ ਗਰਮ ਧੜੇ ਦਾ ਸਾਥ ਦਿੱਤਾ। ਜਦੋਂ ਅਕਾਲੀ ਲਹਿਰ ਮਿਲਵਰਤਣੀਆਂ ਤੇ ਨਾਮਿਲਵਰਤਣੀਆਂ ਵਿਚ ਵੰਡੀ ਗਈ ਤਾਂ

ਸ਼੍ਰੋਮਣੀ ਕਮੇਟੀ ਦੀ ਚੋਣ ਵਿਚ ਪ੍ਰਧਾਨਗੀ ਪਦ ਲਈ ਬਾਬਾ ਭਾਗ ਸਿੰਘ ਕਨੇਡੀਅਨ ਨਾਮਿਲਵਰਤਣੀਆਂ ਅਥਵਾ ਗਰਮ ਦਲੀਆਂ ਦਾ ਉਮੀਦਵਾਰ ਸੀ। ਸ਼੍ਰੋਮਣੀ ਕਮੇਟੀ ਦੇ ਜੁਝਾਰ ਧੜੇ ਬਾਰੇ ਸਰਕਾਰ ਦਾ ਨਿਰਣਾ ਕਿ 'ਕਮੇਟੀ ਅਮਲੀ ਤੌਰ 'ਤੇ ਉਹਨਾਂ ਅਤਿਵਾਦੀਆਂ ਦੀ ਟੋਲੀ ਦੇ ਕਬਜ਼ੇ ਵਿਚ ਚਲੀ ਗਈ ਹੈ ਜਿੰਨ੍ਹਾਂ ਲਈ ਧਾਰਮਿਕ ਸੁਧਾਰ ਦਾ ਮਨੋਰਥ ਕੌਮਵਾਦ ਨਾਲੋਂ ਕੋਈ ਵੱਖਰਾ ਨਹੀਂ",ਗੁਰਦੁਆਰਾ ਸੁਧਾਰ ਲਹਿਰ ਅਥਵਾ ਅਕਾਲੀ ਲਹਿਰ ਵਿਚ ਗ਼ਦਰੀ ਪ੍ਰਭਾਵ ਦੀ ਹਕੀਕਤ ਨੂੰ ਮੰਨਣ ਦੇ ਤੁਲ ਸੀ। ਜਿਹਲਾਂ ਤੋਂ ਫਰਾਰ ਹੋਣ ਮਗਰੋਂ ਕਾਬਲ ਵਿਚ ਰਿਹਇਸ਼ ਰੱਖ ਰਹੇ ਗ਼ਦਰ ਲਹਿਰ ਦੇ ਦੋ ਬਹੁਤ ਅਹਿਮ ਕਾਰਕੁਨ ਬਾਬਾ ਗੁਰਮੁਖ ਸਿੰਘ ਤੇ ਊਧਮ ਸਿੰਘ ਕਸੇਲ,ਅਕਾਲੀ ਲਹਿਰ ਦੌਰਾਨ "ਲੁਕ ਛਿਪਕੇ ਹਿੰਦਸਤਾਨ ਆਉਂਦੇ ਰਹਿੰਦੇ ਸਨ ਅਤੇ ਅਕਾਲੀ ਆਗੂਆਂ ਮੰਗਲ ਸਿੰਘ ਤੇ ਮਾਸਟਰ ਤਾਰਾ ਸਿੰਘ ਨੂੰ ਮਿਲਕੇ ਸ਼ਾਂਤਮਈ ਰਾਹ ਤਿਆਗਕੇ ਇਨਕਲਾਬੀ ਰਾਹ ਅਖਤਿਆਰ ਕਰਨ ਦੀ ਪ੍ਰੇਰਣਾ ਦਿੰਦੇ ਰਹਿੰਦੇ ਸਨ।" ਗ਼ਦਰ ਪਾਰਟੀ ਨੇ ਅਕਾਲੀ ਲਹਿਰ ਦਾ ਬਦੇਸ਼ਾਂ ਵਿਚ ਭਰਪੂਰ ਪ੍ਰਚਾਰ ਕੀਤਾ ਅਤੇ ਇਸਨੂੰ ਅੰਤਰਰਾਸ਼ਟਰੀ ਮਹੱਤਵ ਪ੍ਰਦਾਨ ਕੀਤਾ। ਇਸ ਸੰਬੰਧੀ ਗ਼ਦਰ ਪਾਰਟੀ ਦੇ ਪ੍ਰਚਾਰ ਤੋਂ ਸਰਕਾਰ ਭੈਅ-ਭੀਤ ਸੀ ਅਤੇ ਇਸ ਗੱਲ ਦਾ ਖਾਸ ਖਿਆਲ ਰਖਦੀ ਸੀ ਕਿ ਇਸ ਦੁਆਰਾ ਬਦੇਸ਼ਾਂ ਵਿਚ ਛਾਪਿਆ ਗਿਆ ਗ਼ਦਰੀ ਸਾਹਿਤ ਹਿੰਦੁਸਤਾਨ ਵਿਚ ਨਾ ਪਹੁੰਚੇ।ਗ਼ਦਰ ਪਾਰਟੀ ਲਈ ਅਕਾਲੀ ਲਹਿਰ ਪੰਜਾਬ ਦੀ ਕਿਰਸਾਣੀ ਦੀ ਅਸੰਤੁਸ਼ਟਤਾ ਦਾ ਚਿੰਨ੍ਹ ਸੀ ਜਿਸਨੂੰ ਉਸਨੇ ਸਾਮਰਾਜ-ਵਿਰੋਧਤਾ ਦੇ ਵਡੇਰੇ ਉਦੇਸ਼ ਦੀ ਪੂਰਤੀ ਲਈ ਵਰਤਣ ਦਾ ਭਰਪੂਰ ਯਤਨ ਕੀਤਾ।

ਅਕਾਲੀ ਲਹਿਰ ਇਕ ਸ਼ਾਂਤਮਈ ਲਹਿਰ ਸੀ ਜਿਸ ਉਪਰ ਫਰੰਗੀ ਸਰਕਾਰ ਲੋਹੜੇ ਦਾ ਦਮਨ ਕਰਦੀ ਸੀ। ਇਸ ਦੇ ਪ੍ਰਤੀਕਰਮ ਵਜੋਂ ਦੁਆਬੇ ਵਿਚ ਬੱਬਰ ਅਕਾਲੀ ਲਹਿਰ ਉਤਪੰਨ ਹੋਈ ਤਾਂ ਗ਼ਦਰੀਆਂ ਨੇ ਸਾਮਰਾਜੀ ਵਿਰੋਧ ਦੀ ਜੁਝਾਰੂ ਪਹੁੰਚ ਅਧੀਨ ਇਸਦੀ ਵੀ ਹਮਾਇਤ ਕੀਤੀ। ਕਰਮ ਸਿੰਘ ਝਿੰਗੜ ਤੇ ਕਰਮ ਸਿੰਘ ਦੌਲਤਪੁਰ ਵਰਗੇ ਪ੍ਰਮੁਖ ਬੱਬਰ ਅਕਾਲੀ ਦੇਸ਼ ਪਰਤੇ ਪਰਵਾਸੀ ਅਥਵਾ ਗ਼ਦਰੀ ਸਨ। ਉਹਨਾਂ ਨੂੰ ਨਾਮਿਲਵਰਤਣ ਦੀ ਮੁਹਿੰਮ ਜਾਂ ਚੁੱਪ-ਚੁਪੀਤਿਆਂ ਅੰਗਰੇਜ਼ੀ ਸਰਕਾਰ ਦਾ ਦਮਨ ਬਰਦਾਸ਼ਤ ਕਰੀ ਜਾਣ ਦੀ ਗੱਲ ਜਚਦੀ ਨਹੀਂ ਸੀ। ਇਸ ਲਈ ਉਹਨਾਂ ਹਥਿਆਰ ਪ੍ਰਾਪਤ ਕਰਕੇ ਆਤੰਕਵਾਦੀ ਤਰੀਕੇ ਅਪਨਾਉਣ ਦਾ ਯਤਨ ਕੀਤਾ। ਬਾਬਾ ਭਾਗ ਸਿੰਘ ਕਨੇਡੀਅਨ ਦੇ ਬਿਆਨ ਅਨੁਸਾਰ ਉਹਨਾਂ ਨੇ ਹਥਿਆਰ ਪ੍ਰਾਪਤ ਕਰਨ ਵਿਚ ਬੱਬਰ ਅਕਾਲੀਆਂ ਦੀ ਮਦਦ ਕੀਤੀ ਅਤੇ ਬੱਬਰ ਅਕਾਲੀ ਆਗੂ ਕਿਸ਼ਨ ਸਿੰਘ ਬੜਿੰਗ ਨੂੰ 1923 ਵਿਚ ਤਿੰਨ ਰਫਲਾਂ ਦੀਆਂ ਨਾਲੀਆ ਤੇ ਬਹੁਤ ਸਾਰੇ ਕਾਰਤੂਸਾਂ ਦੇ ਬਦਲੇ ਪਸ਼ੌਰ,ਲੰਡੀ ਕੋਤਲ ਇਲਾਕੇ ਦੇ ਪਠਾਣਾਂ ਕੋਲੋਂ ਅੱਠ ਪਸਤੌਲ ਲਿਆ ਕੇ ਦਿੱਤੇ ਸਨ।[12]

ਬੱਬਰ ਲਹਿਰ ਦਾ ਆਸ਼ਾ ਦੇਸ਼ ਭਗਤਾਂ ਦੇ ਵਿਰੁੱਧ ਗਵਾਹੀਆਂ ਦੇਣ ਵਾਲਿਆ ਤੇ ਝੋਲੀ-ਚੁੱਕਾਂ ਦਾ ਸਫਾਇਆ ਕਰਨਾ ਸੀ। ਬੱਬਰਾਂ ਨੇ ਦੁਆਬੇ ਦੇ ਝੋਲੀ-ਚੁੱਕਾਂ ਅਤੇ ਸਰਕਾਰੀ ਗਵਾਹਾਂ ਦਾ ਸਫਾਇਆ ਕੀਤਾ ਅਤੇ ਏਨੀ ਦਹਿਸ਼ਤ ਫੈਲਾਈ ਕਿ ਕੁਝ ਸਮੇਂ ਲਈ ਇਸ ਇਲਾਕੇ 'ਚੋਂ ਫਰੰਗੀ ਸਰਕਾਰ ਦੇ ਪੈਰ ਉਖੜੇ ਰਹੇ। ਬੜੀ ਮੁਸ਼ਕਲ ਨਾਲ ਸਾਰੇ ਇਲਾਕੇ ਨੂੰ ਫੌਜ ਦੇ ਹਵਾਲੇ ਕਰਨ ਪਿੱਛੋਂ ਸਰਕਾਰ ਆਪਣਾ ਕੰਟਰੋਲ ਮੁੜ ਸਥਾਪਤ ਕਰ ਸਕੀ। ਇਹਨਾਂ ਬੱਬਰ ਸੂਰਬੀਰਾਂ ਦੇ ਆਤੰਕਵਾਦੀ ਤਰੀਕੇ ਅੰਤਮ ਰੂਪ ਵਿਚ ਉਸੇ ਤਰ੍ਹਾਂ ਨਾਕਾਮ ਰਹੇ ਜਿਸ ਤਰ੍ਹਾਂ ਵਿਸ਼ਾਲ ਜਨਤਕ ਆਧਾਰ ਨਾ ਸਿਰਜ ਸਕਣ ਕਾਰਨ ਗ਼ਦਰ ਦੀ ਸਕੀਮ ਨਾਕਾਮ ਹੋਈ ਸੀ। ਇਸ ਲਈ ਮੁਕਾਬਲਤਨ ਵਧੇਰੇ ਸੂਝਵਾਨ ਗ਼ਦਰੀ ਵਰਕਾਰ,ਜੋ ਉਸ ਸਮੇਂ ਜਿਹਲਾਂ ਤੋਂ ਬਾਹਰ ਸਨ, "ਅੰਗਰੇਜ਼ੀ ਰਾਜ ਨੂੰ ਖਤਮ ਕਰਨ ਲਈ ਸਿਧਾਂਤਕ ਤੌਰ 'ਤੇ ਜਨਤਕ ਅੰਦੋਲਨ ਦੇ ਹਾਮੀ ਸਨ ਅਤੇ ਬੱਬਰ ਅਕਾਲੀ ਲਹਿਰ ਨਾਲ ਸਿੱਧੇ ਰੂਪ ਵਿਚ ਸੰਬੰਧਤ ਨਹੀਂ ਸਨ। ਪਰ ਜਦੋਂ ਬੱਬਰ ਦੇਸ਼ ਦੇ ਗ਼ਦਾਰਾਂ ਤੇ ਝੋਲੀ ਚੁੱਕਾਂ ਨੂੰ ਸੋਧਦੇ ਸਨ ਤਾਂ ਗ਼ਦਰੀਆਂ ਨੂੰ ਅਚੇਤ ਹੀ ਖੁਸ਼ੀ ਹੁੰਦੀ ਸੀ।"[13] ਅਮਰੀਕਾ ਵਿਚਲੇ ਗ਼ਦਰੀ ਆਗੂਆਂ ਨੇ ਵੀ ਬੱਬਰਾਂ



ਦੀ ਕੁਰਬਾਨੀ ਨੂੰ ਬਹੁਤ ਪ੍ਰਸ਼ੰਸਾ ਦੀ ਨਿਗਾਹ ਨਾਲ ਵੇਖਿਆ ਅਤੇ ਉਹਨਾਂ ਦੇ ਮੁਕੱਦਮੇ ਲੜਨ ਤੇ ਗਰਿਫਤਾਰ ਹੋਇਆਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਰੁਪਈਆ ਭੇਜਿਆ। ਕਰਮ ਸਿੰਘ ਚੀਮਾ,ਭਾਗ ਸਿੰਘ ਕਨੇਡੀਅਨ ਤੇ ਪਿਆਰਾ ਸਿੰਘ ਲੰਗੇਰੀ ਨੇ ਅਪੀਲ ਤਕ ਬੱਬਰਾਂ ਦਾ ਮੁਕੱਦਮਾ ਲੜਿਆ ਅਤੇ ਉਹਨਾਂ ਦੇ ਪਰਿਵਾਰਾਂ ਦੀ ਸਹਾਇਤਾ ਕੀਤੀ। ਇਸ ਪ੍ਰਕਾਰ ਅਕਾਲੀ ਲਹਿਰ ਜਿਸ ਵੀ ਰੂਪ ਵਿਚ ਆਈ ਉਸ ਵਿਚ ਗ਼ਦਰੀਆਂ ਦੀ ਹਿੱਸੇਦਾਰੀ ਪ੍ਰਤੱਖ ਸੀ।

1921 ਵਿਚ ਬਾਬਾ ਭਾਗ ਸਿੰਘ ਕਨੇਡੀਅਨ ਨੇ ਜਲੰਧਰ ਵਿਚ ਦੇਸ਼ ਸੇਵਕ ਏਜੰਸੀ ਨਾਉਂ ਹੇਠ ਪੁਸਤਕਾਂ ਦੀ ਦੁਕਾਨ ਖੋਲ੍ਹੀ,ਫਿਰ ਕਿਰਪਾਨਾਂ ਦਾ ਕੰਮ ਆਰੰਭਿਆ ਅਤੇ ਖੱਡੀਆਂ ਵੀ ਲਾਈਆਂ। ਪਰ ਦੁਕਾਨ ਅਸਲ ਵਿਚ ਦੁਕਾਨ ਨਹੀਂ ਸੀ, ਇਹ ਗ਼ਦਰੀਆਂ ਦੇ ਜੁੜਨ ਵਾਸਤੇ ਇਕ ਅੱਡਾ ਸੀ। ਮਗਰੋਂ ਕਰਮ ਸਿੰਘ ਚੀਮਾ ਤੇ ਭਾਗ ਸਿੰਘ ਕਨੇਡੀਅਨ ਦੇ ਸਾਂਝੇ ਪ੍ਰਬੰਧ ਹੇਠ ਹਫਤੇ ਵਿਚ ਦੋ ਵਾਰ ਪ੍ਰਕਾਸ਼ਤ ਹੋਣ ਵਾਲਾ 'ਦੇਸ਼ ਸੇਵਕ' ਨਾਂਅ ਦਾ ਅਖਬਾਰ ਜਾਰੀ ਕੀਤਾ ਗਿਆ ਜੋ ਵਧੇਰੇ ਕਰਕੇ ਦੁਆਬੇ ਦੇ ਰਾਜਸੀ ਘੋਲਾਂ ਅਤੇ ਇਨਕਲਾਬੀਆਂ ਲਈ ਉਤਸ਼ਾਹ ਦਾ ਸੋਮਾ ਸੀ। ਗ਼ਦਰੀਆਂ ਨੇ 1922 ਵਿਚ ਪਿਆਰਾ ਸਿੰਘ ਲੰਗੇਰੀ ਦੀ ਪ੍ਰਧਾਨਗੀ ਵਿਚ ਕਨੇਡੀਅਨ ਅਮਰੀਕਨ ਇਮੀਗਰਾਂਟ ਸੁਸਾਇਟੀ ਦੀ ਸਥਾਪਨਾ ਕੀਤੀ,'ਜਿਸ ਦਾ ਉਦੇਸ਼ 1915 ਦੀਆਂ ਸਰਗਰਮੀਆਂ ਨੂੰ ਜੀਵਤ ਕਰਨਾ ਤੇ ਇਨਕਲਾਬੀ ਕਾਰਜ ਨੂੰ ਮੁੜ ਆਰੰਭਣਾ ਸੀ'।[14] ਇਹ ਸੁਸਾਇਟੀ ਕਿਉਂਕਿ ਨਿਰੋਲ ਗ਼ਦਰੀ ਦੇਸ਼ ਭਗਤਾਂ ਉਪਰ ਆਧਾਰਤ ਸੀ ਅਤੇ ਗ਼ਦਰ ਦੀ ਕੋਸ਼ਸ਼ ਦੇ ਨਾਕਾਮ ਰਹਿ ਜਾਣ ਪਿੱਛੋਂ ਉਹਨਾਂ ਦਾ ਪਹਿਲਾ ਸੰਗਠਨ ਸੀ,ਇਸ ਲਈ ਇਸ ਨੇ ਬਰਤਾਨਵੀ ਸਰਕਾਰ ਦਾ ਉਚੇਚਾ ਧਿਆਨ ਖਿੱਚਿਆ। ਸਿੱਖ ਵਸੋਂ ਵਿਚ ਵਿਆਪਕ ਬੇਚੈਨੀ ਦੇ ਪਿਛੋਕੜ ਵਿਚ ਫਰੰਗੀ ਸਰਕਾਰ ਵੱਲੋਂ ਅਜਿਹੇ ਸੰਗਠਨ ਦੀ ਕਾਇਮੀ ਨੂੰ ਖਤਰੇ ਦੀ ਘੰਟੀ ਖਿਆਲ ਕਰਨਾ ਸੁਭਾਵਕ ਹੀ ਸੀ। ਪੰਜਾਬ ਦੀਆਂ ਰਿਆਸਤਾਂ ਦੀ ਪੰਦਰਵਾੜਾ ਰਿਪੋਰਟ ਵਿਚ ਨੋਟ ਕੀਤਾ ਗਿਆ ਕਿ "ਅਕਾਲੀਆਂ ਨੇ ਕੰਮ ਢੰਗ ਦਾ ਪਹਿਲਾ ਰੂਪ ਤਿਆਗਣ ਅਤੇ ਅਨਾਰਕਿਸਟਾਂ ਤੇ ਇਨਕਲਾਬੀਆਂ ਵਾਲੇ ਢੰਗ ਗ੍ਰਹਿਣ ਕਰਨ ਦਾ ਨਿਰਣਾ ਕੀਤਾ ਹੈ। ਭਾਵੇਂ ਨਿਸਚਤ ਰੂਪ ਵਿਚ ਜਾਣਕਾਰੀ ਤਾਂ ਅਜੇ ਨਹੀਂ ਮਿਲੀ ਪਰ ਇਹ ਕਿਹਾ ਜਾਂਦਾ ਹੈ ਕਿ ਉਹ ਬੰਗਾਲੀ ਅਨਾਰਕਿਸਟਾਂ ਅਤੇ ਬਦੇਸ਼ਾਂ ਵਿਚ ਵਸਦੇ ਇਨਕਲਾਬੀ ਵਿਚਾਰ ਰੱਖਣ ਵਾਲੇ ਲੋਕਾਂ ਨਾਲ ਮੇਲ-ਜੋਲ ਕਰ ਰਹੇ ਹਨ। ਜਲੰਧਰ ਦੁਆਬਾ ਵਿਚ ਅਮਰੀਕਨ ਕਨੇਡੀਅਨ ਐਮੀਗਰਾਂਟ ਨਾਉਂ ਦੀ ਸੁਸਾਇਟੀ ਬਣਾਈ ਹੈ ਅਤੇ ਜੋ, ਦੱਸਿਆ ਜਾਂਦਾ ਹੈ, ਕਿ ਸਾਨਫਰਾਂਸਿਸਕੋ ਵਿਚਲੇ ਕੇਂਦਰੀ ਸੰਗਠਨ ਦੀ ਬਰਾਂਚ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਇਹ ਆਦਮੀ ਬੰਬ ਚਲਾਉਣਾ ਤੇ ਹਥਿਆਰਾਂ ਦੀ ਵਰਤੋਂ ਕਰਨਾ ਜਾਣਦੇ ਹਨ"।[15] ਇਸ ਤਰ੍ਹਾਂ ਸਪਸ਼ਟ ਹੈ ਕਿ ਸ਼ਾਂਤਮਈ ਢੰਗਾਂ ਤੋਂ ਉਪਰਾਮਤਾ ਦੇ ਫਲ ਸਰੂਪ ਅਹਿੰਸਾ ਵੱਲ ਪਰਤਣ ਦੇ ਰੁਝਾਨ ਵਾਸਤੇ ਫਰੰਗੀ ਸਰਕਾਰ ਵੱਲੋਂ ਗ਼ਦਰੀਆਂ ਨੂੰ ਜ਼ਿੰਮੇਵਾਰ ਖਿਆਲ ਕੀਤਾ ਜਾਂਦਾ ਸੀ। ਅਮਰੀਕਨ ਕਨੇਡੀਅਨ ਸੁਸਾਇਟੀ ਦੀ ਸਥਾਪਨਾ ਨੂੰ ਵੀ ਇਸੇ ਦ੍ਰਿਸ਼ਟੀ ਤੋਂ ਵੇਖਿਆ ਗਿਆ।

ਇਸ ਸੁਸਾਇਟੀ ਨੇ ਹੀ ਰੋਜ਼ਾਨਾ "ਪਰਦੇਸੀ ਖਾਲਸਾ" ਅਖਬਾਰ ਕੱਢਣ ਦੀ ਯੋਜਨਾ ਬਣਾਈ। ਇਸ ਸਮੇਂ ਕੌਮੀ ਲਹਿਰ ਦੀ ਪ੍ਰਤੀਨਿਧਤਾ ਕਰਨ ਵਾਲਾ "ਅਕਾਲੀ" ਅਖਬਾਰ ਪ੍ਰਕਾਸ਼ਤ ਹੋ ਰਿਹਾ ਸੀ। ਪਰ ਇਸ ਅਖਬਾਰ ਉਪਰ,ਇਸਦੇ ਸੰਪਾਦਕਾਂ ਤੇ ਪ੍ਰਬੰਧਕਾਂ ਉਪਰ ਹਮੇਸ਼ਾ ਮੁਕੱਦਮੇ ਬਣੇ ਰਹਿੰਦੇ ਸਨ ਜਿਸ ਕਾਰਨ ਕਿਸੇ ਵੀ ਸਮੇਂ ਇਸਦੇ ਬੰਦ ਹੋ ਜਾਣ ਦਾ ਤੌਖਲਾ ਸੀ। ਇਸ ਲਈ 'ਪਰਦੇਸੀ ਖਾਲਸਾ' ਜਾਰੀ ਕਰਨ ਪਿੱਛੇ ਇਹ ਵੀ ਭਾਵਨਾ ਕਾਰਜਸ਼ੀਲ ਸੀ ਕਿ ਕੌਮੀ ਲਹਿਰ ਨੂੰ ਕਿਸੇ ਸਮੇਂ ਅਖਬਾਰ ਦੀ ਅਣਹੋਂਦ ਮਹਿਸੂਸ ਨਾ ਹੋਵੇ। ਪਰ ਇਸ ਤੋਂ ਵੀ ਵੱਧ "ਇਸਦਾ ਉਦੇਸ਼ ਉਹਨਾਂ ਪੰਜਾਬੀਆਂ ਦੇ ਹਿਤਾਂ ਦੀ ਰਾਖੀ ਕਰਨਾ ਸੀ ਜੋ ਪਰਦੇਸਾਂ ਵਿਚ ਵਸ ਰਹੇ ਹਨ"।[16] ਪਰਵਾਸੀ ਪੰਜਾਬੀਆਂ ਦੇ ਹਿਤਾਂ ਤੋਂ ਮੁਰਾਦ ਵਾਸਤਵ ਵਿਚ ਗ਼ਦਰ ਪਾਰਟੀ ਤੇ ਉਸਦੇ ਆਦਰਸ਼ਾਂ ਦੀ

ਪੂਰਤੀ ਸੀ।

ਇਹ ਅਖਬਾਰ ਕੱਢਣ ਲਈ ਕੈਨੇਡਾ ਤੋਂ ਕਾਫੀ ਮਾਤਰਾ ਵਿਚ ਧਨ ਪ੍ਰਾਪਤ ਹੋਇਆ। ਅਖਬਾਰ ਜਾਰੀ ਕਰਨ ਦੀ ਯੋਜਨਾ ਦੇ ਸੰਬੰਧ ਵਿਚ ਪਿਆਰਾ ਸਿੰਘ ਲੰਗੇਰੀ ਵੱਲੋਂ ਗ਼ਦਰ ਪਾਰਟੀ ਦੇ ਸਮਰਥਕਾਂ ਨੂੰ ਲਿਖੀ ਚਿੱਠੀ ਦੇ ਹੁੰਗਾਰੇ ਵਜੋਂ ਵੈਨਕੂਵਰ ਵਿਚ ਕੈਨੇਡੀਅਨ ਅਮਰੀਕਨ ਪ੍ਰੈੱਸ ਸੁਸਾਇਟੀ ਰਾਹੀਂ ਫੰਡ ਦੀ ਉਗਰਾਹੀ ਕਰਕੇ ਦੇਸ਼ ਨੂੰ ਭੇਜੀ ਗਈ। 'ਪਰਦੇਸੀ ਖਾਲਸਾ' ਅਖਬਾਰ 13 ਫਰਵਰੀ 1922 ਤੋਂ ਪ੍ਰਕਾਸ਼ਤ ਹੋਣਾ ਸ਼ੁਰੂ ਹੋਇਆ। ਮਾਸਟਰ ਤਾਰਾ ਸਿੰਘ ਨੂੰ ਖਾਲਸਾ ਹਾਈ ਸਕੂਲ ਲਾਇਲਪੁਰ ਵਿਚ ਹੈਡਮਾਸਟਰ ਦੇ ਪਦ ਤੋਂ ਤਿਆਗਪੱਤਰ ਦੁਆਕੇ ਇਸ ਅਖਬਾਰ ਦੇ ਸੰਪਾਦਕ ਵਜੋਂ ਲਿਆਂਦਾ ਗਿਆ। ਇਸ ਅਖਬਾਰ ਦੀ ਇਹ ਵਿਸ਼ੇਸ਼ਤਾ ਰਹੀ ਕਿ ਇਹ ਅਮਰੀਕਾ,ਕੈਨੇਡਾ,ਚੀਨ,ਮਲਾਇਆ,ਆਸਟਰੇਲੀਆ ਤੇ ਦੂਜੇ ਦੇਸ਼ਾਂ ਤੋਂ ਇਨਕਲਾਬੀ ਅਤੇ ਦੇਸ਼ ਭਗਤੀ ਦੀਆਂ ਖਬਰਾਂ ਨੂੰ ਉਚੇਚ ਨਾਲ ਹਾਸਲ ਕਰਕੇ ਪ੍ਰਕਾਸ਼ਤ ਕਰਦਾ ਸੀ। ਮਗਰੋਂ 'ਅਕਾਲੀ' ਅਤੇ 'ਪਰਦੇਸੀ ਖਾਲਸਾ' ਨੂੰ ਮਿਲਾਕੇ 'ਅਕਾਲੀ ਤੇ ਪਰਦੇਸੀ' ਨਾਉਂ ਦਾ ਅਖਬਾਰ ਛਪਦਾ ਰਿਹਾ, ਜਿਸ ਲਈ ਫੰਡ ਮੁਹਈਆ ਕਰਨ ਦੀ ਜਿੰਮੇਵਾਰੀ ਮੁਖ ਰੂਪ ਵਿਚ ਗ਼ਦਰੀ ਹੀ ਨਿਭਾਉਂਦੇ ਸਨ। ਅਕਾਲੀ ਲਹਿਰ ਦਾ ਅੰਗਰੇਜ਼ੀ ਵਿਚ ਪਰਚਾਰ ਕਰਨ ਲਈ ਮੰਗਲ ਸਿੰਘ ਦੀ ਸੰਪਾਦਨਾ ਅਧੀਨ ਜਾਰੀ ਕੀਤੇ ਗਏ ਅੰਗਰੇਜ਼ੀ ਅਖਬਾਰ 'ਹਿੰਦਸਤਾਨ ਟਾਈਮਜ਼' ਵਾਸਤੇ ਵੀ ਫੰਡਾਂ ਦੇ ਵੱਡੇ ਹਿੱਸੇ ਦਾ ਪ੍ਰਬੰਧ ਪਰਵਾਸੀ ਪੰਜਾਬੀਆਂ ਅਥਵਾ ਗ਼ਦਰੀਆਂ ਨੇ ਹੀ ਕੀਤਾ ਸੀ।

1. "We are really not in a position to answer it without consulting Punjab....There are many members of the Ghadar Party in the Punjab who have only been kept quiet by somewhat strict measures when Sir Michael O'Dwyer was Lieutenant Governor and they are showing their hands now,since the administration of the Punjab has been more lenient". Home Political 1920 Poll-Dec.-I-Deposit

2. "The Sikhs speaking generally are a brave people and constiute a sturdy peasantry,but they are impulsive and prone to violence. These tendencies have shown themselfves in two directions which may be classified roughly as the political and the religious.....On the political side the agricultural sikh being usually a prosperous yeoman has no innate tendencies towards change,but the urban sikh contain members who have radical leanings of the times,and there are a numbers of sikhs who have returned from work in the colonies and these,more especially those who have returned from the Pacific Slope,have been infected with revolutionary and even anarchic ideas. An attempt at revolution by these latter was suppressed in 1915,but there are still a number of these men at large and there are extremist sikhs who look openly for the removal of the present Government.....After the suppression of the socalled Ghadar consipracies in 1915 there had been a lull in sikh political activities but with the close of the war and discussion of the Reform schemes these activities revived." Note on Sikh question in Punjab 1919-1922 . E.D.Maclagan,Governor Punjab 7.5.1922
3. bwbw krm isMG clmw dw ibAwn
4. bwbw Bwg isMG knyflAn dw ibAwn
5. He (Santokh Singh) was in touch with Sikh exremists in the Punjab and in April 1921 received a letter jointly addressed by Harchand Singh of Lyallpur, Tara Singh and Sunder Singh,which stated that people (in the Punjab)were awakening and that a number of men were 'on hand ready to start anything at any time". Note on Santokh Singh. Home Political,File No.262/11 1923



6. Eleven persons left Vancouver for India ."They leave Canada in the role of crusaders and having chosen to renounce all their earthly possession in Dominion in order that they may be in India to direct an attack against alleged misrule". Report in Vancouver Morning Sun, July 22,1924 with photo of the Jatha on first page.. Home Political File No. I/XI 1924
7. "I have had opportunities of discussing present conditions in India with a large number of Hindus in this province - many of them have recently been over on a visit - and numbers of them have frankly admitted to me that it is intended in the near future to drive every white man out of power in India". Letter of the Editor of 'The Traveller' Vancouver to the Viceroy of India,23rd July 1922. Home Political File No. I/XI 1924
8. "The greatest danger from the Akali movement lies in its appeal to the returned emigrants,who,though outwardly,quiescent during the years which have follwed the Ghadar campaign, remain indubitably a source of danger to the peaceful development of self Government". Note on the Akali Movement .Pare 5,Page 4 Home Political File No. 459-11-1922
9. "A significant commentary on its religious character is the readiness with which the returned emigrants have joined the Akali Dal. Few of these men ever had any pretensions to religious excellence,and undoubtedly what attracts them is the opportunity to repeat the events of 1915.. .In the Jullundur district,where the returned emigrants are more numerous,they are said to be life and soul of the Akali movement;the Doaba Jatha is in fact controlled by notorious Ghadarite. During the past few months emigrants have been returning from America and the far east in large numbers,doubtlessly attractd by the sensational news which have been reaching them from India. auhl,pYrw 43,pMnw 26
10 ."In Jullundur and Ludhiana districts,where returned emigrants are more numerous and more imbued with revolutionary ideas than in any other part of the Punjab, no less than 104 Akalis out of 1588 are of this class.Some of them are men of desparate character who in 1915 -16 were interned or imprisoned for their Ghadr sympathies or activities,while a considerable portion of them were restricted to their villages for varying periods" auhl,pYrw 32,pMnw 19
11. ਅਕਾਲੀ ਮੋਰਚਿਆਂ ਦਾ ਇਤਿਹਾਸ, ਸੋਹਨ ਸਿੰਘ ਜੋਸ਼,ਪੰਨਾ 377(4)ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
12. ਬਾਬਾ ਭਾਗ ਸਿੰਘ ਕਨੇਡੀਅਨ ਦਾ ਬਿਆਨ
13. ਉਹੀ
14. Papers regarding American-Canadian Society at Jullundur. Home Political- 1922, File No.838
15 ."It is,however,reported from Kapurthala that Akalis have decided to abandon their present method of work and adopt the creed of the anarchists and revolutionaries. Definite information is,at present,lacking,but it is stated that they are going tnto correspondence with Bengal anarchists and persons of revolutionary views residing in foreign countries. A society by the name of 'American Canadian Emigrant's Society' is reported to have been formed in the Jullundur Doab,which is said to be the branch of a central organisation in San Francisco. It is stated that these men know how to use bombs and use firearms." Fortnightly report on the political situation in Punjab States. 10th May,1922
16. Home Political- 1922, File No.838

# ‘ਗੁੱਝੇ ਅਰਥਾਂ ਦੀ ਤਲਾਸ਼’ ਦਾ ਦਹਾਕਾ

## ਚਮਨ ਲਾਲ

ਸੱਤਰਵਿਆਂ ਦਾ ਦਹਾਕਾ ਲੰਘ ਗਿਆ ਹੈ ਅਤੇ ਅੱਸੀਵਿਆਂ ਦਾ ਦਹਾਕਾ ਅੱਜ ਸ਼ੁਰੂ ਹੋ ਗਿਐ। ਮੇਰੀ ਜ਼ਿੰਦਗੀ ਲਈ ਇਹ ਗੁਜ਼ਰਿਆ ਦਹਾਕਾ ਬੇਹੱਦ ਮਹੱਤਵਪੂਰਨ ਹੈ। ਇਸ ਇਕ ਦਹਾਕੇ ਅੰਦਰ ਆਪਣੀ ਚੇਤਨਾ ਅੰਦਰ ਮੈਂ ਏਨੀਆਂ ਮੰਜ਼ਲਾਂ ਪਾਰ ਕੀਤੀਆਂ ਤੇ ਨਾਲ ਹੀ ਏਨੀਆਂ ਘਟਨਾਵਾਂ ਜਿਓਈਐਂ ਕਿ ਇਹ ‘ਗੁੱਝੇ ਅਰਥਾਂ ਦੀ ਤਲਾਸ਼’ ਦੀ ਉਮਰ ਤਾਂ ਰਹੀ ਹੀ ਏ, ਨਾਲ ਹੀ ਥੋੜ੍ਹਾ ਹੀ ਸਹੀ, ਪਰ ਕੁਝ ਪਲ ‘ਬੁੱਝੇ ਅਰਥਾਂ ਦੇ ਵਿਲਾਸ’ ਦੇ ਵੀ ਲੰਘੇ ਹਨ।

ਸਦੀ ਦੇ ਉਨਹੱਤਰਵੇਂ ਵਰ੍ਹੇ ਵਿਚ ਮੇਰੀ ਚੇਤਨਾ ਵਿਚ ਹਿਲਜੁਲ ਹੋਣੀ ਸ਼ੁਰੂ ਹੋ ਗਈ ਸੀ ਤੇ ਉਸਦੇ ਸਿੱਟੇ ਵਜੋਂ ਸਮਾਜੀ ਹਿਲਜੁਲ ਵਿਚ ਮੇਰੀ ਹਿਲਜੁਲ ਵੀ ਸ਼ਾਮਲ ਹੋ ਗਈ ਸੀ। ‘ਬੇਰੁਜ਼ਗਾਰ ਅਧਿਆਪਕ ਯੂਨੀਅਨ’ ਨੂੰ ਜੱਥੇਬੰਦ ਕਰਨਾ ਇਸ ਚੇਤਨਾ ਦਾ ਪਹਿਲਾ ਪੜਾਅ ਸੀ ਪਰ ਬਣ ਚੁੱਕੀ ਚੇਤਨਾ ਤੇ ਬਣ ਰਹੀ ਚੇਤਨਾ ਦਾ ਅੰਤਰ-ਵਿਰੋਧ ਬੜਾ ਤਿੱਖਾ ਰਹਿੰਦਾ ਰਿਹੈ ਤੇ ਹੁਣ ਵੀ ਹੈ। ਜੂਨ-ਜੁਲਾਈ-ਅਗਸਤ ਤਿੰਨ ਮਹੀਨਿਆਂ ਅੰਦਰ ਹੀ ਮੈਂ ਯੂਨੀਅਨ ਦੇ ਦਿਨ-ਰਾਤ ਦੇ ਕੰਮ ਤੋਂ ਅੱਕ ਗਿਆ ਸਾਂ ਤੇ ਅਕਤੂਬਰ ਦੇ ਅੰਤ ਤਕ ਅਸਤੀਫਾ ਦੇ ਦਿੱਤਾ ਸੀ।

ਸੱਤਰਵਾਂ ਦਹਾਕਾ ਸ਼ੁਰੂ ਹੁੰਦਿਆਂ ਮੈਂ ਟੀਚਰਜ਼ ਯੂਨੀਅਨ ਵਿਚ ਸਰਗਰਮ ਤਾਂ ਸਾਂ ਪਰ ਨਾਲ ਹੀ ਪੂਹਲੇ ਸਕੂਲ ਵਿਚ ਆਪਣੇ ਨਿੱਜ ਨਾਲ ਵੀ ਘੁਲ ਰਿਹਾ ਸਾਂ। ਏਸ ਦੌਰਾਨ ਐੱਮ. ਏ. ਹਿੰਦੀ ਦੀ ਤਿਆਰੀ ਵੀ ਸ਼ੁਰੂ ਕੀਤੀ ਸੀ ਤੇ ਨਾਲ ਹੀ ਇਸ਼ਕ ਦੇ ਜਜ਼ਬਿਆਂ ਦੇ ਉਲਟੇਵੇਂ-ਪਲਟੇਵੇਂ ਵੀ ਨਾਲ ਹੀ ਚੱਲ ਰਹੇ ਸਨ। ਪੂਹਲੇ ਪਿੰਡ ਹੀ ਮੈਂ ਰਹਿੰਦਾ ਸਾਂ ਤੇ ਪਿੰਡ ’ਚ ਘੜੰਮ ਚੌਧਰੀਆਂ ਦੀ ਅੱਖ ਨੂੰ ਰੜਕਦਾ ਵੀ ਸਾਂ। ਰਾਮਪੁਰੇ ਮਨੋਹਰ-ਯਸ਼ ਦੇ ਟੱਬਰ ਨਾਲ ਵਾਹ ਵਾਹ ਚੰਗੇ ਸੰਬੰਧ ਬਣੇ ਹੋਏ ਸਨ ਤੇ ਮਾਸਟਰ ਆਦਿ ਮੇਰੇ ਕੋਲ ਗੇੜਾ ਵੀ ਮਾਰਦੇ ਰਹਿੰਦੇ ਸਨ ਤੇ ਖੁਸ਼ੀ ਨਾਲ ਡਰ ਵੀ ਆਉਂਦਾ ਸੀ।

ਇਹਨੀਂ ਦਿਨੀਂ ਪੂਰਾ ਮਹੀਨਾ ਜੈਤੋ, ਭੂਆ ਦੇ ਘਰ ਰਹਿਣਾ ਪਿਆ ਤੇ ਇਥੇ ਇਕੋ ਇਕ ਰਾਹਤ ਗੁਰਦਿਆਲ ਸਿੰਘ ਨਾਲ ਲਗਪਗ ਹਰ ਰੋਜ਼ ਦਾ ਮੇਲ ਤੇ ਗੱਲਬਾਤ ਸੀ। ਕੋਟਕਪੂਰੇ ਤੋਂ ਮੁੜ ਪੂਹਲੇ ਪਹੁੰਚਦਿਆਂ ਹੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਜਾ ਹਿੰਦੀ ਐੱਮ. ਏ. ਭਾਗ ਦੂਜਾ ਵਿਚ ਦਾਖਲ ਹੋਇਆ ਸਾਂ।

ਪਿਛਲੇ ਚਾਰ-ਪੰਜ ਸਾਲਾਂ ਦੀ ਸਕੂਲ ਦੀ ਨੌਕਰੀ ਤੋਂ ਬਾਅਦ ਇਹ ਜ਼ਿੰਦਗੀ ਦਾ ਪਹਿਲਾ ਮਹੱਤਵਪੂਰਨ ਮੋੜ ਸੀ। ਸਾਹਿਤ ਪੜ੍ਹ ਕੇ ਤੇ ਯੂਨੀਵਰਸਿਟੀ ਦੇ ਦੋਸਤਾਂ ਨੂੰ ਮਿਲ ਕੇ ਯੂਨੀਵਰਸਿਟੀ ਦਾ ਮਨ ਵਿਚ ਅਜਿਹਾ ਰੁਮਾਂਟਿਕ ਨਕਸ਼ਾ ਬਣਿਆ ਹੋਇਆ ਸੀ ਕਿ ਇਕ ਸਾਲ ਗੁਜ਼ਾਰਨ ਦਾ ਮੌਕਾ ਕਿਵੇਂ ਵੀ ਖੁੰਝਾ ਨਹੀਂ ਸਕਦਾ ਸੀ। ਇਸੇ ਸਾਲ ਦੇ ਸ਼ੁਰੂ ਵਿਚ ਛੋਟੀ ਭੈਣ ਨਿਰਮਲ ਦਾ ਵਿਆਹ ਮੇਰੇ ਦੋਸਤ ਮਨੋਹਰ ਨਾਲ ਸਿਰੇ ਚੜ੍ਹ ਗਿਆ ਸੀ, ਸੋ ਪਿਤਾ ਜੀ ਮੈਨੂੰ ਆਰਥਿਕ ਮਦਦ ਕਰਨ ਦੇ ਸਮਰੱਥ ਸਨ।

ਪਹਿਲੀ ਵਾਰ ਕਿਸੇ ਵੱਡੇ ਸ਼ਹਿਰ, ਕਿਸੇ ਕਾਲਿਜ ਜਾਂ ਯੂਨੀਵਰਸਿਟੀ ਵਿਚ ਪੜ੍ਹਨ ਤੇ ਰਹਿਣ ਦਾ ਮੌਕਾ ਮਿਲਿਆ ਸੀ। ਮਨ ਨੂੰ ਬਹੁਤ ਚਾਅ ਸੀ ਅਤੇ ਆਤਮ ਵਿਸ਼ਵਾਸ ਵੀ। ਬੜੀ ਛੇਤੀ ਓਪਰੇਪਨ ਤੋਂ ਮੁਕਤ ਹੋ ਗਿਆ ਸਾਂ। ਕੁਮਾਰ ਵਿਕਲ ਨਾਲ ਦੋਸਤੀ ਹੋ ਗਈ ਸੀ ਤੇ ਕਵਿਤਾ ਲਿਖਣ ਦੇ ਪਹਿਲੇ ਤਜਰਬੇ ਇਹਨੀਂ ਦਿਨੀਂ ਕੀਤੇ। ਡਾ. ਮਹਿੰਦੀਰੱਤਾ ਨਾਲ ਅਜੀਬ ਰਿਸ਼ਤਾ ਸੀ। ਇਸ ਵਿਚ ਮੋਹ ਵੀ ਸੀ ਅਤੇ Patronisation ਵੀ। ਸਾਹਿਤ ਲਈ ਉਤਸ਼ਾਹ-ਵਧਾਊ ਹੱਥ ਵੀ ਸੀ ਤੇ ਪੜ੍ਹਨ ਦੀ ਯੋਗਤਾ ਲਈ ਪ੍ਰਸ਼ੰਸਾ ਵੀ। ਚੰਡੀਗੜ੍ਹ ਦੀ ਮੇਰੀ ਪਹਿਲੀ ਤੇ ਦੂਜੀ ਠਹਿਰ ਦੋਹਾਂ ਦੌਰਾਨ ਡਾ. ਮਹਿੰਦੀਰੱਤਾ ਦੀਆਂ ਯਾਦਾਂ ਸੁਖਾਵੀਆਂ ਹੀ ਹਨ। ਪੰਜਾਬੀ ਲੇਖਕਾਂ ਵਿਚ ਮੋਹਨ ਭੰਡਾਰੀ, ਭੂਸ਼ਨ ਆਦਿ ਨਾਲ ਦੋਸਤਾਨਾਂ ਸੰਬੰਧ ਬਣੇ ਤੇ ਆਪਣੀ ਕਲਾਸ ਵਿਚ ਅੱਛਰਾ ਵਰਮਾ ਦਾ ਸਾਥ ਬੜਾ ਸੁਖਾਵਾਂ ਸੀ। ਸ਼ੇਰ ਸਿੰਘ ਨਾਲ ਵੀ ਚੰਗੇ ਸੰਬੰਧ ਰਹੇ। ਪਰ ਆਪਣੇ ਗਾਈਡ ਡਾ. ਸਰੀਨ ਦੀਆਂ ਯਾਦਾਂ ਸੁਖਾਵੀਆਂ ਨਹੀਂ। ਉਸ ਵੱਲੋਂ ਨਾ ਅਧਿਐਨ ਵਿਚ ਕੋਈ ਰੋਸ਼ਨੀ ਮਿਲੀ, ਨਾ ਨਿੱਜੀ ਸੰਬੰਧਾਂ ਦਾ ਕੋਈ ਨਿੱਘ। ਡਾ. ਮਦਾਨ ਦਾ ਵੀ ਕੋਈ ਵਿਸ਼ੇਸ਼ ਪ੍ਰਭਾਵ ਨਹੀਂ। ਏਸ ਦੌਰਾਨ ਇਕ ਵਾਰ ਸ਼ਿਮਲਾ ਤੇ ਕਸੌਲੀ



ਗਏ। ਆਪਣੀ ਕਲਾਸ ਵਿਚ ਮੈਂ ਕਿਸੇ ਨਾਲ ਵੀ ਬਹੁਤਾ ਖੁੱਲ੍ਹਿਆ ਨਹੀਂ ਤੇ ਕਾਲਿਜ ਯੂਨੀਵਰਸਿਟੀ ਵਿਚ ਪਹਿਲਾਂ ਨਾ ਪੜ੍ਹਨ ਕਾਰਨ ਸ਼ਖਸੀਅਤ ਵਿਚ ਨਾ ਖੁੱਲ੍ਹ ਸਕਣ ਵਾਲਾ ਖੱਪਾ ਉਘੜਦਾ ਰਿਹਾ। ਇਕ ਡਰਾਮੇ ਵਿਚ ਵੀ ਹਿੱਸਾ ਲਿਆ। ਆਪਣੀ ਕਲਾਸਫੈਲੋ ਚੰਚਲ ਸੇਠੀ ਦੇ ਸੰਬੰਧ ਵਿਚ ਸ਼ਾਇਦ ਇਕ ਕਹਾਣੀ ਵੀ ਲਿਖੀ। ਪਰ ਸਭ ਤੋਂ ਵੱਧ ਤਾਂ ‘ਫਰੰਟੀਅਰ’ ਆਦਿ ਪੜ੍ਹਦਾ ਤੇ ਸਾਹਿਤ ਸੰਬੰਧੀ ਮਾਰਕਸਵਾਦੀ ਲਿਖਤਾਂ ਪੜ੍ਹਦਾ ਚੇਤਨਾ ਨੂੰ ਨਿਖਾਰਦਾ ਰਿਹਾ ਤੇ ਇਥੋਂ ਐੱਮ. ਏ. ਪੂਰੀ ਕਰਕੇ ਜਾਂਦਿਆਂ ‘ਲਕੀਰ’ ਵਿਚ ਦੋ ਵਾਰ ਛਪ ਗਿਆ। ਐੱਮ. ਏ. ਦੇ ਨਾਲ ਅਨੁਵਾਦ ਦਾ ਡਿਪਲੋਮਾ ਵੀ ਕੀਤਾ। ਐੱਮ. ਏ. ਦੇ ਪਰਚੇ ਬਹੁਤ ਵਧੀਆ ਹੋਏ ਸਨ ਪਰ ਆਪਣੇ ਹੀ ਇਕ ਟੀਚਰ ਡਾ. ਰਾਜਗੁਰੂ ਨੇ ਇਕ ਪੇਪਰ ਵਿਚ ਸਾਰੀ ਹੀ ਕਲਾਸ ਦੇ ਮਾੜੇ ਨੰਬਰ ਲਾ ਦਿੱਤੇ, ਦਰਸ਼ਨ ਕੁਮਾਰ ਨੂੰ ਛੱਡ ਕੇ। ਸੋ ਨਤੀਜਾ ਆਉਣ ’ਤੇ ਬਹੁਤ ਕੁੜੱਤਣ ਹੋਈ। ਰਾਮਪੁਰੇ ਵਿਖੇ ਮੁੜ ਕੇ ਜਾਂਦਿਆਂ ਹੀ ਬੜੇ ਉਤਸ਼ਾਹ ਨਾਲ ਸਾਹਿਤਕ ਸਰਗਰਮੀ ਸ਼ੁਰੂ ਕੀਤੀ ਤੇ ‘ਪੰਜਾਬੀ ਸਾਹਿਤ ਸਭਾ’ ਦੀ ਸਥਾਪਨਾ ਕੀਤੀ। ਨਾਲ ਹੀ ਸਿਆਸੀ ਪਕਿਆਈ ਵੀ ਵਾਹ-ਵਾਹ ਆਈ। ਸਭ ਤੋਂ ਵੱਧ ਜ਼ਿੰਦਗੀ ਵਿਚ ਪਹਿਲੀ ਵਾਰ ਨਿੱਘੀਆਂ ਤੇ ਸਵਾਦਲੀਆਂ ਦੋਸਤੀਆਂ ਬਣੀਆਂ।

ਦੋਸਤੀਆਂ ਬਣਨ ਤੇ ਪੱਕਣ ਦੇ ਪੱਖੋਂ 1972 ਦਾ ਵਰ੍ਹਾ ਬੇਹੱਦ ਮਹੱਤਵਪੂਰਨ ਹੈ। ਇਸ ਵਰ੍ਹੇ ਉਂਝ ਵੀ ਮੈਂ ਆਪਣੀ ਉਮਰ ਦੇ 25 ਵਰ੍ਹੇ ਪੂਰੇ ਕੀਤੇ। ਇਸ ਸਾਲ ਦੌਰਾਨ ਮੇਘ, ਬੂਟੇ, ਧੀਰ, ਭਜਨ, ਹਰਿੰਦਰ, ਮਹਿੰਦਰ, ਪੁਸ਼ਪਾ, ਪ੍ਰਤਿਭਾ, ਪੁਸ਼ਪਾ-2 ਆਦਿ ਨਾਲ ਬੇਹੱਦ ਵਧੀਆ ਰਿਸ਼ਤੇ ਬਣੇ। ਪਰ ਨਾਲ ਹੀ ਮੇਘ ਨਾਲ ਇਕ ਗ਼ਲਤਫਹਿਮੀ ਕਾਰਨ ਅਜਿਹੀ ਖਿੱਚ ਪਈ ਜਿਹੜੀ ਆਉਣ ਵਾਲੇ ਕਈ ਵਰ੍ਹਿਆਂ ਵਿਚ ਹੀ ਠੀਕ ਹੋ ਸਕੀ। ਇਸ ਦਾ ਕਾਰਨ ਆਦਰਸ਼ਵਾਦੀ ਰਵੱਈਆ ਹੀ ਸੀ। ਇਕ ਰਾਤ ਇਕ ਮੰਜੇ ’ਤੇ ਸੁੱਤਿਆਂ ਉਸ ਤੋਂ ਸੁੱਤਿਆਂ, ਮੇਰੇ ਨਾਲ ਅਜਿਹਾ ਵਰਤਾਰਾ ਹੋ ਗਿਆ, ਜਿਸ ਨੂੰ ਮੈਂ ਉਸ ਵੱਲੋਂ ਪਹਿਲਾਂ ਤਾਂ ਚੇਤਨ ਵਰਤਾਰਾ ਸਮਝਦਾ ਰਿਹਾ ਤੇ ਕਾਫ਼ੀ ਸਖਤੀ ਨਾਲ ਪੇਸ਼ ਆਉਂਦਾ ਰਿਹਾ। ਪਰ ਬਾਅਦ ਵਿਚ ਇਹ ਭੁਲੇਖਾ ਦੂਰ ਹੋਣ ’ਤੇ ਵੀ ਕਈ ਵਰ੍ਹੇ ਪੂਰੀ ਤਰ੍ਹਾਂ ਰੀਲੈਕਸ ਨਹੀਂ ਹੋ ਸਕਿਆ। ਹੁਣ ਸਾਡੇ ਸੰਬੰਧਾਂ ’ਤੇ ਇਸ ਘਟਨਾ ਦਾ ਕੋਈ ਅਸਰ ਨਹੀਂ ਹੈ। ਇਹ ਸੰਬੰਧ ਬੇਹੱਦ ਸੁਖਾਵੇਂ ਹਨ, ਇਸ ਨਾਲ ਮੈਂ ਖੁਸ਼ ਹਾਂ।

‘ਪੰਜਾਬੀ ਸਾਹਿਤ ਸਭਾ’ ਦਾ ਮੈਂ ਪੂਰਾ ਇਕ ਵਰ੍ਹਾ ਸਕੱਤਰ ਰਿਹਾ। ਸ਼ਾਇਦ ਪਹਿਲੀ ਵਾਰ ਕਿਸੇ ਜੱਥੇਬੰਦੀ ਦਾ ਮੈਂ ਵਰ੍ਹਾ ਪੂਰਾ ਲੰਘਾਇਆ। ਇਸ ਦੌਰਾਨ ਪੂਰੇ ਪੰਜਾਬ ਵਿਚ ਮੈਂ ਬਹੁਤ ਘੁੰਮਿਆ-ਫਿਰਿਆ ਤੇ ਪੰਜਾਬੀ ਲੇਖਕਾਂ ਵਿਚਕਾਰ ਕਾਫੀ ਜਾਣਿਆ-ਪਛਾਣਿਆ ਹੋ ਗਿਆ। ਇਸ ਦੌਰਾਨ ਕੁਝ ਕੱਚਾ-ਪਿੱਲਾ ਲਿਖਿਆ ਵੀ। ਅਸਲ ਵਿਚ ਮੇਰੀ ਪਹਿਲੀ ਛਪੀ ਲਿਖਤ ਵੀ 1969 ਵਿਚ ਹੀ ਸਾਹਮਣੇ ਆਈ, ‘ਪ੍ਰੀਤਲੜੀ’ ਵਿਚ ਛਪੇ ਅਨੁਵਾਦ ਦੇ ਰੂਪ ਵਿਚ। ਉਸ ਮਗਰੋਂ ਕਦੀਂ-ਕਦਾਈਂ ਕੋਈ ਅਨੁਵਾਦ, ਚਿੱਠੀ ਜਾਂ ਟਿੱਪਣੀ ਛਪਦੀ ਰਹੀ।

ਇਸ ਦੌਰਾਨ ਪਾਸ਼, ਡਾ. ਦੁਸਾਂਝ ਆਦਿ ਨਾਲ ਚੰਗੇ ਸੰਬੰਧ ਬਣੇ। ਕਈ ਸਮਾਗਮਾਂ ਵਿਚ ਆਪ ਵੀ ਹਿੱਸਾ ਲਿਆ ਤੇ ਰਾਮਪੁਰੇ ਦੋ ਵੱਡੇ ਸਮਾਗਮ ਕਰਵਾਏ ਵੀ। ਅਪਰੈਲ 1973 ਵਿਚ ‘ਕੇਂਦਰੀ ਪੰਜਾਬੀ ਲੇਖਕ ਸਭਾ’ ਦਾ ਸਾਲਾਨਾ ਸਮਾਗਮ ਤੇ ਸਤੰਬਰ 1973 ਵਿਚ ‘ਪੰਜਾਬੀ ਸਾਹਿਤ ਸਭਾ’ ਦਾ ਸਾਲਾਨਾ ਸਮਾਗਮ ਕਰਵਾਇਆ। ਅਪਰੈਲ ਵਾਲੇ ਸਮਾਗਮ ਵਿਚ ਕਾਫੀ ਸਾਰੇ ਨਵੇਂ ਪੰਜਾਬੀ ਲੇਖਕ ਆਏ ਪਰ ਪੁਰਾਣਿਆਂ ਵਿਚੋਂ ਕੋਈ ਨਹੀਂ ਆਇਆ। ਸਤੰਬਰ ਵਿਚ ਸੁਰਜੀਤ ਲੀਅ ਤੋਂ ‘ਸਾਹਿਤ ਤੇ ਸਭਿਆਚਾਰ’ ਪੇਪਰ ਪੜ੍ਹਵਾਇਆ। ਸੁਰਜੀਤ ਨੇ ਸ਼ਾਇਦ ਇਹ ਪਹਿਲਾ ਤੇ ਹੁਣ ਤਕ ਵੀ ਪਹਿਲਾ ਪੇਪਰ ਪੜ੍ਹਿਆ। ਇਸ ਦੌਰਾਨ ਸੁਰਜੀਤ ਨਾਲ ਵੀ ਕਾਫੀ ਨੇੜਲੇ ਸੰਬੰਧ ਬਣ ਗਏ ਸਨ।

ਅਕਤੂਬਰ 1972 ਵਿਚ ਹੀ ਇਕ ਹੋਰ ਘਟਨਾ ਨੇ ਵੀ ਕਾਫੀ ਹਿਲੂਣਿਆ ਸੀ। ਇਹ ਮੋਗੇ ਹੋਇਆ ‘ਹੱਤਿਆ ਕਾਂਡ’ ਸੀ। ਪੁਲਸ ਨੇ ਗੋਲੀ ਚਲਾਈ ਸੀ ਤੇ ਦੋ ਵਿਦਿਆਰਥੀ ਸ਼ਹੀਦ ਹੋ ਗਏ ਸਨ - ਹਰਜੀਤ ਤੇ ਸਵਰਨ। ਇਹਨੀਂ ਦਿਨੀਂ ਇਸ ਦੀ ਰਿਪੋਰਟ ਹਿੰਦੀ ਵਿਚ ‘ਫਿਲਹਾਲ’ ਨੂੰ ਭੇਜੀ ਸੀ ਤੇ ਛਪੀ ਸੀ। ਇਹਨੀਂ ਦਿਨੀਂ ਹੀ ਭਜਨ ਤੇ ਮਹਿੰਦਰ ਦਾ ਵਿਆਹ ਵੀ ਹੋਇਆ ਸੀ ਤੇ ਇਹਨੀਂ ਦਿਨੀਂ ਉਹਨਾਂ ਦੇ ਘਰ ਪਹਿਲੀ ਵਾਰ ਏਨੇ ਚਾਅ ਨਾਲ ਦੀਵਾਲੀ ਵੀ ਮਨਾਈ ਸੀ। ਇਹ ਦਿਨ ਹੀ ਸਭ ਤੋਂ ਤਿੱਖੀਆਂ ਮਾਨਸਿਕ ਘਟਨਾਵਾਂ ਦੇ ਵੀ ਸਨ। ਇਹਨੀਂ ਦਿਨੀਂ ਪਹਿਲੀ ਵਾਰ ਔਰਤ ਨੂੰ ਨੇੜਿਉਂ ਮਹਿਸੂਸਿਆ। ਇਹਨੀਂ ਦਿਨੀਂ ਘਰ ਦੋਸਤ-ਮਿੱਤਰ ਆਉਣ ਕਾਰਨ ਪਿਤਾ ਜੀ ਨਾਲ ਤਕਰਾਰ ਵੀ ਹੋ ਗਿਆ ਸੀ। ਅਗਸਤ

1972 ਤੋਂ ਜਨਵਰੀ 1974 ਤਕ ਦਾ ਸਮਾਂ ਚੇਤੰਨਤਾ ਵਿਚ ਬੜੀ ਤਿੱਖੀ ਹਲਚਲ ਦਾ ਸਮਾਂ ਸੀ।

ਏਸ ਦੌਰਾਨ ਕੁੜੀਆਂ ਨਾਲ ਨੇੜਲੇ ਤੇ ਨਿੱਘੇ ਰਿਸ਼ਤਿਆਂ ਨੂੰ ਵੀ ਪਹਿਲੀ ਵਾਰ ਜ਼ਿੰਦਗੀ ਵਿਚ ਮਾਣਿਆ। ਇਹਨੇ ਕਾਫੀ ਕੁਝ ਮਨ ਦੀ ਬਰਫ਼ ਪੰਘਰਾਈ। ਪਰ ਨਾਲ ਹੀ ਬੜੇ ਸਾਰੇ ਨਵੇਂ ਉਲਝੇਵੇਂ-ਵਲਾਵੇਂ ਵੀ ਪਾ ਦਿੱਤੇ। 'ੳ' ਨਾਲ ਬੜੇ ਨੇੜਲੇ ਸੰਬੰਧ ਬਣੇ ਪਰ ਜਦ ਉਸ ਦੇ ਤੇ 'ਅ' ਦੇ ਵਿਆਹ ਦੀ ਗੱਲ ਚੱਲੀ ਤਾਂ ਮੈਨੂੰ ਕੋਈ ਤਕਲੀਫ ਨਹੀਂ ਹੋਈ। ਤੇ ਜਦ 'ਅ' ਨੇ ਨਾਂਹ ਕੀਤੀ ਤੇ 'ੳ' ਕਾਫੀ ਦੁਖੀ ਸੀ ਤਾਂ ਮੈਂ ਉਸ ਦਾ ਦੁੱਖ ਵੰਡਾਇਆ ਤਾਂ ਸਹੀ ਪਰ ਆਪ ਕੋਈ ਪਹਿਲ ਨਹੀਂ ਕੀਤੀ। ਜਦ 'ੲ' ਨਾਲ ਉਸ ਦਾ ਵਿਆਹ 20 ਜਨਵਰੀ 1974 ਨੂੰ ਹੋ ਗਿਆ ਤਾਂ ਕੁਝ ਉਦਾਸੀ ਤਾਂ ਜ਼ਰੂਰ ਹੋਈ ਪਰ ਏਦੂੰ ਵੱਧ ਤਕਲੀਫ ਉਸ ਵੇਲੇ ਨਹੀਂ ਹੋਈ।

ਜਨਵਰੀ '74 ਦੇ ਸ਼ੁਰੂ ਹੁੰਦਿਆਂ ਮੈਂ ਸਿਆਸਤ ਵੱਲੋਂ ਅੱਕ ਚੱਲਿਆ ਸਾਂ ਤੇ ਆਪਣੇ ਆਪ ਨੂੰ ਹਰ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਹੋਣ ਲਈ ਤੜਫਣ ਲੱਗਾ ਸਾਂ। ਜਨਵਰੀ '74 ਵਿਚ ਧੀਰ ਦੇ ਘਰ ਬੜੀ ਵਧੀਆ ਲੋਹੜੀ ਮਨਾਈ ਸੀ। ਰਾਮਪੁਰੇ ਵਿਚ ਮੇਰੀਆਂ ਤੇ ਧੀਰ ਦੀਆਂ ਲੰਮੀਆਂ ਗੱਲਾਂ-ਬਾਤਾਂ ਬੜੀਆਂ ਸੁਖਾਵੀਂਆਂ ਯਾਦਾਂ ਹਨ। ਇਹਨੀਂ ਦਿਨੀਂ ਹੀ ਘਰੋਂ ਨਾਰਾਜ਼ ਹੋ ਕੇ ਰਾਮਪੁਰੇ ਹੀ ਅੱਡ ਰਹਿਣ ਲੱਗਾ ਸਾਂ ਤੇ ਸਕੂਲ ਵੀ ਢਪਾਲੀ ਆ ਗਿਆ ਸਾਂ। ਪਰ ਹੈੱਡਮਾਸਟਰ ਗੁਰਕੰਵਲ ਸਿੰਘ ਨਾਲ ਖਰਾਬ ਸੰਬੰਧਾਂ ਕਾਰਨ ਤਣਾਅ 'ਚ ਰਹਿੰਦਾ ਸੀ। ਏਸੇ ਰੌਲ-ਘਚੋਲੇ ਵਿਚ ਹੀ ਐੱਮ. ਏ. ਚੰਗੇ ਨੰਬਰ ਲੈ ਕੇ ਪਾਸ ਕਰ ਗਿਆ ਸੀ।

ਜੁਲਾਈ '74 ਵਿਚ ਕਸ਼ਮੀਰੀ ਦੇ ਕੋਰਸ ਲਈ ਪਟਿਆਲੇ ਆ ਗਿਆ ਸਾਂ ਤੇ ਪਟਿਆਲੇ ਦਾ ਪਹਿਲਾ ਦਿਨ ਬੜਾ ਸ਼ਾਹੀ ਸੀ। ਗਰੀਨ ਬਾਰ ਵਿਚ ਦੋ ਸੌ ਰੁਪਏ ਦੀ ਬੀਅਰ ਪੀਤੀ ਗਈ ਸੀ। ਸੁਰਜੀਤ ਦੀ ਮਈ ਵਿਚ ਨੌਕਰੀ ਲੱਗ ਗਈ ਸੀ ਤੇ ਅਸੀਂ ਦੋਵੇਂ ਹੋਸਟਲ ਵਿਚ ਬੜੀ ਠਾਠ ਨਾਲ ਰਹਿੰਦੇ ਸਾਂ। ਪਟਿਆਲੇ ਦੇ ਇਹ ਦਸ ਮਹੀਨੇ ਸੁਖਾਵੇਂ-ਦੁਖਾਵੇਂ ਦੋਵੇਂ ਹੀ ਹਨ। 'ਸ' ਪ੍ਰਤੀ ਮੈਂ ਬਹੁਤ ਜਜ਼ਬਾਤੀ ਤੇ ਉਲਾਰ ਹੋ ਗਿਆ ਸਾਂ ਤੇ ਉਸ ਜਿਹੜਾ ਠੰਡਾ ਵਤੀਰਾ ਮੇਰੇ ਨਾਲ ਕੀਤਾ ਤੇ ਸੁਰਜੀਤ ਨੇ ਜਿਸ ਤਰ੍ਹਾਂ ਉਹਨੀਂ ਦਿਨੀਂ ਸਹਾਰਾ ਤੇ ਚੋਟਾਂ ਦੋਵੇਂ ਦਿੱਤੀਆਂ, ਸਾਰੇ ਹੀ ਜ਼ਿੰਦਗੀ ਦੇ ਅਨੁਭਵ ਬਣ ਗਏ ਹਨ। ਪਰ ਇਸ ਸਾਲ ਦੌਰਾਨ ਮੈਂ ਯੂਨੀਵਰਸਿਟੀ ਦੀਆਂ ਉੱਘੀਆਂ ਹਸਤੀਆਂ ਨੂੰ ਨੇੜੀਓਂ ਵਾਚਣ ਤੋਂ ਸਿਵਾ ਕੋਈ ਹੋਰ 'ਗਿਆਨ' ਹਾਸਲ ਨਹੀਂ ਕੀਤਾ। ਨਾ ਭਾਸ਼ਾ ਸਿੱਖੀ, ਨਾ ਕੁਝ ਪੜ੍ਹਿਆ ਹੀ। ਨਾ ਕੋਈ ਹੋਰ ਇਮਤਿਹਾਨ ਦਿੱਤਾ। ਸਿਰਫ ਪੰਦਰਾਂ ਦਿਨ ਕਸ਼ਮੀਰ ਗੁਜ਼ਾਰੇ। ਉੱਥੇ ਵੀ ਚਾਰ ਸੌ ਰੁਪਏ ਗੁਆਏ।

ਮਈ 1975 ਵਿਚ ਰਾਮਪੁਰੇ ਮੁੜਿਆ। ਬੜਾ ਸਿਮਬੌਲਿਕ (symbolic) ਸੀ। ਰਾਤ ਦੇ ਦੋ ਵਜੇ ਧੀਰ ਦੇ ਘਰ ਸਾਹਮਣੇ ਉਡੀਕਦਿਆਂ ਨੂੰ ਚਾਮਚੜਿੱਕ ਜਿਹੀ ਕਈ ਵਾਰ ਸਿਰ 'ਤੇ ਚੋਟ ਕਰਕੇ ਗਈ। ਮਹੀਨਾ ਡੇਢ ਮਹੀਨਾ ਪੂਹਲੇ ਪਿੰਡ ਲਾਇਆ ਪਰ ਹੁਣ ਤਾਂ ਇਹ ਔਖਾ ਹੋ ਗਿਆ ਸੀ ਤੇ ਸਕੂਲ ਵਿਚੋਂ ਨਿਕਲਣ ਦੀ ਬੇਚੈਨੀ ਵਧ ਗਈ ਸੀ। ਇਸੇ ਸਾਲ ਜੇ. ਐੱਨ. ਯੂ. ਵਿਚ ਅਪਲਾਈ ਕੀਤਾ ਸੀ ਤੇ 26 ਜੂਨ ਨੂੰ ਲੱਗੀ ਐਮਰਜੈਂਸੀ ਜੇਲ੍ਹ ਲੈ ਗਈ ਸੀ ਕਿਉਂਕਿ ਮੈਂ ਉਦੋਂ ਭਜਨ ਦੇ ਘਰ ਸਾਂ।

26 ਜੂਨ ਤੋਂ 27 ਜਨਵਰੀ ਤਕ ਜੇਲ੍ਹ ਦੇ ਸੱਤ ਮਹੀਨੇ, ਚੰਡੀਗੜ੍ਹੋਂ ਮੁੜਨ ਬਾਅਦ ਦੂਜਾ ਮਹੱਤਵਪੂਰਨ ਮੋੜ ਹਨ, ਜ਼ਿੰਦਗੀ ਦਾ। ਇਹਨਾਂ ਮਹੀਨਿਆਂ ਦਾ ਵੀ ਮੇਰੀ ਚੇਤਨਾ-ਨਿਰੂਪਣ ਵਿਚ ਉੱਘਾ ਰੋਲ ਹੈ। ਏਸ ਦੌਰਾਨ ਸੌ ਤੋਂ ਵੱਧ ਹਰ ਤਰ੍ਹਾਂ ਦੇ ਸਿਆਸੀ ਬੰਦਿਆਂ ਨਾਲ ਇਕੱਠਾ ਰਿਹਾ ਤੇ ਇਸ 'ਅਨਿਆਂਪੂਰਨ ਜੇਲ੍ਹ' ਨੇ ਮੇਰੀ ਸਮਾਜੀ ਚੇਤਨਾ ਇਕ ਵਾਰੀ ਫੇਰ ਉਤੇਜਤ ਕਰ ਦਿੱਤੀ। ਜੇਲ੍ਹ ਦੌਰਾਨ ਹੀ ਪਟਿਆਲੇ ਦੰਦਾਂ ਦਾ ਅਪਰੇਸ਼ਨ ਕਰਵਾਇਆ। ਇਹ ਪੰਦਰਾਂ ਦਿਨ ਬੜੇ ਸੁਖਾਵੇਂ ਸਨ।

ਸੁਰਜੀਤ ਇਸ ਸਾਰੇ ਸਮੇਂ ਦੌਰਾਨ ਇਕ ਵਾਰੀ ਮਿਲਣ ਆਇਆ ਤੇ ਇਕ ਰਾਤ ਉਸ ਨੇ ਹਸਪਤਾਲ ਵਿਚ ਮੇਰੇ ਨਾਲ ਗੁਜ਼ਾਰੀ। ਇਸ ਦੌਰਾਨ 'ਸ' ਨੂੰ ਵੀ ਇਕ-ਦੋ ਖਤ ਲਿਖੇ। ਪਰ ਸੁਰਜੀਤ ਦੀਆਂ ਗੱਲਾਂ ਨੇ ਹੌਲੀ ਹੌਲੀ ਮੇਰੇ ਮਨ ਨੂੰ ਉਸ ਵੱਲੋਂ ਮੋੜ ਦਿੱਤਾ।

ਫਰਵਰੀ ਤੋਂ ਅਗਸਤ 1976 ਤਕ ਭਟਕਣਾ ਦੇ ਮਹੀਨੇ ਸਨ। ਸਤੰਬਰ 1976 ਵਿਚ ਚੰਡੀਗੜ੍ਹ ਹੋਸਟਲ ਮੁੜ ਜਾ ਟਿਕਿਆ ਤੇ ਐੱਮ. ਏ. (Improvement) ਸ਼ੁਰੂ ਕੀਤੀ। ਚੰਡੀਗੜ੍ਹ ਦੀ ਇਸ ਵਾਰ ਦੀ ਠਹਿਰ 1971-72 ਜਿੰਨੀ ਸੁਖਾਵੀਂ ਤਾਂ ਨਹੀਂ ਸੀ ਪਰ ਇਹਨਾਂ ਔਖੇ ਦਿਨਾਂ ਦੇ ਪ੍ਰਸੰਗ ਵਿਚ ਕੁਝ ਹੱਦ ਤਕ ਤਸੱਲੀਦਾਇਕ ਤਾਂ ਸੀ ਹੀ। ਇਸ ਵਾਰੀ ਵਰਿਆਮ ਸੰਧੂ ਨਾਲ ਵਧੇਰੇ ਚੰਗੇ ਸੰਬੰਧ ਰਹੇ। ਉਂਝ



ਹਲਵਾਰਵੀ, ਗੁਰਦੀਪ, ਗੌਤਮ, ਕਾਂਗ ਆਦਿ ਨਾਲ ਵੀ ਤੇ ਕੁਮਾਰ ਵਿਕਲ ਤੇ ਉਸ ਦੇ ਪੱਤਰਕਾਰ ਦੋਸਤਾਂ ਨਾਲ ਵੀ ਵਾਹ ਰਿਹਾ। ਜਨਵਰੀ '77 ਵਿਚ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਨਵੀਂ ਸ਼ਕਤੀ ਤੇ ਤਾਜ਼ਗੀ ਆਈ ਤੇ ਇਕ ਜੋਸ਼ ਵੀ ਮੁੜ ਕੇ ਆਇਆ। ਮਈ '77 ਵਿਚ ਵਾਪਸ ਪਟਿਆਲੇ ਗਿਆ ਤੇ ਜੇ. ਐੱਨ. ਯੂ. ਦੀ ਤਿਆਰੀ ਸ਼ੁਰੂ ਕੀਤੀ। ਜੂਨ ਵਿਚ ਕੇਸ ਵਾਪਸ ਹੋਇਆ। ਜੁਲਾਈ ਵਿਚ ਬਹਾਲ ਹੋਇਆ ਤੇ ਨਾਲ ਹੀ ਜੇ. ਐੱਨ. ਯੂ. ਵਿਚ ਦਾਖਲ ਹੋਇਆ।

ਜੇ. ਐੱਨ. ਯੂ. ਵਿਚ ਦਾਖਲਾ ਇਸ ਦਹਾਕੇ ਦਾ ਤੀਜਾ ਮਹੱਤਵਪੂਰਨ ਮੋੜ ਸੀ ਤੇ ਇਸ ਨੇ Dialectical Process ਪੂਰਾ ਕਰਕੇ ਚੇਤਨਾ ਨੇ ਰਾਮਪੁਰੇ ਤੋਂ ਸੱਤਰਵਿਆਂ ਦੇ ਸ਼ੁਰੂ ਵਿਚ ਜੋ ਰੂਪ ਲੈਣਾ ਸ਼ੁਰੂ ਕੀਤਾ ਸੀ ਉਸੇ ਨੂੰ ਇਹਨਾਂ ਉਲਝਾਵਿਆਂ-ਛਲਾਵਿਆਂ ਸਹਿਤ ਪੂਰਾ ਕਰਕੇ ਇਕ ਨਿਸਚਤ ਰੂਪ ਦਿੱਤਾ। ਏਥੇ ਵੀ ਜ਼ਿੰਦਗੀ ਦੇ ਕਾਫੀ ਨਿਜੀ ਪੰਗੇ ਲਏ ਤੇ ਕਈ ਕਮਜ਼ੋਰੀਆਂ ਦਾ ਮੁਕਾਬਲਾ ਕਰਦਿਆਂ ਸ਼ਖਸੀਅਤ ਦੀ ਤਾਕਤ ਹਾਸਲ ਕੀਤੀ। ਏਥੇ ਵੀ 1979 ਦਾ ਅਖੀਰਲਾ ਅੱਧ ਬੇਹੱਦ ਮਹੱਤਵਪੂਰਨ ਹੈ।

ਜ਼ਿੰਦਗੀ ਦੇ ਇਹ ਦਸ ਵਰ੍ਹੇ ਖੁਸ਼ੀਆਂ, ਪੀੜਾਂ, ਉਦਾਸੀ, ਇਕੱਲਤਾ, ਦੋਸਤੀਆਂ, ਨਿੱਘ ਨਾਲ ਭਰਪੂਰ ਵਰ੍ਹੇ ਹਨ। ਇਹਨਾਂ ਸਾਰਿਆਂ ਜਜ਼ਬਿਆਂ ਤੇ ਹਾਲਤਾਂ ਵਿਚੋਂ ਲੰਘਦਿਆਂ ਹੀ ਜ਼ਿੰਦਗੀ ਦੇ ਕੁਝ 'ਗੁੱਝੇ ਅਰਥ' ਲੱਭੇ ਹਨ। ਏਸ 'ਲੱਭਤ' ਦੇ ਦੌਰਾਨ ਕੁਝ 'ਬੁੱਝੇ ਅਰਥ' ਜੀਵੇ ਵੀ ਹਨ ਤੇ ਆਉਣ ਵਾਲਾ ਦਹਾਕਾ ਜਾਪਦਾ ਹੈ ਕਿ ਇਕ ਨਿਸਚਤ ਰੂਪ ਹਾਸਲ ਕਰ ਗਈ ਚੇਤਨਾ ਦੇ ਟਿਕਵੇਂ, ਸੰਘਰਸ਼ ਭਰੇ, ਪਰ ਜਿਊਣ ਦੇ ਵਰ੍ਹੇ ਹੋਣਗੇ। ਏਸ ਆਸ ਨਾਲ 1979 ਦੇ ਖਾਤਮੇ ਨਾਲ ਏਸ ਦਹਾਕੇ ਨੂੰ ਅਲਵਿਦਾ ਕਹਿੰਦਿਆਂ 1980 ਦੇ ਦਹਾਕੇ ਨੂੰ ਤਣਾਅ-ਰਹਿਤ, ਖੁਲ੍ਹੇ-ਡੁੱਲ੍ਹੇ ਤੇ ਹਲਕੇ-ਫੁਲਕੇ, ਕੁਝ ਖੁਸ਼ੀ ਭਰੇ ਮਨ ਨਾਲ ਜੀਅ ਆਇਆਂ ਕਹਿੰਦਾ ਹਾਂ।

ਸਾਲ ਜਾਂ ਦਹਾਕੇ ਦਾ ਪਹਿਲਾ ਦਿਨ ਬਹੁਤ ਸੁਖਾਵਾਂ ਲੰਘਿਆ ਹੈ। ਗੋਰਖ ਪਾਂਡੇ ਤੇ ਅਭੈ ਕੁਮਾਰ ਮਿਸ਼ਰਾ ਨਾਲ ਬਾਰਾਂ ਵੱਜਦਿਆਂ ਹੀ ਇਸਦੀ ਆਮਦ ਸੈਲੀਬਰੇਟ (celebrate) ਕੀਤੀ ਹੈ। ਤੇ 'ਸ-2' ਨੂੰ ਨਵੇਂ ਵਰ੍ਹੇ ਦਾ ਸੁਨੇਹਾ ਦੇ ਕੇ ਆਪਣੀ ਇੱਛਾ ਵੀ ਪੂਰੀ ਕੀਤੀ ਹੈ ਤੇ ਮਨ ਅੱਜ ਸਾਰਾ ਪ੍ਰਤੀ ਸ਼ੁਕਰਗੁਜ਼ਾਰ ਹੁੰਦਾ ਉਨਮੁਕਤ ਅਵਸਥਾ ਵਿਚ ਹੈ।

**P.S.** 1967 ਤੋਂ ਆਪਣੇ ਨਾਂ ਨਾਲ ਪ੍ਰਭਾਕਰ ਲਿਖਣਾ ਸ਼ੁਰੂ ਕੀਤਾ। ਇਕ ਵਾਰ 1974 ਵਿਚ ਪਟਿਆਲੇ ਇਸ ਤੋਂ ਤੋੜ-ਵਿਛੋੜਾ ਕੀਤਾ ਸੀ। ਪਰ ਤਿੰਨ ਕੁ ਵਰ੍ਹਿਆਂ ਬਾਅਦ ਹੀ ਫਿਰ ਵਰਤਣਾ ਸ਼ੁਰੂ ਕਰ ਲਿਆ ਸੀ। ਹੁਣ ਇਕ ਵਾਰ ਫਿਰ ਮਨ ਇਸ ਨੂੰ ਮੁੜ ਵਿਚਾਰ ਰਿਹਾ ਹੈ। ਏਥੇ ਇਸ ਨਾਂ ਨਾਲ ਲਿਖਤਾਂ ਛਪਵਾਈਆਂ ਹਨ। 1974 ਵਿਚ 'ਚਮਨ' ਤੇ 'ਪ੍ਰਭਾਕਰ' ਵਿਚ ਇਕ ਅੰਤਰ-ਵਿਰੋਧ ਦੇਖਿਆ ਸੀ ਤੇ ਪ੍ਰਭਾਕਰ ਨੂੰ ਰੱਦ ਕੀਤਾ ਸੀ। ਹੁਣ ਕੋਈ ਅੰਤਰ-ਵਿਰੋਧ ਨਹੀਂ ਜਾਪਦਾ। ਫਿਰ ਵੀ ਆਪਣਾ ਨਾਂ ਸਿਰਫ ਚਮਨ ਲਾਲ ਲਿਖਣਾ ਹੀ ਕਾਫੀ ਜਾਪਦੈ। ਕਹਿਣ ਵਿਚ ਸਿਰਫ 'ਚਮਨ' ਤੇ ਲਿਖਣ ਵਿਚ ਚਮਨ ਲਾਲ। ਤੇ ਜੇ ਦੋ ਕੁ ਵਰ੍ਹਿਆਂ ਵਿਚ ਡਾ. ਜੁੜ ਗਿਆ ਤਾਂ ਇਸ ਨੂੰ ਅੱਗੋਂ ਇਸਤੇਮਾਲ ਕੀਤਾ ਜਾ ਸਕਦੈ। ਸੋ ਹੋ ਸਕਦੈ ਏਸ ਦਹਾਕੇ ਵਿਚ ਆਪਣਾ ਸਾਦਾ ਨਾਂ ਹੀ ਇਸਤੇਮਾਲ ਕਰਾਂ। ਉਂਝ ਵੀ ਏਥੇ ਮੈਂ 'ਚਮਨ ਲਾਲ ਜੀ' ਜਾਂ 'ਚਮਨ' ਹੀ ਕਿਹਾ ਜਾਂਦਾ ਹਾਂ। ਪ੍ਰਭਾਕਰ ਦਾ ਇਸਤੇਮਾਲ ਘੱਟ ਹੀ ਕੀਤਾ ਜਾਂਦੈ। ਸੋ, ਹੋ ਸਕਦੈ 'ਪ੍ਰਭਾਕਰ ਸਾਹਿਬ' ਅੰਤਮ ਰੂਪ ਵਿਚ ਵਿਦਾ ਹੋ ਜਾਣ।

ਜੇ. ਐੱਨ. ਯੂ. ਵਿਚ ਕਰੀਬ ਸੌ ਕਵਿਤਾਵਾਂ ਲਿਖੀਆਂ। ਪਰ ਹੁਣ ਕਵਿਤਾ ਲਿਖਣ ਦੀ ਕਦੀ ਪ੍ਰੇਰਨਾ ਨਹੀਂ ਉਮੜੀ। 'ਸ-4' ਨੇ ਮੇਰੇ ਅੰਦਰਲੇ ਕਵੀ ਨੂੰ, ਜਿੰਨਾ ਕੁ ਉਹ ਪਲਰ ਸਕਦਾ ਸੀ, ਪਲਾਰ ਕੇ ਕੱਟ ਲਿਆ। 'ਸ-3' ਨੇ ਮੇਰੇ ਅੰਦਰ ਜਿੰਨੀ ਕੁੜੱਤਣ ਭਰੀ ਹੋਈ ਸੀ, ਉਹ ਸਾਰੀ ਕੱਢ ਲਈ। ਇਹ ਦੋਵੇਂ ਤੇ ਇਕ 'ਐੱਸ' ਹੋਰ ਬਾਹਰੀ ਰੂਪ ਵਿਚ ਮੇਰੇ ਨਾਲ ਦੁਸ਼ਮਣਾਂ ਵਾਂਗ ਵਰਤ ਕੇ ਮੇਰੇ ਲਈ ਲਾਭਦਾਇਕ ਹੀ ਸਾਬਤ ਹੋਏ ਹਨ। ਹੁਣ ਇਹਨਾਂ ਪ੍ਰਤੀ ਵੀ ਕੋਈ ਜਜ਼ਬਾ ਨਾ ਹੋ ਕੇ ਬਸ ਬੇਰੁਚੀ ਹੈ।

ਅਮਰਜੀਤ ਨਾਲ ਵੀ ਸਾਰਾ ਦੇ ਜ਼ਿੰਦਗੀ ਵਿਚ ਆਉਣ ਨਾਲ ਤਿੰਨ ਵਰ੍ਹੇ ਪੁਰਾਣਾ ਤਣਾਅ ਹੌਲੀ-ਹੌਲੀ ਢਲ ਕੇ ਖਤਮ ਹੋਇਐ ਤੇ ਮੁੜ ਉਹ balanced ਪੁਨਰ ਰੂਪ ਵਿਚ ਹਾਸਲ ਹੋਇਐ। ਇਹ ਬਹੁਤ ਸੁਖਾਵਾਂ।

**[Professor & Chairman, Centre of Indian Languages, J.N.U, New Delhi]**

# ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦੀ ਕਲਾਤਮਕ ਕੁਸ਼ਲਤਾ

ਚੰਦਰ ਮੋਹਨ

ਵਰਿਆਮ ਸਿੰਘ ਸੰਧੂ ਦਾ ਆਪਣੀ ਕਹਾਣੀ ਦੀ ਸਿਰਜਣਾ ਬਾਰੇ ਕਥਨ ਹੈ: "ਸ਼ਾਇਦ ਲੋਕਾਂ ਨਾਲ ਆਪਣੀ ਪੀੜ ਸਾਂਝੀ ਕਰਨ ਲਈ ਜਾਂ ਉਹਨਾਂ ਆਪਣੇ ਵਰਗੇ ਲੋਕਾਂ ਦੀ ਪੀੜ ਸਮਝਣ ਲਈ ਹੀ ਮੈਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ।" ਇਹ ਕਥਨ ਪਾਠਕਾਂ ਨੂੰ ਵਰਿਆਮ ਸਿੰਘ ਸੰਧੂ ਦੀ ਕਹਾਣੀ ਦੇ ਨਾਲ ਨਾਲ ਉਸਦੀ ਜ਼ਿੰਦਗੀ ਨੂੰ ਪੜ੍ਹਨ ਲਈ ਵੀ ਮਜਬੂਰ ਕਰਦਾ ਹੈ। ਵਰਿਆਮ ਸੰਧੂ ਦੀ ਜ਼ਿੰਦਗੀ ਨੂੰ ਤਾਂ ਉਸ ਨਾਲ ਜੁੜੇ ਉਸਦੇ ਸਾਹਿਤਕ ਤੇ ਗ਼ੈਰ-ਸਾਹਿਤਕ ਮਿੱਤਰ ਹੀ ਵਧੇਰੇ ਡੂੰਘੀ ਤਰ੍ਹਾਂ ਜਾਣ ਸਕਦੇ ਹਨ ਪਰ ਆਮ ਪਾਠਕਾਂ ਨੂੰ ਉਸਦੀ ਜ਼ਿੰਦਗੀ ਬਾਰੇ ਉਸਦੀ ਸਵੈ-ਜੀਵਨੀ ਵਿਚੋਂ ਹੀ ਪਤਾ ਲੱਗ ਸਕਦਾ ਹੈ। ਐਪਰ ਵਿਭਿੰਨ ਵਿਦਵਾਨਾਂ ਵੱਲੋਂ ਉਸ ਨਾਲ ਕੀਤੀਆਂ ਸਾਹਿਤਕ ਮੁਲਾਕਾਤਾਂ 'ਚੋਂ ਏਨਾ ਤਾਂ ਪਤਾ ਚੱਲ ਹੀ ਜਾਂਦਾ ਹੈ ਕਿ ਨਿਮਨ ਕਿਸਾਨੀ ਵਰਗ ਨਾਲ ਸੰਬੰਧਤ ਵਰਿਆਮ ਸਿੰਘ ਸੰਧੂ ਦੀਆਂ ਪਰਿਵਾਰਕ ਜੜ੍ਹਾਂ ਨੌਕਰੀ ਕਰਨ ਖਾਤਰ ਪਿੰਡ ਤੋਂ ਪੁੱਟੇ ਜਾਣ 'ਤੇ ਸ਼ਹਿਰ ਲੱਗ ਤਾਂ ਗਈਆਂ, ਪਰ ਉਸਨੇ ਪਿੰਡ ਨੂੰ ਆਪਣੀਆਂ ਯਾਦਾਂ ਵਿਚ ਸਦਾ ਲਈ ਸੁਰੱਖਿਅਤ ਕਰ ਲਿਆ। ਸ਼ਾਇਦ ਇਸੇ ਲਈ ਉਸ ਦੀਆਂ ਕਹਾਣੀਆਂ ਵਿਚ ਪਿੰਡ ਤੇ ਸ਼ਹਿਰ ਦੇ ਵਾਤਾਵਰਣ ਬਰਾਬਰ ਤੁਰੇ ਆਉਂਦੇ ਹਨ। ਅਤੇ ਇਹ ਵੀ ਪਤਾ ਚਲਦਾ ਹੈ ਕਿ ਵਰਿਆਮ ਸਿੰਘ ਸੰਧੂ ਨੇ ਆਪਣੇ ਹੱਡੀਂ ਹੰਢਾਏ ਅਨੁਭਵ ਦੇ ਹਾਣ ਦੀਆਂ ਗਿਣਤੀ ਪੱਖੋਂ ਥੋੜ੍ਹੀਆਂ ਪਰ ਬਹੁਤ ਮੁੱਲਵਾਨ ਕਹਾਣੀਆਂ ਲਿਖੀਆਂ ਹਨ। ਉਸਨੇ ਆਪਣੀਆਂ ਕਹਾਣੀਆਂ ਦੇ ਦੋ ਮੂਲ ਵਸਤੂਗਤ ਆਧਾਰ ਬਣਾਏ ਹਨ। ਪਹਿਲਾ, ਪੰਜਾਬ ਦੀ ਪੇਂਡੂ ਨਿਮਨ ਕਿਸਾਨੀ ਤੇ ਕਿਰਤੀ ਵਰਗ ਦੀ ਜੀਵਨ-ਦਸ਼ਾ। ਦੂਸਰਾ, ਪੰਜਾਬ ਦਾ ਸੰਤਾਪ ਤੇ ਉਸ ਨਾਲ ਜੁੜਿਆ ਰਾਜਨੀਤਕ ਸੰਦਿਸ਼। ਇਹਨਾਂ ਦੋਹਾਂ ਆਧਾਰਾਂ ਨੂੰ ਗਲਪੀ ਰੂਪ ਵਿਚ ਪੇਸ਼ ਕਰਨ ਲਈ ਉਸਨੇ ਇਕ ਸਫ਼ੇ (ਪੁੱਛਣਾ) ਤੋਂ ਲੈ ਕੇ 44 ਸਫ਼ਿਆਂ (ਮੈਂ ਹੁਣ ਠੀਕ ਠਾਕ ਹਾਂ) ਤਕ ਦੀ ਕਹਾਣੀ ਲਿਖੀ ਹੈ। ਇਸ ਪਰਥਾਏ ਡਾ. ਰਘਬੀਰ ਸਿੰਘ ਦੇ ਇਹ ਵਿਚਾਰ ਗੌਲਣਯੋਗ ਹਨ ਕਿ "ਇਕ ਕਹਾਣੀਕਾਰ ਵਜੋਂ ਵਰਿਆਮ ਦੀ ਵਡਿਆਈ ਇਸ ਗੱਲ ਵਿਚ ਵੀ ਹੈ ਕਿ ਉਸਨੇ ਪੰਜਾਬੀ ਕਹਾਣੀ ਨੂੰ ਇਸ ਹੱਦ ਤਕ ਸਮਰੱਥ ਬਣਾ ਦਿੱਤਾ ਹੈ ਕਿ ਇਹ ਇਕ ਵਿਧਾ ਵਜੋਂ ਕਿਸੇ ਹਲਕੀ ਜਿਹੀ ਘਟਨਾ ਜਾਂ ਚਰਿੱਤਰ-ਚਿਤਰਣ ਤਕ ਸੀਮਤ ਨਾ ਰਹਿ ਕੇ ਮਨੁੱਖ ਦੇ ਅੰਦਰਲੇ-ਬਾਹਰਲੇ ਜਗਤ ਦੇ ਵਡੇਰੇ ਸਰੋਕਾਰਾਂ ਨੂੰ ਕਲਾਵੇ ਵਿਚ ਲੈਣ ਲੱਗੀ ਹੈ ਅਤੇ ਇਸ ਪ੍ਰਕਿਰਿਆ ਦੇ ਅੰਤਰਗਤ ਲੰਮੀ ਜਾਂ ਨਿੱਕੀ ਕਹਾਣੀ ਦੀ ਵੰਡ ਦਾ ਮਸਲਾ ਮਹੱਤਵਹੀਣ ਹੋ ਕੇ ਰਹਿ ਗਿਆ ਹੈ। ਸਵਾਲ ਕਹਾਣੀ ਦੇ ਆਕਾਰ ਦਾ ਨਹੀਂ, ਉਸ ਵਿਚਲੀ ਵਸਤ ਦੇ ਕਲਾਤਮਕ ਕੁਸ਼ਲਤਾ ਸਹਿਤ ਨਜਿੱਠੇ ਜਾਣ ਦਾ ਹੈ। ਵਰਿਆਮ ਨੇ ਅਜਿਹੀ ਕੁਸ਼ਲਤਾ ਦਾ ਪ੍ਰਮਾਣ ਦਿੱਤਾ ਹੈ।"

ਵਰਿਆਮ ਸਿੰਘ ਸੰਧੂ ਦੀ ਕਲਾਤਮਕ ਕੁਸ਼ਲਤਾ ਨੂੰ ਪਰਖਣ ਲਈ ਉਸ ਦੀਆਂ ਕਹਾਣੀਆਂ ਦੀ ਨਿਰਖ-ਪਰਖ ਜ਼ਰੂਰੀ ਹੈ। ਇਸ ਲਈ ਹੱਥਲੇ ਨਿਬੰਧ ਵਿਚ ਸੰਧੂ ਦੀਆਂ ਕਹਾਣੀਆਂ ਨੂੰ ਮੋਟੇ ਤੌਰ 'ਤੇ ਤਿੰਨ ਭਾਗਾਂ ਵਿਚ ਵੰਡ ਕੇ ਵਿਚਾਰਿਆ ਜਾਵੇਗਾ। ਪਹਿਲਾ, ਪੰਜਾਬ ਦੇ ਕਿਰਤੀ ਕਿਸਾਨੀ ਵਰਗ ਨਾਲ ਸੰਬੰਧਤ ਕਹਾਣੀਆਂ। ਦੂਸਰਾ, ਪੰਜਾਬ ਸੰਤਾਪ ਨਾਲ ਸੰਬੰਧਤ ਕਹਾਣੀਆਂ। ਤੀਸਰਾ, ਵਿਅਕਤੀ ਦੇ ਬੁਨਿਆਦੀ ਮਸਲਿਆਂ ਨਾਲ ਸੰਬੰਧਤ ਕਹਾਣੀਆਂ।

0 0 0 0 0

ਪੇਂਡੂ ਕਿਰਤੀ ਵਰਗ ਪੰਜਾਬ ਦੀ ਕਿਸਾਨੀ ਦੀ ਸਹਾਇਕ ਧਿਰ ਹੈ। 'ਨੌ ਬਾਰਾਂ ਦਸ' ਕਿਰਤੀ ਵਰਗ ਦੀ ਦੁਖਾਂਤਕ ਵਸਤੂ-ਸਥਿਤੀ ਨੂੰ ਸਾਹਵੇਂ ਲਿਆਉਂਦੀ ਹੈ। ਇਹ ਕਹਾਣੀ ਵਿਅੰਗ ਸਿਰਜਣ ਕਰਕੇ ਵਿਸ਼ੇਸ਼ਤਾ ਗ੍ਰਹਿਣ ਕਰਦੀ ਹੈ। ਇਸ ਕਹਾਣੀ ਨੂੰ ਪੜ੍ਹ ਕੇ ਵਰਿਆਮ ਸਿੰਘ ਸੰਧੂ ਦੀ ਇਸ ਕਲਾਤਮਕ ਖ਼ੂਬੀ ਦਾ ਪਤਾ ਚਲਦਾ ਹੈ ਕਿ ਵਿਅੰਗ ਦੁਖਾਂਤ ਦਾ ਰੂਪ ਧਾਰ ਕੇ ਕਿਵੇਂ ਕਹਾਣੀ ਦੀ ਵਿਧਾ



ਬਣ ਜਾਂਦੈ। ਵਰਿਆਮ ਸੰਧੂ ਨੇ ਆਪਣੀਆਂ ਕਹਾਣੀਆਂ ਵਿਚ ਵਿਅੰਗ ਨੂੰ ਨਾ ਕੇਵਲ ਇਕ ਵਿਧੀ ਦੇ ਤੌਰ ਉੱਤੇ ਵਰਤਿਆ ਹੈ ਸਗੋਂ 'ਨੌ ਬਾਰਾਂ ਦਸ' ਵਿਚ ਵਿਧਾ ਦੇ ਰੂਪ ਵਿਚ ਵਰਤ ਕੇ ਇਹ ਸਿੱਧ ਕਰ ਦਿੱਤਾ ਹੈ ਕਿ ਵਿਅੰਗ ਯਥਾਰਥ ਦੀ ਪੇਸ਼ਕਾਰੀ ਅਤੇ ਇਸਦੀ ਹੋਂਦ-ਵਿਧੀ ਦਾ ਅਜਿਹਾ ਜ਼ਰੂਰੀ ਭਾਗ ਹੈ ਜੋ ਸਮਾਜ ਵਿਚਲੇ ਉਸ ਭੱਦੇਪਣ ਨੂੰ ਪਕੜਣ ਦਾ ਸਾਧਨ ਬਣਦਾ ਹੈ ਜਿਸਨੂੰ ਆਮ ਲੋਕ ਹਾਸੇ ਮਜ਼ਾਕ ਵਿਚ ਉਡਾ ਛੱਡਦੇ ਹਨ। ਸੰਧੂ ਨੇ ਨਿੰਦਰ ਪਾਤਰ ਦੇ ਰੂਪ ਵਿਚ ਇਸ ਹਾਸੇ ਮਜ਼ਾਕ ਨੂੰ ਨਾ ਕੇਵਲ ਜਾਤੀ ਚੇਤਨਾ ਸਗੋਂ 'ਤੁਲਸਾ ਖੁੰਘ' ਨਾਮੀ ਪਾਤਰ ਦੇ ਰੂਪ ਵਿਚ ਜਮਾਤੀ ਚੇਤਨਾ ਦੇ ਰੂਪ ਵਿਚ ਵੀ ਪੇਸ਼ ਕੀਤਾ ਹੈ। ਪਿੰਡ ਵਿਚ ਵਸਦੇ ਇਕ ਮਜ਼੍ਹਬੀ ਪਰਿਵਾਰ ਦੇ ਦੁਖਾਂਤ ਨੂੰ ਨੈਤਾ-ਛਿੰਨੋ ਤੇ ਉਸਦੇ ਤਿੰਨ ਪੁੱਤਰਾਂ ਸੱਜਣ (ਮਰ ਚੁੱਕਾ), ਭਿੱਲੀ (ਸਿੱਧੜ) ਅਤੇ ਨਿੰਦਰ (ਸ਼ੁਦਾਈ ਜਾਂ ਸੌ ਦਾਈ) ਦੀਆਂ ਜੀਵਨ ਕਹਾਣੀਆਂ ਨੂੰ ਵਿਅੰਗਾਤਮਕ ਰੂਪ.ਦੇ ਕੇ ਸੰਧੂ ਨੇ ਇਹ ਵਿਧਾਗਤ ਵਿਚਾਰ ਦਿੱਤਾ ਹੈ ਕਿ ਵਿਅੰਗ ਕੇਵਲ ਨਾਟਕੀ ਸਾਹਿਤ ਦੇ ਦੁਖਾਂਤ ਰੂਪਾਕਾਰ ਨੂੰ ਹੀ ਨਹੀਂ ਉਘਾੜਦਾ ਬਲਕਿ ਗਲਪ ਦੇ ਕਹਾਣੀ ਰੂਪ ਵਿਚ, ਜੇ ਉਚਿਤ ਅਨੁਪਾਤ ਤੇ ਠੀਕ ਸੇਧ ਵਿਚ ਵਰਤਿਆ ਜਾਵੇ, ਤਾਂ ਗਲਪ ਦੀ ਇਕ ਵਿਧਾ ਵੀ ਬਣ ਸਕਦਾ ਹੈ।

ਸਮਾਜਕ, ਆਰਥਿਕ ਤੇ ਮਨੋਵਿਗਿਆਨਕ ਸੂਝ ਨੂੰ ਗੁੰਨ੍ਹ ਗੁੰਨ੍ਹ ਕੇ ਬਣਾਈ ਸੋਝੀ ਨਾਲ ਲਿਖੀ 'ਆਪਣਾ ਆਪਣਾ ਹਿੱਸਾ' ਕਹਾਣੀ ਵੀ ਮਹੱਤਵਪੂਰਨ ਹੈ ਜੋ ਅੱਜੋਕੇ ਕਿਸਾਨੀ ਜੀਵਨ-ਯਥਾਰਥ ਨੂੰ ਦਰਸਾਉਂਦੀ ਹੈ। ਕਿਸਾਨੀ ਦੀ ਜੂਨ ਭੋਗਦਾ ਮੁੱਖ ਪਾਤਰ ਘੁੱਦੂ ਉਰਫ ਧਰਮ ਸਿੰਘ ਹੈ। ਧਰਮ ਸਿੰਘ ਦਾ ਪਿਉ ਬਿਸ਼ਨ ਸਿੰਘ ਹੈ। ਧਰਮ ਸਿੰਘ ਤੋਂ ਇਲਾਵਾ ਬਿਸ਼ਨ ਸਿੰਘ ਦੇ ਹੋਰ ਦੋ ਪੁੱਤਰ ਹਨ: ਸਵਰਨ ਸਿੰਘ ਤੇ ਕਰਮ ਸਿੰਘ। ਸਵਰਨ ਸਿੰਘ ਪੜ੍ਹ ਲਿਖ ਕੇ ਓਵਰਸੀਅਰ ਬਣ ਜਾਂਦਾ ਹੈ ਤੇ ਸ਼ਹਿਰ ਰਹਿੰਦਾ ਹੈ। ਉਸਦੀ ਸੋਚਣੀ ਸ਼ਹਿਰ ਵਿਚ ਵਸਦੇ ਜੱਟ ਕਿਸਾਨ ਵਾਲੀ ਹੈ। ਦੂਸਰਾ ਪੁੱਤਰ ਕਰਮ ਸਿੰਘ ਹੈ ਜਿਹੜਾ ਸਮਗਲਿੰਗ ਦਾ ਧੰਦਾ ਅਪਨਾਉਂਦਾ ਹੋਇਆ ਪਿੰਡ ਵਿਚ ਹੀ ਚੰਗੀ ਲਹਿਰ-ਬਹਿਰ ਵਾਲਾ ਜੀਵਨ ਭੋਗਦਾ ਹੈ। ਉਹ ਡੇਅਰੀ ਤੇ ਮੁਰਗੀਖਾਨਿਆਂ ਦਾ ਮਾਲਕ ਹੈ। ਤਿੰਨਾਂ ਭਰਾਵਾਂ ਵਿਚੋਂ ਧਰਮ ਸਿੰਘ ਹੈ, ਜੋ ਘੁੱਦੂ ਤੋਂ 'ਧਰਮ ਸਿੰਘ' ਨਹੀਂ ਬਣ ਸਕਿਆ। ਘੁੱਦੂ ਆਪਣੀ ਮਾਂ ਦੀ ਨਜ਼ਰ ਵਿਚ 'ਲੋਲ੍ਹੜ ਪੁੱਤ ਤੇ ਭੋਲਾ ਭਾਲਾ ਸ਼ਿਵਾਂ ਵਰਗਾ' ਹੈ। ਚੌਥੀ ਬਿਸ਼ਨ ਸਿੰਘ ਦੀ ਧੀ ਬਚਨੋਂ ਯਾਨੀ ਸਵਰਨ ਸਿੰਘ, ਕਰਮ ਸਿੰਘ ਤੇ ਘੁੱਦੂ ਦੀ ਭੈਣ ਹੈ। ਉਸਦਾ ਭੈਣ ਵਾਲਾ ਰੋਲ ਵੀ ਕਿਸਾਨੀ ਸਮਾਜ ਦੀ ਇਕ ਲੁਕਵੀਂ ਪਰਤ ਨੂੰ ਦਰਸਾਉਂਦਾ ਹੈ। ਬਿਸ਼ਨ ਸਿੰਘ ਦਾ ਵਿਹਾਰ ਕਿਸਾਨੀ ਯਥਾਰਥ ਉੱਤੇ ਐਨ ਢੁਕਦਾ ਹੈ। ਉਹਨਾਂ ਦੀ ਮਾਂ ਦੀ ਭੂਮਿਕਾ ਵੀ ਕਿਸਾਨੀ ਸਮਾਜ ਦੇ ਉਸ ਸਹਾਰੇ ਦੀ ਲੱਜ ਵਰਗੀ ਹੈ ਜਿਹੜੀ ਸਵਰਨ ਸਿੰਘ ਤੇ ਕਰਮ ਸਿੰਘ ਦੇ ਅਮਾਨਵੀ ਵਿਹਾਰ ਕਾਰਨ ਟੁੱਟ ਜਾਂਦੀ ਹੈ, ਅਤੇ ਘੁੱਦੂ ਤੇ ਉਸਦੇ ਪਿਉ ਵਰਗੇ ਕਿਸਾਨਾਂ ਨੂੰ ਸੋਚਾਂ ਤੇ ਫਿਕਰਾਂ ਦੇ ਖੂਹ ਵਿਚੋਂ ਬਾਹਰ ਨਹੀਂ ਕੱਢ ਸਕਦੀ। ਕਿਸਾਨੀ ਸਮਾਜ ਵਿਚ ਕਿਸਾਨ ਆਪਣਾ ਆਪਣਾ ਹਿੱਸਾ ਵੰਡਣ ਲਈ ਮਜਬੂਰ ਹਨ। ਮਜਬੂਰੀ ਸਥਿਤੀਆਂ ਦੀ ਉਪਜ ਹੈ। ਸਥਿਤੀਆਂ ਦਾ ਯਥਾਰਥਕ ਸਿਰਜਣ ਹੀ ਵਰਿਆਮ ਸਿੰਘ ਸੰਧੂ ਦੀ ਕਹਾਣੀ ਦਾ ਮੂਲ ਆਧਾਰ ਹੈ। ਉਸਨੇ ਸਥਿਤੀਆਂ ਨੂੰ ਨਾ ਕੇਵਲ ਚਿਤਰਿਆ ਹੈ, ਸਗੋਂ ਸਿਰਜਿਆ ਵੀ ਹੈ। ਉਹ ਚਿਤਰਣ ਅਤੇ ਸਿਰਜਣ ਕਲਾਵਾਂ ਵਿਚਲੇ ਮਹੀਨ ਫ਼ਰਕ ਨੂੰ ਸਮਝਦਾ ਹੈ। ਅਜਿਹੇ ਮਹੀਨ ਫ਼ਰਕ ਨੂੰ ਹੀ ਸਿਰਜਦੀ ਉਸਦੀ ਇਕ ਹੋਰ ਕਹਾਣੀ ਹੈ : 'ਵਾਪਸੀ'।

ਲਗਦੈ, 'ਆਪਣਾ ਆਪਣਾ ਹਿੱਸਾ' ਵਿਚਲੇ ਧਰਮ ਸਿੰਘ ਦਾ ਵਿਸਤ੍ਰਿਤ ਰੂਪ-ਸਿਰਜਣ ਸੰਤਾ ਸਿੰਘ ਦੇ ਜੀਵਨ ਚਰਿੱਤਰ ਵਿਚ ਕੀਤਾ ਗਿਆ ਹੈ ਅਤੇ ਕਰਮ ਸਿੰਘ ਦਾ ਬੰਤਾ ਸਿੰਘ ਦੇ ਰੂਪ ਵਿਚ। ਇਸ ਕਹਾਣੀ ਵਿਚ ਨਕਸਲੀ ਲਹਿਰ ਦਾ ਜ਼ਿਕਰ ਵੀ ਹੈ ਜਿਸ ਨੂੰ ਕਹਾਣੀਕਾਰ ਜਾਇਜ਼ ਜਾਂ ਨਾਜਾਇਜ਼ ਨਹੀਂ ਠਹਿਰਾਉਂਦਾ ਬਲਕਿ ਉਸਦੀ ਵਾਸਤਵਿਕ ਸਥਿਤੀ ਨੂੰ ਹੀ ਸਿਰਜਦਾ ਹੈ। ਕਹਾਣੀ ਵਿਚ ਵਾਸਤਵਿਕ ਸਥਿਤੀ ਇਹੋ ਹੈ ਕਿ ਕੁਲਦੀਪ ਦੀ ਮੌਤ ਦੇ ਸੁਨੇਹੇ ਨੂੰ ਸੰਤਾ ਸਿੰਘ ਪਿੰਡ ਪਹੁੰਚਾਣ ਲਈ ਤੁਰਦਾ ਵਿਖਾਇਆ ਹੈ। ਕਹਾਣੀ ਦੀਆਂ ਅੰਤਲੀਆਂ ਇਹ ਸਤਰਾਂ ਇਸ ਪ੍ਰਸੰਗ 'ਚ ਮਹੱਤਵਪੂਰਨ ਜਾਪਦੀਆਂ ਹਨ: "ਉਹ (ਸੰਤਾ) ਏਨੇ ਸਾਲਾਂ ਬਾਅਦ ਆਪਣੇ ਪੁੱਤਾਂ ਵਰਗੇ ਭਤੀਜੇ, ਮਾਂ ਦੇ ਲਡਿੱਕੇ

ਤੇ ਪਿਉ ਦੇ 'ਨਲਾਇਕ' ਪਰ ਦਾਦੀ ਦੇ 'ਨੇਕ ਪੁੱਤ' ਦੀ ਮੌਤ ਦਾ ਸੁਨੇਹਾ ਆਪਣੇ ਮੋਢਿਆਂ 'ਤੇ ਚੁੱਕੀ
ਜਾ ਰਿਹਾ ਸੀ। ਕੁਲਦੀਪ ਉਸਦੇ ਮੋਢਿਆਂ 'ਤੇ ਨਿੱਕੀਆਂ ਨਿੱਕੀਆਂ ਲੱਤਾਂ ਲਮਕਾਈ ਕਹਿ ਰਿਹਾ
ਸੀ-ਖਿੜ-ਖਿੜਾ ਕੇ ਹੱਸਦਾ ਹੋਇਆ..."ਤੱਤਾ-ਤੱਤਾ ਘੋੜਿਆ! ਗ਼ੁਲਾਬੀ ਫੁੱਲ ਤੋੜਿਆ..."
ਅੰਡਰਗਰਾਊਂਡ ਹੋਏ ਕੁਲਦੀਪ ਨੂੰ ਨਾ ਤਾਂ ਮਾਂ ਦਾ ਲਾਡ ਮਿਲਿਆ ਤੇ ਨਾ ਹੀ ਪਿਉ ਤੋਂ ਲਾਇਕ ਹੋਣ
ਦਾ ਖ਼ਿਤਾਬ। ਉਸਦੀ ਇਹਨਾਂ ਦੋਹਾਂ ਗੱਲਾਂ ਦੀ ਘਾਟ ਅਸਲ ਵਿਚ ਉਹਨਾਂ ਨਕਸਲੀ ਯੋਧਿਆਂ ਵੱਲ
ਇਸ਼ਾਰਾ ਕਰਦਾ ਗਲਪੀ ਤੱਥ ਬਣਦੀ ਹੈ ਜਿਹਨਾਂ ਨੇ ਉਹਨਾਂ ਨੂੰ ਜੱਥੇਬੰਦਕ ਤਰੀਕੇ ਵਾਲੀ ਲੜਾਈ
ਦੇ ਢੰਗ-ਤਰੀਕਿਆਂ ਤੋਂ ਦੂਰ ਹੀ ਰੱਖਿਆ। ਜੇ ਕਿਤੇ ਕੁਲਦੀਪ ਦਾ ਧਰਮੀ ਚਾਚਾ 'ਸੰਤਾ' ਉਸਨੂੰ
ਜਿਊਂਦੇ ਨੂੰ ਆਪਣੇ ਮੋਢਿਆਂ ਉੱਤੇ ਚੁੱਕੀ ਫਿਰਦਾ ਅਤੇ ਸਰਕਾਰੇ-ਦਰਬਾਰੇ ਚੰਗੀ ਪੁੱਜਤ ਵਾਲਾ ਪਿਉ
ਉਸਨੂੰ ਨਲਾਇਕ ਨਾ ਸਮਝਦਾ ਤਾਂ ਸ਼ਾਇਦ ਉਹ ਆਪਣੀ ਦਾਦੀ ਦਾ 'ਨੇਕ ਪੁੱਤ' ਬਣ ਜਾਂਦਾ।
ਬਾਵਜੂਦ ਇਸਦੇ ਸੰਧੂ ਦੀ ਕਲਾ ਨੇ ਉਸਨੂੰ ਆਪਣੀ ਦਾਦੀ ਦਾ 'ਨੇਕ ਪੁੱਤ' ਬਣਾ ਦਿੱਤਾ ਹੈ। ਕਿਉਂਜੁ,
ਕਹਾਣੀਕਾਰ ਨੇ ਇਸ ਕਹਾਣੀ ਵਿਚ ਪਾਤਰਾਂ ਨੂੰ ਇਕ ਸਥਿਤੀ ਵਜੋਂ ਪੇਸ਼ ਕਰਦਿਆਂ ਉਹਨਾਂ ਦੇ ਬੋਲਾਂ
ਤੇ ਵਿਹਾਰਾਂ ਨੂੰ ਬਿਰਤਾਂਤ ਸਿਰਜਣ ਵਾਲੀਆਂ ਮੌਲਿਕ ਇਕਾਈਆਂ ਦਾ ਰੂਪ ਪ੍ਰਦਾਨ ਕੀਤਾ ਹੈ।
ਮਿਸਾਲ ਦੇ ਤੌਰ 'ਤੇ ਕਹਾਣੀ ਦੀਆਂ ਇਹਨਾਂ ਸਤਰਾਂ ਨੂੰ ਵਿਚਾਰਿਆ ਜਾ ਸਕਦਾ ਹੈ, "ਇਕ ਘਰ
ਵਿਚੋਂ ਉਹ ਦੋ ਜਣੇ ਨਿਕਲੇ ਸਨ। ਚਾਚਾ ਇਸ ਕਰਕੇ ਨਿਕਲਿਆ ਸੀ, ਕਿਉਂਕਿ ਉਹਨੂੰ ਲਗਦਾ ਸੀ
ਕਿ ਘਰ ਦਾ ਤੇ ਜੱਗ ਦਾ ਤਾਂ ਕੁਝ ਨਹੀਂ ਸੌਰ ਸਕਦਾ ਸੋ ਬੰਦਾ ਆਪਣਾ ਆਪ ਹੀ ਸੰਵਾਰ ਲਵੇ ਤਾਂ
ਬੜੀ ਗੱਲ ਹੈ। ਤੇ ਭਤੀਜਾ ਇਸ ਕਰਕੇ ਨਿਕਲਿਆ ਸੀ ਕਿ ਘਰ ਦਾ ਤੇ ਆਪਣਾ ਵੀ ਤਾਂ ਹੀ ਸੌਰ
ਸਕਦਾ ਸੀ ਜੇ ਪਹਿਲਾਂ ਜੱਗ ਦਾ ਕੁਝ ਸੰਵਾਰ ਲਿਆ ਜਾਵੇ।"

ਸਾਰੀ ਕਹਾਣੀ ਸੰਤੇ ਦੇ ਜੀਵਨ ਚਰਿੱਤਰ ਵਿਚ ਆਈਆਂ ਵਿਭਿੰਨ ਪ੍ਰਕਾਰ ਦੀਆਂ
ਤਬਦੀਲੀਆਂ ਨੂੰ ਹੀ ਦਰਸਾਉਂਦੀ ਹੈ। ਅਸਲ ਵਿਚ ਇਹ ਤਬਦੀਲੀਆਂ ਉਹ ਵਸਤੂਗਤ ਸਥਿਤੀਆਂ
ਹਨ ਜੋ ਕਿਸੇ ਸਮਾਜਕ ਵਰਤਾਰੇ ਦੇ ਅਸਲ ਨੂੰ ਨਿਰਧਾਰਤ ਕਰਦੀਆਂ ਹਨ। ਇਹਨਾਂ ਤਬਦੀਲੀਆਂ ਦੀ
ਪਛਾਣ ਸੰਤੇ ਤੋਂ ਬਣੇ ਬਾਬਾ ਸੰਤਾ ਸਿੰਘ ਦੇ ਜੀਵਨ-ਸਫਰ ਅਤੇ ਕੁਲਦੀਪ ਦੇ ਜੀਵਨ-ਅੰਤ ਰਾਹੀਂ
ਕੀਤੀ ਜਾ ਸਕਦੀ ਹੈ। ਨਕਸਲੀ ਲਹਿਰ 'ਚ ਸ਼ਾਮਲ ਹੋਣ ਉਪਰੰਤ ਕੁਲਦੀਪ ਅੰਡਰ ਗਰਾਊਂਡ ਹੋ
ਜਾਂਦਾ ਹੈ। ਇਕ ਦਿਨ ਉਹ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਜਾਂਦਾ ਹੈ। ਜਿੱਥੇ ਸੰਤਾ ਆਪਣੀ
ਧਾਰਮਿਕ ਵਿਚਾਰਧਾਰਾ ਰਾਹੀਂ ਜ਼ਿੰਦਗੀ ਤੇ ਸਮਾਜਕ ਰਿਸ਼ਤਿਆਂ ਉੱਤੇ ਕਾਟੇ ਫੇਰਦਾ ਚਲਿਆ ਜਾਂਦਾ
ਹੈ ਉਥੇ ਕੁਲਦੀਪ ਸ਼੍ਰੇਣੀਗਤ ਵਿਚਾਰਧਾਰਾ ਅਪਨਾਉਂਦਾ ਹੋਇਆ ਸਮਾਜ ਵਿਚਲੇ ਗ਼ਲਤ-ਮਲਤ ਹੋ
ਚੁੱਕੇ ਪ੍ਰਬੰਧ ਨੂੰ ਠੀਕ ਕਰਨਾ ਲੋਚਦਾ ਹੈ। ਇਹੀ ਲੋਚਾ ਉਸਦੀ ਮੌਤ ਦਾ ਕਾਰਨ ਬਣਦੀ ਹੈ। ਸੰਤਾ ਤੇ
ਕੁਲਦੀਪ ਆਪਣੇ ਆਪਣੇ ਮਕਸਦ ਵਿਚ ਅਸਫ਼ਲ ਰਹਿੰਦੇ ਹਨ। ਦੋਹਾਂ ਦੀ ਅਸਫ਼ਲਤਾ ਦਾ ਕਾਰਨ
ਉਹਨਾਂ ਦੀਆਂ ਵਿਚਾਰਧਾਰਾਵਾਂ ਨਹੀਂ ਬਲਕਿ ਸਫ਼ਲਤਾ-ਪ੍ਰਾਪਤੀ ਲਈ ਕੀਤੇ ਉਹਨਾਂ ਦੇ
ਵਿਅਕਤੀਗਤ ਜਤਨ ਬਣਦੇ ਹਨ। ਵਰਿਆਮ ਸਿੰਘ ਸੰਧੂ ਦੀ ਕਲਾਤਮਕ ਵਡਿਆਈ ਅਜਿਹੀ
ਕਲਾਤਮਕ ਸਿਰਜਣ-ਜੁਗਤ ਵਿਚ ਛੁਪੀ ਪਈ ਹੈ ਜਿਸ ਰਾਹੀਂ ਉਸਨੇ ਦੋਹਾਂ ਪਾਤਰਾਂ ਨੂੰ ਉਸ ਸਾਪੇਖਕ
ਸੱਚ ਨੂੰ ਲੱਭਦਿਆਂ ਵਿਖਾਇਆ ਹੈ, ਜੋ ਜੀਵਨ ਤੇ ਸਮਾਜ ਨੂੰ ਬਿਹਤਰ ਬਣਾ ਸਕਦਾ ਹੈ। ਸੰਧੂ ਦੀ
ਵਿਚਾਰਧਾਰਾ ਸਾਬਤ ਕਰਦੀ ਹੈ ਕਿ ਘਰ, ਪਰਿਵਾਰ ਅਤੇ ਸਥਾਨਕ ਤੇ ਗ਼ੈਰ-ਸਥਾਨਕ ਲੋਕਾਈ ਨਾਲ
ਜੁੜੇ ਬਿਨਾਂ ਕੋਈ ਵੀ ਵਿਚਾਰਧਾਰਕ ਲੜਾਈ ਲੜੀ ਨਹੀਂ ਜਾ ਸਕਦੀ। ਇਸ ਸੰਬੰਧੀ ਕਹਾਣੀ ਵਿਚੋਂ
ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਫਿਲਹਾਲ ਏਨਾ ਹੀ ਕਿਹਾ ਜਾਂਦਾ ਹੈ ਕਿ ਕਹਾਣੀ
ਵਿਚ ਆਏ ਸਾਰੇ ਮਰਦ ਤੇ ਇਸਤਰੀ ਪਾਤਰ ਜਿਵੇਂ ਸੰਤਾ, ਬੰਤਾ, ਕਰਮ ਕੌਰ, ਬਚਨੀ, ਨਿੰਦਰੋ, ਤੇਜੋ,
ਕੁਲਦੀਪ, ਰਤਨਾ, ਗਰਜਾ ਸਿੰਘ, ਭਾਈ ਜੋਧ ਸਿੰਘ, ਗੁਰਦੁਆਰੇ ਦਾ ਪ੍ਰਧਾਨ ਮੇਜਾ ਸਿੰਘ, ਪਿੰਡ ਦਾ
ਸਰਪੰਚ ਹਰਬੰਸ ਸਿੰਘ ਆਦਿ 'ਬਾਹਰਲੇ ਸੇਕ' (ਸਮਾਜਕ ਯਥਾਰਥ), 'ਅੰਦਰਲੇ ਹੁੰਮਸ' (ਮਾਨਸਿਕ



ਯਥਾਰਥ), 'ਚਾਹਨਾ' (ਮਾਨਵੀ ਆਦਰਸ਼) ਅਤੇ 'ਕਾਮਨਾ' (ਵਿਅਕਤੀਗਤ ਇੱਛਾ) ਨਾਲ ਆਪਸ
ਵਿਚ ਟੁੱਟਦੇ-ਜੁੜਦੇ, ਲੜਦੇ-ਭਿੜਦੇ ਅਤੇ ਤਿੜਕਦੇ-ਤਿੜਕਾਉਂਦੇ ਨਾ ਕੇਵਲ ਕਹਾਣੀ ਦੇ ਰੂਪ ਨੂੰ
ਨਿਖਾਰਦੇ ਹਨ, ਸਗੋਂ ਕਹਾਣੀ ਵਿਚ ਵਸਤੂ-ਸਥਿਤੀਆਂ ਦੀ ਗੜਗੜਾਹਟ ਤੇ ਚੇਤਨਾਗਤ ਪਾਸਾਰਾਂ
ਦੀ ਪ੍ਰਸ਼ਨੋਤਰੀ ਗੂੰਜ ਵੀ ਪੈਦਾ ਕਰਦੇ ਹਨ। ਇਸ ਗੂੰਜ ਦੀਆਂ ਪ੍ਰਮੁੱਖ ਧੁਨੀਆਂ ਹਨ : ਰੱਬ ਕੀ ਹੈ? ਕੀ
ਆਮ ਲੋਕਾਂ ਦਾ ਦਸਵੰਧ ਵੀ ਗੁਰਦੁਆਰੇ ਦੇ ਵਿਹਲੜ ਸਾਧ ਨਹੀਂ ਖਾ ਜਾਂਦੇ? ਨੇਕੀ ਤੇ ਬਦੀ ਕੀ
ਚੀਜ਼ਾਂ ਹਨ? ਕਿਸੇ ਦੀ ਮਰਜ਼ੀ ਤੋਂ ਬਿਨਾਂ ਜਬਰੀ ਲਈ ਗਈ 'ਸੇਵਾ' ਕੀ ਸੇਵਾ ਵਿਚ ਗਿਣੀ ਜਾਣੀ
ਚਾਹੀਦੀ ਹੈ? ਜਿੱਥੇ ਛੜਾ ਗ੍ਰੰਥੀ ਪਿੰਡ ਲਈ ਆਫ਼ਤ ਹੁੰਦਾ ਹੈ ਉਥੇ ਕੀ ਵਿਆਹੇ ਗ੍ਰੰਥੀ ਵੀ ਪਿੰਡ ਲਈ
ਆਫਤ ਨਹੀਂ ਬਣ ਸਕਦੇ? ਸੰਤਾ ਸਿੰਘ ਦਾ ਗਿਆਨ ਕੁਲਦੀਪ ਦੀ ਦਲੀਲ ਸਾਹਵੇਂ ਗੂੰਗਾ ਕਿਉਂ ਹੋ
ਜਾਂਦਾ ਹੈ? ਬੰਦਾ ਆਪਣੇ ਕੋਲੋਂ ਥੋੜ੍ਹਾ ਜਿਹਾ ਦੇ ਕੇ ਰੱਬ ਕੋਲੋਂ ਬਹੁਤ ਜ਼ਿਆਦਾ ਕੁਝ ਕਿਉਂ ਮੰਗਦਾ ਹੈ?
ਕੀ ਸੱਚਮੁੱਚ ਹੀ ਪੈਂਤੀਆਂ ਕੁ ਸਾਲਾਂ ਦੀ ਕਿਸੇ ਦੀ ਵਹੁਟੀ ਆਪਣੀ ਖਾਲੀ ਗੋਦ ਨੂੰ ਗੁਰਦੁਆਰੇ ਜਾ ਕੇ
ਤੇ ਸੁਲੇਮਾਨ ਦੀ ਕਬਰ 'ਤੇ ਦੀਵਾ ਜਗਾ ਕੇ ਭਰ ਸਕਦੀ ਹੈ? ਜ਼ਮੀਨ ਦੀ ਵੰਡ-ਵੰਡਾਈ ਕਿਸਾਨੀ
ਪਰਿਵਾਰ ਨੂੰ ਕਿਉਂ ਤੇ ਕਿਵੇਂ ਤੋੜਦੀ ਹੈ? ਇਤਿਆਦਿ। ਪ੍ਰਸ਼ਨਾਂ ਦਾ ਇਹ ਝੁਰਮਟ ਜੀਵਨ, ਰੱਬ ਤੇ
ਆਮ ਜੀਵ ਦੀ ਸਚਾਈ ਨੂੰ ਸਾਹਵੇਂ ਲਿਆਉਂਦਾ ਹੈ।

ਵਰਿਆਮ ਸੰਧੂ ਦੀ ਵਿਚਾਰਧਾਰਾ ਵਿਚ ਇਹ ਗੱਲ ਟਿਕੀ ਪਈ ਹੈ ਕਿ ਆਮ ਸੰਸਾਰੀ ਲੋਕ
ਜ਼ਿੰਦਗੀ ਦੇ ਸੱਚ ਦੀ ਖੇਡ ਲੋਹੇ ਦੇ ਹੱਥਾਂ ਨਾਲ ਹੀ ਖੇਡ ਸਕਦੇ ਹਨ। ਇਸ ਪ੍ਰਸੰਗ ਵਿਚ 'ਵਾਪਸੀ' ਤੇ
'ਲੋਹੇ ਦੇ ਹੱਥ' ਵਿਚਲੀਆਂ ਸ਼ਹਾਦਤ ਵਾਲੀਆਂ ਘਟਨਾਵਾਂ ਨੂੰ ਵੇਖਿਆ ਜਾ ਸਕਦਾ ਹੈ। 'ਵਾਪਸੀ'
ਵਿਚ ਕੁਲਦੀਪ ਦੀ ਸ਼ਹਾਦਤ ਵਾਲੀ ਘਟਨਾ ਦਾ ਬਿਆਨ 'ਲੋਹੇ ਦੇ ਹੱਥ' ਵਿਚ ਮਨੀ ਸਿੰਘ ਦੀ
ਸ਼ਹਾਦਤ ਦੀ ਪ੍ਰਕਿਰਿਆ ਵਿਚ ਪਿਆ ਹੈ। ਸਿੱਖੀ ਨਾਲ ਪਿਆਰ ਕਰਨ ਵਾਲੇ ਵਿਅਕਤੀ ਦੀ ਔਲਾਦ
'ਮਨੀ ਸਿੰਘ' ਦੇ ਰੂਪ ਵਿਚ ਬਦਤਰ ਜ਼ਿੰਦਗੀ ਜਿਊਣ ਨਾਲ ਕਦੇ ਸਮਝੌਤਾ ਨਹੀਂ ਕਰਦੀ। ਉਸਨੂੰ
ਬਦਤਰ ਜ਼ਿੰਦਗੀ ਵਿਚ ਸੁੱਟਣ ਵਾਲਾ ਉਹ ਨਿਜ਼ਾਮ ਹੈ ਜਿਸਨੇ 'ਕੱਲ' (ਭੂਤਕਾਲ) ਵਿਚ ਬਾਬਰ ਦੇ
ਰੂਪ ਵਿਚ ਕਿਸੇ ਨਾਨਕ ਕੋਲੋਂ ਚੱਕੀ ਪਿਸਾਈ ਸੀ ਤੇ ਜਿਹੜਾ (ਕੁਲਦੀਪ) 'ਅੱਜ' (ਵਰਤਮਾਨ) ਦੇ
ਰਖਵਾਲਿਆਂ (ਸਟੇਟ ਮਸ਼ੀਨਰੀ) ਦੇ ਹੱਥੋਂ ਮਾਰਿਆ ਜਾ ਚੁੱਕਾ ਸੀ ਤੇ ਉਹਨਾਂ ਰਖਵਾਲਿਆਂ ਨੇ ਉਸਦੀ
ਦੇਹ ਨੂੰ ਚੁੱਕ ਕੇ ਆਪੇ ਮੜ੍ਹੀ ਬਣਾ ਕੇ ਅੱਗ ਲਾ ਦਿੱਤੀ ਸੀ। ਵਰਿਆਮ ਸੰਧੂ ਦੀ ਦ੍ਰਿਸ਼ਟੀ ਨਿਜ਼ਾਮ ਦੀ
ਅਜਿਹੀ ਮਾੜੀ ਕਰਤੂਤ ਉੱਤੇ ਟਿਕਦੀ ਹੋਈ ਸਹਿਜ ਕਲਾਤਮਕ ਤਰੀਕੇ ਵਿਚ ਵਟ ਕੇ ਆਮ ਜਨਤਾ
ਨੂੰ ਸੱਚ ਦੀ ਖੇਡ ਖੇਡਣ ਲਈ ਲੋਹੇ ਦੇ ਹੱਥ ਬਣਾਉਣ ਦੀ ਪ੍ਰੇਰਨਾ ਦਿੰਦੀ ਹੈ।

ਕਹਾਣੀ 'ਦਲਦਲ' ਵਿਚਲਾ 'ਉਹ' ਪਾਤਰ ਜਿਵੇਂ 'ਵਾਪਸੀ' ਕਹਾਣੀ ਵਿਚਲੇ ਕੁਲਦੀਪ ਦਾ
ਹੀ ਦੂਸਰਾ ਰੂਪ ਹੋਵੇ। 'ਵਾਪਸੀ' ਵਿਚ ਕੁਲਦੀਪ ਨਕਸਲੀ ਯੋਧੇ ਦੇ ਰੂਪ ਵਿਚ ਜੇਤੂ ਨਾਇਕ ਵਾਂਗ
ਸ਼ਹੀਦ ਹੁੰਦਾ ਹੈ ਜਦਕਿ 'ਦਲਦਲ' ਵਿਚਲਾ 'ਉਹ' ਪਾਤਰ ਬਦਲੇ ਸਮੇਂ ਤੇ ਸਥਿਤੀਆਂ ਨੂੰ ਆਪਣੀ
ਸਮਾਜ-ਸ਼ਾਸਤਰੀ ਸੋਚਣੀ ਨਾਲ ਸੋਚਦਾ ਹੋਇਆ ਆਪਣੀ ਇਸ ਹਸਰਤ ਨੂੰ ਵੀ ਜ਼ਾਹਰ ਕਰਦਾ ਹੈ ਕਿ
ਫੁੱਟ ਦੀ ਸਿਆਸਤ ਤੇ ਕੁਸੋਧ ਨੇ ਉਹਨਾਂ ਦੀ ਇਨਕਲਾਬੀ ਜੱਥੇਬੰਦੀ (ਨਕਸਲੀ ਲਹਿਰ) ਨੂੰ ਖੰਡਤ
ਕਰ ਦਿੱਤਾ ਹੈ। 'ਦਲਦਲ' ਵਿਚਲਾ ਪਾਤਰ ਜਦੋਂ ਪਿੰਡ ਰਹਿੰਦਾ ਸੀ ਉਦੋਂ ਉਹ ਸਾਰੀ ਦੁਨੀਆਂ ਨੂੰ ਠੀਕ
ਕਰਨ ਦਾ ਸੰਕਲਪ ਲੈ ਕੇ ਸਮਾਜ-ਵਿਰੋਧੀ ਵਰਤਾਰੇ ਵਿਰੁੱਧ ਲੜਦਾ ਹੁੰਦਾ ਸੀ ਪਰ ਜਦੋਂ ਉਹ ਨੌਕਰੀ
'ਤੇ ਲੱਗ ਕੇ ਮੁਕਾਬਲਤਨ ਸੁਖ ਦੀ ਜ਼ਿੰਦਗੀ ਗੁਜ਼ਾਰ ਰਿਹਾ ਹੁੰਦਾ ਹੈ ਉਦੋਂ ਵੀ ਉਹ ਜ਼ੁਲਮ ਵਿਰੁੱਧ
ਲੜਨ ਦੀ ਵੰਗਾਰ ਅਤੇ ਮਜ਼ਲੂਮ ਧਿਰ ਦੀ ਵਕਾਲਤ ਦੀ ਸੋਚ ਨੂੰ ਆਪਣੇ ਸੀਨੇ ਵਿਚ ਲਈ ਫਿਰਦਾ
ਹੈ। ਦੁੱਖ ਉਸਨੂੰ ਇਸ ਗੱਲ ਦਾ ਹੈ ਕਿ ਲੋਕ ਜ਼ੁਲਮ ਵਿਰੁੱਧ ਲਾਮਬੰਦ ਹੋ ਕੇ ਆਵਾਜ਼ ਕਿਉਂ ਨਹੀਂ
ਉਠਾਉਂਦੇ। ਉਸਨੂੰ ਇਸ ਗੱਲ ਦਾ ਵੀ ਅਹਿਸਾਸ ਹੈ ਕਿ ਅਤਿ ਦਾ ਸਾਂਝਾ ਸੰਕਟ ਜਾਂ ਕੋਈ ਸਾਂਝੀ ਜੱਥੇ
ਬੰਦੀ ਹੀ ਲੋਕਾਂ ਨੂੰ ਇਕੱਠਿਆਂ ਕਰਕੇ ਸੰਘਰਸ਼ ਕਰਨ ਲਈ ਪ੍ਰੇਰ ਸਕਦੀ ਹੈ। ਅਜਿਹੀ ਪ੍ਰੇਰਨਾ ਸੰਧੂ ਦੀ

ਮਾਂਜੀ-ਸੰਵਰੀ ਭਾਸ਼ਾ-ਸ਼ੈਲੀ ਵਿਚ ਸਮਾਈ ਹੋਈ ਹੈ।

ਮਾਂਜੀ-ਸੰਵਾਰੀ ਭਾਸ਼ਾ-ਸ਼ੈਲੀ ਵਰਿਆਮ ਸੰਧੂ ਦੀ ਕਹਾਣੀ ਦਾ ਮੀਰੀ ਕਲਾਤਮਕ ਗੁਣ ਹੈ। ਇਹ ਮੀਰੀ ਗੁਣ ਨਾ ਕੇਵਲ ਉਸਦੀ ਹਰ ਕਹਾਣੀ ਵਿਚੋਂ ਝਲਕਦਾ ਹੈ ਬਲਕਿ ਉਸਦੀ ਹਰ ਕਹਾਣੀ ਦੀਆਂ ਚੂਲਾਂ ਨੂੰ ਕਸਣ ਦਾ ਕਾਰਜ ਵੀ ਕਰਦਾ ਹੈ। ਮਿਸਾਲ ਦੇ ਤੌਰ 'ਤੇ 'ਦਲਦਲ' ਕਹਾਣੀ ਦੇ ਡਾਕਟਰ ਨਾਮੀ ਪਾਤਰ ਦੇ ਇਹ ਬੋਲ ਵਿਚਾਰਨਯੋਗ ਹਨ: "ਮੈਂ ਤਾਂ ਇਹ ਆਖੂੰਗਾ ਜੀ ਕਿ ਸਾਰਾ ਪਿੰਡ ਨੰਗਾ ਹੋ ਗਿਆ...ਸਾਰੀ ਭਾਰਤ ਮਾਂ ਨੰਗੀ ਹੋ'ਗੀ...ਹੈਂ ਜੀ...।" ਜਿੱਥੇ ਡਾਕਟਰ ਦੇ ਇਹ ਬੋਲ ਕਹਾਣੀ ਵਿਚਲੀ ਔਰਤ ਨੂੰ ਨੰਗੀ ਕਰਾ ਕੇ ਪਿੰਡ 'ਚ ਫੇਰਨ ਵਾਲੀ ਇਕ ਘਟਨਾ ਨੂੰ ਅਰਥ ਪ੍ਰਦਾਨ ਕਰਦੇ ਹਨ ਉੱਥੇ ਵਰਿਆਮ ਸਿੰਘ ਸੰਧੂ ਦੇ ਮਾਨਵਵਾਦੀ ਦ੍ਰਿਸ਼ਟੀਕੋਣ ਨੂੰ ਦੇਸ਼ ਦੇ ਵਡੇਰੇ ਪ੍ਰਸੰਗਾਂ ਨਾਲ ਜੁੜੇ ਹੋਏ ਵੀ ਪ੍ਰਮਾਣਿਤ ਕਰਦੇ ਹਨ। ਪਿੰਡ ਦੀ ਧੀ-ਭੈਣ ਨੂੰ ਕੱਜਣ ਦਾ ਫਰਜ਼ ਨਿਭਾਉਣ ਵਾਲੀ ਪੇਂਡੂ ਜਨਤਾ ਨੂੰ ਪਿੰਡ ਵਿਚ ਤਕੜੇ ਤੇ ਬਦਮਾਸ਼ ਸਮਝੇ ਜਾਂਦੇ ਜੀਤੂ ਨਾਂ ਦੇ ਵਿਅਕਤੀ ਦੀ ਪਿੰਡ ਦੀ ਹੀ ਇਕ ਨੂੰਹ ਨੂੰ ਨੰਗਾ ਘੁਮਾਉਣ ਵਾਲੀ ਕੋਝੀ ਹਰਕਤ ਸੁੰਨ ਕਿਉਂ ਨਹੀਂ ਕਰ ਦਿੰਦੀ? ਕਹਾਣੀ ਦਾ 'ਉਹ' ਪਾਤਰ ਕਹਾਣੀ ਦੇ ਅੰਤ ਵਿਚ ਕਿਉਂ ਚੀਕਣੀ ਦਲਦਲ ਵਿਚ ਗਲ-ਗਲ ਤਕ ਖੁਭ ਕੇ ਉਸਦੇ ਹੇਠਾਂ ਹੀ ਹੇਠਾਂ ਧਸਦਾ ਜਾਂਦਾ ਹੈ? ਕਿਉਂਕਿ ਵਰਿਆਮ ਸੰਧੂ ਸਮੇਂ, ਸਥਾਨ ਤੇ ਸਥਿਤੀਆਂ ਨੂੰ ਯਥਾਰਥਵਾਦ ਦੀ ਵਿਧੀ ਰਾਹੀਂ ਦਰਸਾਉਣ ਵਾਲਾ ਕਹਾਣੀਕਾਰ ਹੈ। ਇਸ ਪਰਥਾਏ ਡਾ. ਰਘਬੀਰ ਸਿੰਘ ਦੇ ਵਿਚਾਰ ਹਨ: "ਯਥਾਰਥਵਾਦ ਦੀ ਵਿਧੀ ਨੂੰ ਅਤਿ-ਕੁਸ਼ਲਤਾ ਨਾਲ ਵਰਤੋਂ ਵਿਚ ਲਿਆਉਣ ਦੀ ਮੁਹਾਰਤ ਸਦਕਾ ਹੀ ਵਰਿਆਮ ਕਹਾਣੀਕਾਰਾਂ ਦੀ ਮੋਹਰਲੀ ਕਤਾਰ ਵਿਚ ਆ ਸਕਿਆ ਹੈ। ਯਥਾਰਥਵਾਦ ਦੀ ਵਿਧੀ ਦੀ ਉਸ ਦੀ ਸਮਝ ਨੇ, ਬਿਨਾਂ ਕਿਸੇ ਉਲਾਰ ਦੇ, ਉਹਨਾਂ ਸਾਰੇ ਗੁਣਾਂ ਦਾ ਉਸ ਦੀ ਕਹਾਣੀ ਵਿਚ ਸਮਾਵੇਸ਼ ਕਰਵਾ ਦਿੱਤਾ ਹੈ ਜੋ ਪ੍ਰਗਤੀਵਾਦੀ ਜਾਂ ਮਨੋਵਿਗਿਆਨਕ ਪਹੁੰਚ ਨਾਲ ਸੰਭਵ ਸਮਝਿਆ ਜਾਂਦਾ ਰਿਹਾ ਹੈ। ਉਸਦੀ ਕੋਈ ਵੀ ਰਚਨਾ ਮਹਿਜ਼ ਸਤਹ ਉੱਤੇ ਨਹੀਂ ਵਿਚਰਦੀ। ਵਿਆਪਕ ਸਮਾਜਕ ਵਰਤਾਰੇ ਅਤੇ ਮਨੁੱਖੀ ਮਨ ਦੀਆਂ ਲੁਕਵੀਆਂ ਪਰਤਾਂ ਉੱਤੇ ਉਹ ਸਮਾਜ-ਵਿਗਿਆਨੀ ਤੇ ਮਨੋਵਿਗਿਆਨੀ ਵਰਗੀ ਝਾਤ ਪਾਉਂਦਾ ਹੈ, ਪਰ ਇਕ ਸਿਰਜਕ ਵਾਂਗ। ਉਹ ਇਸ ਸਮਝ ਦਾ ਧਾਰਨੀ ਜਾਪਦਾ ਹੈ ਕਿ ਰੋਹ, ਰੁਦਨ ਜਾਂ ਹੁਲਾਸ ਵਰਗੇ ਕਿਸੇ ਵੀ ਭਾਵ ਨੂੰ ਉਲਾਰ ਰੂਪ ਵਿਚ ਪੇਸ਼ ਕਰਨਾ ਦਰੁਸਤ ਨਹੀਂ। ਨਿਰਾਸਤਾ ਦੇ ਭਾਵਾਂ ਨੂੰ ਉਭਾਰਨ ਦਾ ਵੀ ਉਹ ਕਾਇਲ ਨਹੀਂ।"

ਡਾ. ਰਘਬੀਰ ਸਿੰਘ ਦੀ ਉਪਰੋਕਤ ਧਾਰਨਾ ਦੀ ਪੁਸ਼ਟੀ ਲਈ 'ਅਸਲੀ ਤੇ ਵੱਡੀ ਹੀਰ' ਕਹਾਣੀ ਦਾ ਮਹਿਜ਼ ਇਹ ਬਿਰਤਾਂਤਕ ਟੁਕੜਾ ਲੈਂਦਾ ਹਾਂ: "ਬਲਵੰਤ ਉਹਦਾ (ਸੁਖਵੰਤ ਦਾ) ਛੋਟਾ ਭਰਾ ਸੀ ਜੋ ਕਾਲਿਜ ਵਿਚੋਂ ਪੜ੍ਹ ਕੇ ਹਟਿਆ ਸੀ। ਵਧੀਆ ਐਥਲੀਟ ਹੋਣ ਦੇ ਨਾਲ ਨਾਲ ਰਾਜਨੀਤਕ ਸੂਝ ਵੀ ਰਖਦਾ ਸੀ। ਉਸ ਅਨੁਸਾਰ ਉਹ ਪਿਛਲੇ ਤਿੰਨਾ-ਚਹੁੰ ਸਾਲਾਂ ਵਿਚ ਭਾਰਤੀ ਕਮਿਊਨਿਸਟ ਲਹਿਰ ਦਾ ਸਭ ਪਾਸਿਉਂ ਪੱਥਰ ਚੱਟ ਮੁੜਿਆ ਸੀ ਤੇ ਹੁਣ ਉਹ ਕਹਿੰਦਾ ਸੀ ਕਿ ਅਸੀਂ ਸਾਰੇ ਕਾਮਰੇਡ ਕਿਸਮ ਦੇ ਆਦਮੀ ਹਾਂ-ਕਾਮਰੇਡ ਨਹੀਂ। ਜਿਵੇਂ ਪੰਜਵੀਂ ਵਿਚ ਪੜ੍ਹਦੇ ਬੱਚੇ ਯਾਦ ਕਰਨ, ਨਾਉਂ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ? ਬਸ ਕੁਝ ਇੰਝ ਹੀ...ਕਾਮਰੇਡ ਕਿੰਨੀ ਕਿਸਮ ਦੇ ਹੁੰਦੇ ਹਨ?...ਸੱਜਾ...ਖੱਬਾ...ਨਕਸਲਬਾੜੀਆ...ਜਾਂ ਰੂਸ-ਪੱਖੀ?...ਚੀਨ-ਪੱਖੀ?...ਉਹ ਹੱਸਦਾ...ਤੇ ਲੋਕ-ਪੱਖੀ ਕਿਉਂ ਨਹੀਂ?...ਪਰ ਮਜ਼ੇ ਦੀ ਗੱਲ ਤਾਂ ਇਹ ਸੀ ਕਿ ਅਸੀਂ ਸਾਰੇ ਆਪਣੇ ਆਪ ਨੂੰ ਸਹੀ ਕਮਿਊਨਿਸਟ ਸਮਝਦੇ ਸਾਂ ਤੇ ਘੰਟਿਆਂ-ਬੱਧੀ ਆਪਣੇ ਹੱਕ ਵਿਚ ਦਲੀਲਾਂ ਦੇ ਸਕਦੇ ਸਾਂ।" ਇਸ ਬਿਰਤਾਂਤਕ ਟੁਕੜੇ ਵਿਚ ਬਲਵੰਤ ਸਿੰਘ ਦੇ ਰੂਪ ਵਿਚ ਵਰਿਆਮ ਸੰਧੂ ਦੀ ਦ੍ਰਿਸ਼ਟੀਗਤ ਪਹੁੰਚ ਦ੍ਰਿਸ਼ਟਮਾਨ ਹੈ, ਜਿਹੜੀ ਭਾਰਤੀ ਕਮਿਊਨਿਸਟ ਲਹਿਰ ਨੂੰ ਆਪਣੇ ਢੰਗ ਨਾਲ ਵਿਸ਼ਲੇਸ਼ਤ ਕਰਦੀ ਹੋਈ ਪ੍ਰਸ਼ਨ ਪੈਦਾ ਕਰਦੀ ਹੈ ਕਿ ਕਿਰਤੀ ਕਿਸਾਨ ਦੀ ਭਾਈਵਾਲ ਦੇ ਰੂਪ ਵਿਚ ਭਾਰਤੀ ਕਮਿਊਨਿਸਟ ਲਹਿਰ ਵਿਹਾਰ ਵਿਚ ਲੋਕ-ਪੱਖੀ ਸਾਬਤ ਕਿਉਂ ਨਾ ਹੋਈ?



ਵਰਿਆਮ ਸਿੰਘ ਸੰਧੂ ਦ੍ਰਿਸ਼ਟਾਂਤਕ ਗਲਪ ਦੀ ਸਿਰਜਣਾ ਪ੍ਰਤੀਮਾਨਕ ਗਲਪ ਨੂੰ ਸਿਰਜਣ ਲਈ ਕਰਦਾ ਹੈ। ਉਸ ਦੀਆਂ ਕਹਾਣੀਆਂ ਵਿਚ ਪ੍ਰਤੀਮਾਨਕ ਗਲਪ ਪੰਜਾਬ ਦੇ ਸਭਿਆਚਾਰਕ ਰੂਪਾਂਤਰਣ ਨੂੰ ਸਿਰਜਣ ਦੀ ਕਲਾ ਵਿਚੋਂ ਉਜਾਗਰ ਹੁੰਦਾ ਹੈ। 'ਅੰਗ-ਸੰਗ' ਕਹਾਣੀ ਦੇ ਅਮਰੀਕ ਨਾਮੀ ਪਾਤਰ ਦੇ ਜੀਵਨ-ਯਥਾਰਥ ਨੂੰ ਚਿਤਰਦੇ ਸਮੇਂ ਕਹਾਣੀਕਾਰ ਉਸ ਸਮੇਤ ਉਸ ਦੀਆਂ ਦੋ ਹੋਰ ਪੀੜ੍ਹੀਆਂ ਦੀ ਗੱਲ ਵੀ ਕਰੀ ਜਾਂਦਾ ਹੈ। ਇਹੋ ਤਕਨੀਕ ਉਸਨੇ 'ਕਿੱਥੇ ਗਏ!' ਕਹਾਣੀ ਵਿਚ ਵੀ ਵਰਤੀ ਹੈ। ਦੋਹਾਂ ਕਹਾਣੀਆਂ ਵਿਚ ਤਿੰਨਾਂ ਪੀੜ੍ਹੀਆਂ ਦਾ ਚਿਤਰਣ ਅਸਲ ਵਿਚ ਪੰਜਾਬ ਦੇ ਕਿਸਾਨੀ ਸਮਾਜ ਦੇ ਸਭਿਆਚਾਰਕ ਰੂਪਾਂਤਰਣ ਦਾ ਉਤਕ੍ਰਿਸ਼ਟ ਨਮੂਨਾ ਹਨ। ਗ਼ਰੀਬੀ ਦੇ ਹਾਲਾਤ ਵਿਚ ਵਿਚਰਦੀ ਕਿਸਾਨੀ ਸਮਾਜ ਦੀ ਪਹਿਲੀ ਪੀੜ੍ਹੀ ਜੇ ਵਿਦੇਸ਼ਾਂ 'ਚ ਜਾ ਕੇ ਪੈਸਾ ਕਮਾਉਂਦੀ ਸੀ ਤਾਂ ਦੂਸਰੀ ਪੀੜ੍ਹੀ ਉਸ ਕਮਾਏ ਪੈਸੇ ਨੂੰ ਜ਼ਮੀਨ ਵਿਚ ਲਗਾਕੇ ਜਾਂ ਖਾਣ-ਪੀਣ ਵਿਚ ਖਰਚ ਕਰਦੀ ਹੋਈ ਆਪਣੀ ਤੀਸਰੀ ਪੀੜ੍ਹੀ ਨੂੰ ਮੁੜ ਉਸੇ ਗਰੀਬੀ ਦੀ ਅਵਸਥਾ ਵਿਚ ਜਾਂ ਫਿਰ, ਖੁਸ਼ਹਾਲੀ ਦੀ ਅਵਸਥਾ ਵਿਚ ਪਹੁੰਚਾ ਦਿੰਦੀ ਹੈ।

ਵਰਿਆਮ ਸੰਧੂ ਪੰਜਾਬੀ ਦੀ ਕਿਸਾਨੀ ਦੇ ਅਜਿਹੇ ਸਮਾਜਕ, ਸਭਿਆਚਾਰਕ ਤੇ ਆਰਥਿਕ ਰੂਪਾਂਤਰਣ ਨੂੰ ਸਿਰਜਣ ਸਮੇਂ ਕਮਜ਼ੋਰ ਕਿਸਾਨੀ ਧਿਰ ਦੀ ਕਲਾਤਮਕ ਬਾਂਹ ਬਣ ਕੇ ਵਿਚਰਦਾ ਹੈ। ਇਸੇ ਲਈ ਉਸਨੇ 'ਅੰਗ-ਸੰਗ' ਦੇ ਅਮਰੀਕ ਅਤੇ 'ਕਿੱਥੇ ਗਏ!' ਦੇ ਬਚਨੇ ਦੇ ਜੀਵਨ-ਬਿਰਤਾਂਤਾਂ ਨੂੰ ਦ੍ਰਿਸ਼ਟਾਂਤਕ ਪੱਧਰ ਉੱਤੇ ਚਿਤਰ ਕੇ ਕਿਸਾਨੀ ਦਾ ਇਹ ਆਰਥਿਕ ਪ੍ਰਤੀਮਾਨ ਦਿੱਤਾ ਹੈ ਕਿ "ਹਰਾ ਇਨਕਲਾਬ" ਗ਼ਰੀਬ ਕਿਸਾਨੀ ਵਰਗ ਲਈ "ਪੀਲਾ ਇਨਕਲਾਬ" ਹੀ ਸਾਬਤ ਹੋਇਆ ਹੈ ਅਤੇ ਬਚਨੇ ਦੇ ਰੂਪ ਵਿਚ "ਕਿੱਥੇ ਗਿਆ?...ਉਏ ਕਿੱਥੇ ਗਏ..." ਦੀ ਤੁਕ ਵਿਚ ਹੀ ਵਾਧਾ ਕਰ ਸਕਦਾ ਹੈ। ਜਾਂ ਫਿਰ, 'ਨਾਇਕ' ਕਹਾਣੀ ਦੇ ਪਾਤਰ ਵਾਂਗ "ਸੁਰਖ ਇਨਕਲਾਬ" ਦੀ ਭਾਲ ਕਰਦਾ ਕਰਦਾ ਜ਼ਿੰਦਗੀ ਜਿਊਣ ਲਈ ਅਨੇਕਾਂ ਪਾਪੜ ਵੇਲਦਾ ਹੈ। ਕਹਾਣੀਕਾਰ ਨੇ ਦੋਹਾਂ ਦੀਆਂ ਯਥਾਰਥਕ ਸਥਿਤੀਆਂ ਨੂੰ ਵਿਅੰਗ ਦੀ ਪੱਧਰ 'ਤੇ ਪੇਸ਼ ਕੀਤਾ ਹੈ। ਵਿਅੰਗ ਸਿਰਜਣ ਦੀ ਰਚਨਾਤਮਕ ਜੁਗਤ ਵਰਿਆਮ ਸਿੰਘ ਸੰਧੂ ਦੀ ਕਹਾਣੀ ਦਾ ਮੂਲ ਕਲਾਤਮਕ ਨਸ਼ਤਰ ਹੈ। ਵਿਅੰਗ ਨੂੰ ਉਘਾੜਣ ਸਮੇਂ ਕਦੇ ਕਦੇ ਉਹ ਅਲੰਕਾਰਕ ਸ਼ੈਲੀ ਦਾ ਇਸਤੇਮਾਲ ਵੀ ਕਰਦਾ ਹੈ। ਜਿਵੇਂ ਬਚਨੇ ਦੇ ਜੀਵਨ-ਚਰਿੱਤਰ ਦੇ ਆਰਥਿਕ ਪਹਿਲੂ ਉੱਤੇ ਨਜ਼ਰ ਮਾਰਨ ਲਈ ਉਸਨੇ ਖ਼ਰਬੂਜੇ ਦੇ ਰੂਪਕ ਦਾ ਇਸਤੇਮਾਲ ਕੀਤਾ ਹੈ: "ਉਹ ਮੰਡੀ ਵਿਚਲੇ ਪੀਲੇ ਰੰਗ ਉੱਤੇ ਹਰੇ ਰੰਗ ਦੀਆਂ ਫਾੜੀਆਂ ਵਾਲੇ ਖ਼ਰਬੂਜੇ ਵਾਂਗ ਪੀਲੇ ਰੰਗ ਉੱਤੇ ਹਰੀਆਂ ਨਾੜੀਆਂ ਵਾਲਾ ਖ਼ਰਬੂਜਾ ਬਣ ਗਿਆ ਸੀ।" ਇਹ ਚਿਹਨ ਪੰਜਾਬ ਦੀ ਕਿਸਾਨੀ ਦੇ 'ਮਜ਼ਦੂਰ ਮੰਡੀ' ਵਿਚ ਵਟਣ ਦੀ ਪ੍ਰਕਿਰਿਆ ਨੂੰ ਦਰਸਾਉਂਦਾ ਹੈ। ਪੰਜਾਬ ਦੀ ਕਿਸਾਨੀ ਜਾਂ ਤਾਂ ਆਪਣੇ ਅੰਗ-ਸੰਗ (ਵਰਤਮਾਨ) ਨੂੰ ਕਿੱਥੇ ਗਏ (ਭੂਤਕਾਲ) ਦੇ ਪ੍ਰਸੰਗ ਵਿਚ ਦੇਖਦੀ ਹੈ ਤੇ ਜਾਂ ਫਿਰ, 'ਡੁੱਬਦਾ ਚੜ੍ਹਦਾ' ਤੇ 'ਹਨ੍ਹੇਰੀ' ਕਹਾਣੀਆਂ ਵਿਚਲੇ ਕਾਮਰੇਡ ਪਾਤਰਾਂ ਦੇ ਕਿਸਾਨੀ ਨੂੰ ਜਾਗ੍ਰਿਤ ਕਰਨ ਵਾਲੇ ਨਕਸਲੀ ਕਾਰਨਾਮਿਆਂ ਦੇ ਰੂਪ ਨੂੰ ਵਰਤਦੀ ਹੋਈ ਸਮਾਜਕ ਤੇ ਰਾਜਨੀਤਕ ਪੱਖੋਂ ਚੇਤੰਨ ਹੋ ਰਹੀ ਹੈ। ਕਿਸਾਨੀ ਸਮਾਜ ਇਸ ਪੱਖੋਂ ਵੀ ਚੇਤੰਨ ਹੋ ਰਿਹਾ ਹੈ ਕਿ ਦੇਸ਼ ਅੰਦਰ ਗ਼ਰੀਬੀ 'ਚ ਵਾਧਾ, ਬੇਈਮਾਨੀ 'ਚ ਵਾਧਾ, ਜ਼ੁਲਮ 'ਚ ਵਾਧਾ ਤੇ ਲੁੱਟ 'ਚ ਵਾਧਾ ਕਿਉਂ ਹੋ ਰਿਹਾ ਹੈ? ਇਸ ਮੰਤਵ ਦੀ ਸਿੱਧੀ ਲਈ ਕਹਾਣੀਕਾਰ ਨੇ ਕਿਸਾਨੀ ਦੇ ਚਰਿੱਤਰ ਚਿਤਰਣ ਰਾਹੀਂ ਦੇਸ਼ ਦੇ ਚਰਿੱਤਰ ਨੂੰ ਕੁਝ ਇਸ ਤਰ੍ਹਾਂ ਉਘਾੜਿਆ ਹੈ: "ਫੇਰ ਸਾਰੇ ਜਾਣੇ (ਨਿਮਨ ਕਿਸਾਨ) ਬੈਠ ਕੇ ਬਦਲਦੇ ਜਾ ਰਹੇ ਜ਼ਮਾਨੇ ਦੀਆਂ, ਮਹਿੰਗਾਈ ਦੀਆਂ, ਦਿਨ-ਬ-ਦਿਨ ਬਦਤਰ ਹੁੰਦੀ ਜਾ ਰਹੀ ਹਾਲਤ ਦੀਆਂ, ਬਿਜਲੀ ਦੀਆਂ, ਖਾਦ ਦੀਆਂ, ਸੀਮੇਂਟ ਦੀਆਂ, ਨੌਜਵਾਨਾਂ ਦੀ ਜੱਥੇਬੰਦੀ ਦੀਆਂ ਗੱਲਾਂ ਕਰਨ ਲੱਗ ਪਏ।" ਅਜਿਹੀਆਂ "ਗੱਲਾਂ" ਵਰਿਆਮ ਸੰਧੂ ਦੀਆਂ ਕਹਾਣੀਆਂ ਦਾ ਗਾਲਪਨਿਕ ਵਿਸਤਾਰ ਬਣੀਆਂ ਹਨ।

'ਗੁਰਮੁਖ ਸਿੰਘ' ਕਹਾਣੀ ਵਿਚ ਪੰਜਾਬ ਦੇ ਹਰੇ ਇਨਕਲਾਬ ਤੋਂ ਚਿੱਟੇ ਇਨਕਲਾਬ ਤਕ ਦੇ ਸਫ਼ਰ ਨੂੰ ਗ਼ਰੀਬ ਕਿਸਾਨੀ ਦੀ ਧਿਰ ਬਣ ਕੇ ਪੇਸ਼ ਕੀਤਾ ਗਿਆ ਹੈ। ਜਿੱਥੇ ਕਹਾਣੀਕਾਰ ਰੇਡੀਓ ਤੋਂ

ਪ੍ਰਚਾਰੇ ਜਾਂਦੇ ਹਰੇ ਇਨਕਲਾਬ ਨੂੰ ਬਲਦਾਂ ਦੀਆਂ ਉੱਭਰੀਆਂ ਹੋਈਆਂ ਪੱਸਲੀਆਂ ਅਤੇ ਧਰਤੀ ਦੀ ਹਿੱਕ ਪਾੜਨ ਵਾਲੇ ਕਿਸਾਨ ਦੀਆਂ ਸਮਾਜਕ ਤੇ ਆਰਥਿਕ ਮੁਸ਼ਕਲਾਂ ਵਿਚੋਂ ਲੱਭਣ ਦਾ ਯਤਨ ਕਰਦਾ ਹੈ। ਸੰਧੂ ਦੀ ਸਿਰਜੀ ਗਲਪ-ਧੁਨੀ ਪਤਾ ਦਿੰਦੀ ਹੈ ਕਿ ਪੰਜਾਬ ਦੇ ਬਲਦ ਤੇ ਬਲਦ ਨਾਲ ਜੁੜਿਆ ਕਿਸਾਨੀ ਵਿਰਸਾ ਕੋਈ ਖਾ ਰਿਹਾ ਜਾਂ ਖਾ ਗਿਆ ਹੈ। ਇਸ 'ਕੋਈ' ਦੀ ਪਛਾਣ ਉਸ ਨੇ ਗੁਰਮੁਖ ਸਿੰਘ ਨਾਮੀ ਪਾਤਰ ਦੀ ਖੁਸ਼ਹਾਲ ਸਥਿਤੀ ਨੂੰ ਕਰਵਾ ਕੇ ਦਿੱਤੀ ਹੈ। ਗੁਰਮੁਖ ਸਿੰਘ ਵਰਗੇ ਕਿਸਾਨਾਂ ਨੇ ਹੀ ਹਰੇ ਇਨਕਲਾਬ ਦੇ ਮੌਕਿਆਂ ਨੂੰ ਮਾਣਿਆ ਹੈ। ਕਿਉਂਜੁ, ਉਹਨਾਂ ਕੋਲ ਸਰਮਾਏ ਦੀ ਸ਼ਕਤੀ ਹੋਣ ਦੇ ਨਾਲ ਨਾਲ ਰਾਜਸੀ ਸ਼ਕਤੀ ਵੀ ਪ੍ਰਾਪਤ ਹੈ। ਕਹਾਣੀਕਾਰ ਦੀ ਦ੍ਰਿਸ਼ਟੀ ਵਿਚ ਰਾਜਿਆਂ ਦੇ ਪ੍ਰੀਵੀ-ਪਰਸ ਬੰਦ ਕਰਕੇ ਗ਼ਰੀਬੀ ਨਾਲ ਘੋਲ ਕਰਨ ਵਾਲੀ ਸਰਕਾਰ ਨੇ ਅਸਲ 'ਚ 'ਨਾਇਕ', 'ਤਾਰ ਉੱਤੇ ਤੁਰਦਾ ਆਦਮੀ', 'ਸੁਨਿਹਰੀ ਕਿਣਕਾ' ਅਤੇ 'ਡੂੰਮ੍ਹ' ਕਹਾਣੀਆਂ ਵਿਚਲੇ ਕ੍ਰਮਵਾਰ ਗੁਰਬਚਨ ਸਿੰਘ ਉਰਫ਼ ਸ਼ੰਕਰ ਭਗਵਾਨ, ਮਨਜੀਤ, ਫੌਜੂ ਅਤੇ ਤੇਜੂ ਵਰਗੇ ਵਿਅਕਤੀਆਂ ਨੂੰ ਜਨਮ ਦੇ ਕੇ ਗਲਪ ਦੇ ਪਾਤਰਾਂ ਦੀ ਸਿਰਜਣਾ ਕਰਵਾਈ ਹੈ। ਗ਼ਰੀਬੀ ਨੇ ਹੀ ਤੇਜੂ ਨੂੰ ਜੱਟ ਤੋਂ ਕੰਮੀ ਬਣਾ ਕੇ ਉਸ ਨਾਲ ਉਹ ਭਾਣਾ ਵਰਤਾਇਆ ਹੈ ਜਿਹੜਾ ਕਹਾਣੀ ਵਿਚ "ਲੋਕ, ਸਰਦਾਰ ਤੇ ਤੇਜੂ ਤਿੰਨੇ ਧਿਰਾਂ" ਦੇ ਘੋਲ-ਮਥੋਲੇ ਰਾਹੀਂ ਹੀ ਵਾਪਰ ਸਕਦਾ ਸੀ। ਅਜਿਹੇ ਵਰਤਾਰੇ ਵਿਚੋਂ ਹੀ ਪ੍ਰੀਤੂ ਉਰਫ਼ ਪ੍ਰੀਤਮ ਸਿੰਘ (ਸੁਨਿਹਰੀ ਕਿਣਕਾ), ਸਰਦਾਰ ਬਹਾਦਰ ਨਾਜ਼ਰ ਸਿੰਘ ਤੇ ਉਸਦਾ ਪੁੱਤਰ ਸਰਦਾਰ ਗੁਰਬਚਨ ਸਿੰਘ (ਡੂੰਮ੍ਹ), ਮਾਸਟਰ ਦੇ ਰੂਪ ਵਿਚ ਬਲਬੀਰ ਸਿੰਘ ਵਰਗੇ ਮਾਸਟਰ (ਤਾਰ ਉੱਤੇ ਤੁਰਦਾ ਆਦਮੀ) ਅਤੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦੇ ਰੂਪ ਵਿਚ ਸਰਦਾਰ ਗੁਰਮੁਖ ਸਿੰਘ (ਗੁਰਮੁਖ ਸਿੰਘ) ਵਰਗੇ ਵਿਅਕਤੀ ਗ਼ਲਤ ਸਮਾਜਕ ਅਲਾਮਤਾਂ ਪੈਦਾ ਕਰਦੇ ਹਨ। ਅਜਿਹੀਆਂ ਅਲਾਮਤਾਂ ਵਿਰੁੱਧ ਘੋਲ ਕਰਦੇ ਵਿਅਕਤੀ ਵਰਿਆਮ ਸੰਧੂ ਦੀਆਂ ਕਹਾਣੀਆਂ ਦੇ ਮੂਲ ਪਾਤਰ ਬਣਦੇ ਹਨ। ਪਾਤਰਾਂ ਨੂੰ ਉਹਨਾਂ ਦੀਆਂ ਮੂਲ ਵਾਸਤਵਿਕ ਸਥਿਤੀਆਂ ਨਾਲ ਜੁੜੇ ਰੱਖਣ ਦੀ ਗਲਪ-ਜੁਗਤ ਵਰਤ ਕੇ ਉਹ ਜਿਹੜਾ ਗਲਪ-ਬਿੰਬ ਘੜਦਾ ਹੈ ਉਸ ਤੋਂ ਸਹਿਜੇ ਹੀ ਪਤਾ ਚੱਲ ਜਾਂਦਾ ਹੈ ਕਿ ਵਰਿਆਮ ਸੰਧੂ 'ਜੋ ਹੋਣਾ ਚਾਹੀਦਾ ਹੈ' ਚਿਤਰਨ ਨਾਲੋਂ 'ਜੋ ਹੈ' ਨੂੰ ਇਸ ਤਰ੍ਹਾਂ ਚਿਤਰਦਾ ਹੈ ਕਿ ਉਸ ਵਿਚੋਂ ਅਚੇਤ ਤੌਰ 'ਤੇ 'ਜੋ ਚਾਹੀਦਾ ਹੈ' ਦੀ ਸੋਝੀ ਪੈਂਦੀ ਹੈ। ਸਾਹਿਤ ਸਿਰਜਣ ਦੀ ਅਜਿਹੀ ਕਲਾਤਮਕ ਸਮਝ ਹੀ ਵਰਿਆਮ ਸੰਧੂ ਨੂੰ ਯਥਾਰਥਵਾਦੀ ਕਹਾਣੀਕਾਰਾਂ ਦੀ ਮੋਹਰੀ ਕਤਾਰ ਵਿਚ ਲਿਆ ਖੜ੍ਹਾਉਂਦੀ ਹੈ।

ਵਰਿਆਮ ਸੰਧੂ ਦੀ ਗਲਪ ਦ੍ਰਿਸ਼ਟੀ ਬਦਲਦੇ ਜ਼ਮਾਨੇ ਉੱਤੇ ਫੋਕਸ ਕਰਦੀ ਹੈ ਪਰ ਉਸਦੀ ਕਲਾਤਮਕ ਵਿਲੱਖਣਤਾ ਇਸ ਫੋਕਸੀਕਰਨ ਦੀ ਤਕਨੀਕ ਵਿਚ ਪਈ ਹੈ। ਤਕਨੀਕ ਉਸਦੀ ਸ਼ੈਲੀ ਵਿਚ ਰਮੀ ਹੋਈ ਹੈ। ਯਥਾਰਥਵਾਦੀ ਸ਼ੈਲੀ ਨੂੰ ਉਘਾੜਨ ਤੇ ਹੋਰ ਪਕੇਰਾ ਬਣਾਉਣ ਲਈ ਵਰਿਆਮ ਸੰਧੂ ਨੇ ਆਪਣੀ ਕਹਾਣੀ ਵਿਚ ਸੰਸਮਰਣੀ ਸ਼ੈਲੀ ਨੂੰ ਬਾਖੂਬੀ ਨਿਭਾਇਆ ਹੈ। ਉਸਦੀ ਲਗਪਗ ਹਰ ਰਚਨਾ ਵਿਚੋਂ ਯਾਦਾਂ ਵਰਗੀ ਟੋਹ ਲੱਭਦੀ ਹੈ। ਯਾਦਾਂ ਪਾਤਰਾਂ ਦੀਆਂ ਹਨ। ਪਾਤਰਾਂ ਦੀ ਸੋਚ ਜ਼ਮਾਨੇ ਦੀ ਸੋਚ ਹੈ। ਪਾਤਰਾਂ ਨਾਲ ਘਟਦੀਆਂ ਘਟਨਾਵਾਂ ਸਮਾਜਕ ਸੱਚ ਹਨ। ਵਰਿਆਮ ਸੰਧੂ ਨੇ ਸਮਾਜਕ ਸੱਚ ਨੂੰ ਕਹਾਣੀਆਂ ਵਿਚ ਪਲਟ ਕੇ ਅਜਿਹੀਆਂ ਸਥਿਤੀਆਂ ਦਾ ਸਿਰਜਣ ਕੀਤਾ ਹੈ ਜਿਹਨਾਂ ਵਿਚੋਂ ਨਕਸਲਵਾਦ ਦੀ ਲਹਿਰ, ਹਰਾ ਇਨਕਲਾਬ ਅਤੇ ਪੰਜਾਬ ਸੰਤਾਪ ਵਰਗੇ ਇਤਿਹਾਸ ਬਣ ਚੁੱਕੇ ਵਰਤਾਰੇ ਮਾਨਵੀ ਰਿਸ਼ਤਿਆਂ ਦੀ ਹਕੀਕਤ ਦੇ ਪ੍ਰਸੰਗ ਵਿਚ ਪ੍ਰਕਾਸ਼ਮਾਨ ਹੋ ਉੱਠਦੇ ਹਨ।

0 0 0 0 0

ਪੰਜਾਬ ਸੰਤਾਪ ਨਾਲ ਸੰਬੰਧਤ ਇਹ ਪੰਜ ਕਹਾਣੀਆਂ ਲੈਂਦੇ ਹਾਂ: 'ਚੌਥੀ ਕੂਟ', 'ਪਰਛਾਵੇਂ', 'ਮੈਂ ਹੁਣ ਠੀਕ ਠਾਕ ਹਾਂ', 'ਛੁੱਟੀ' ਤੇ 'ਭੱਜੀਆਂ ਬਾਹੀਂ'।

'ਚੌਥੀ ਕੂਟ' ਨਾਂ ਦੀ ਕਹਾਣੀ ਵਿਚ ਪਹਿਲੀਆਂ ਤਿੰਨ ਕੂਟਾਂ ਕਿਹੜੀਆਂ ਹਨ? ਪਹਿਲੀਆਂ ਤਿੰਨ ਕੂਟਾਂ ਦੀ ਪਛਾਣ ਬਿਨਾਂ ਚੌਥੀ ਕੂਟ ਦੀ ਪਛਾਣ ਅਸੰਭਵ ਹੈ। ਪਹਿਲੀ, 'ਪੰਡਤ ਮਾਹੌਲ'। ਦੂਸਰੀ,



'ਗਾਰਡ ਮਾਹੌਲ'। ਤੀਸਰੀ, ਸੁਰਜੀਤ ਦੀ ਮਾਂ ਦੇ ਉਸਨੂੰ ਬੋਲੇ ਇਹ ਬੋਲ ਹਨ, "ਰਾਮਨਾਥ ਦਾ ਜੁਆਈ ਕੀ ਤੇ ਸਾਡਾ ਜੁਆਈ ਕੀ।" ਚੌਥੀ, 'ਵੱਡੇ ਨੌਜਵਾਨ ਦੇ 'ਮੈਂ' ਪਾਤਰ ਨੂੰ ਬੋਲੇ ਬੋਲ। ਪਹਿਲੀਆਂ ਤਿੰਨ ਕੂਟਾਂ 'ਚੌਥੀ ਕੂਟ' ਕਹਾਣੀ ਦੀ ਵਸਤੂ ਨਿਰਦੇਸ਼ਨਾਂ ਹਨ ਤੇ ਚੌਥੀ ਕੂਟ-ਵਸਤੂ ਉਦੇਸ਼। ਇਹਨਾਂ ਚਾਰ ਕੂਟਾਂ ਦਾ ਮੇਲ ਹੀ 'ਚੌਥੀ ਕੂਟ' ਕਹਾਣੀ ਦੀ ਮੁਕੰਮਲ ਬਣਤਰ ਹੈ। ਇਹ ਬਣਤਰ ਇਕ ਲਕੀਰ ਦਾ ਅਹਿਸਾਸ ਕਰਵਾਉਂਦੀ ਹੈ। ਲਕੀਰ ਵਿਚ ਲੱਗੇ ਚਾਰ ਬਿੰਦੂ ਕੀ ਚਾਰ ਕੂਟਾਂ ਹਨ? ਹਾਂ, ਇਹ ਚਾਰ ਬਿੰਦੂ ਕਹਾਣੀ ਦੇ ਸਥਿਤੀਮੁਖ ਪਾਸਾਰ ਹੀ ਹਨ।

ਪਹਿਲੇ ਬਿੰਦੂ ਦੀ ਭਾਲ ਪੰਡਤ ਰਾਮ ਚੰਦ ਦੀ ਉਸ ਸੋਚ ਵਿਚੋਂ ਕੀਤੀ ਜਾ ਸਕਦੀ ਹੈ ਜਿਸਨੂੰ ਜੁਗਲ ਨਾਮੀ ਪਾਤਰ ਇੰਝ ਪ੍ਰਗਟਾਉਂਦਾ ਹੈ: "ਮਾਹੌਲ ਬੜਾ ਖਰਾਬ ਐ ਜੀ...ਏਸ ਮਾਹੌਲ 'ਚ ਸੋਚਵਾਨ ਬੰਦੇ ਦਾ ਜੀਣਾ ਮੁਸ਼ਕਲ ਹੋਇਆ ਪਿਐ...ਉਹ ਮਾਹੌਲ ਈ ਨਹੀਂ ਰਹਿ ਗਿਆ, ਜਦੋਂ ਲੋਕ ਭਰਾਵਾਂ ਵਾਂਗ ਇਕ ਦੂਜੇ ਦੇ ਕੰਮ ਆ ਕੇ ਗਲ਼ੇ ਮਿਲ ਕੇ ਖੁਸ਼ ਹੁੰਦੇ ਸਨ। ਲੀਡਰਾਂ ਨੇ, ਕੁਰਸੀ ਦੇ ਭੁੱਖਿਆਂ ਨੇ ਮਾਹੌਲ ਵਿਚ ਜ਼ਹਿਰ ਘੋਲ ਦਿੱਤਾ ਹੈ...ਕੋਈ ਕਿਸੇ 'ਤੇ ਜਕੀਨ ਨਹੀਂ ਕਰਦਾ...ਬੰਦਾ ਬੰਦੇ ਦੇ ਲਹੂ ਦਾ ਤਿਹਾਇਆ ਫਿਰਦਾ...ਉਹ ਮਾਹੌਲ ਈ ਨਹੀਂ ਰਹਿ ਗਿਆ ਜੀ...!" ਇਹਨਾਂ ਸਤਰਾਂ ਵਿਚ ਸਿਰਜੇ ਮਾਹੌਲ ਨਾਲ ਮਿਲਦਾ ਜੁਲਦਾ ਮਾਹੌਲ ਕਹਾਣੀ ਦਾ ਦੂਸਰਾ ਬਿੰਦੂ ਹੈ ਜਿਸਨੂੰ ਕਹਾਣੀਕਾਰ ਨੇ ਡੀ.ਪੀ. ਈ. ਦੇ ਇਹਨਾਂ ਬੋਲਾਂ ਰਾਹੀਂ ਪ੍ਰਗਟਾਇਆ ਹੈ: "ਹੁਣ ਪੁਲਿਸ ਝੂਠੇ ਮੁਕਾਬਲੇ ਬਣਾ ਕੇ ਨੌਜਵਾਨਾਂ ਨੂੰ ਮਾਰ ਰਹੀ ਹੈ ਮੀਰ ਮਨੂੰ ਵਾਂਗ ਪਰ ਭਾ, ਜਿਉਂ ਜਿਉਂ ਮਨੂੰ ਵੱਢਦਾ ਇਹ ਦੂਣੇ ਚੌਣੇ ਹੋਏ...ਕਾਨੂੰਨ ਤੇ ਅਦਾਲਤਾਂ ਕਿਧਰ ਗਈਆਂ?...ਪੁਲਿਸ ਹੀ ਵਿਧਾਨ...ਪੁਲਿਸ ਹੀ ਗਵਾਹ, ਪੁਲਿਸ ਹੀ ਜੱਜ...ਪੁਲਿਸ ਈ...ਜੱਲਾਦ, ਇਹ ਜੇ ਲੋਕ-ਰਾਜ।" ਲੋਕ-ਰਾਜ ਤੇ ਸੁਤੰਤਰ ਮਨੁੱਖੀ ਹੋਂਦ ਦੀਆਂ ਧੱਜੀਆਂ ਉਡਾਉਂਦਾ ਕਹਾਣੀ ਦਾ ਇਹ ਬਿੰਦੂ ਉਸ ਤੀਸਰੇ ਬਿੰਦੂ ਨੂੰ ਸਿਰਜਦਾ ਹੈ ਜਿਸ ਰਾਹੀਂ ਕਹਾਣੀਕਾਰ ਨੇ ਕਹਾਣੀ ਵਿਚ ਰੂਹ ਪਾਉਣੀ ਸ਼ੁਰੂ ਕੀਤੀ। ਉਹ ਬਿੰਦੂ ਕਹਾਣੀ ਵਿਚਲੇ ਵੱਡੇ ਨੌਜਵਾਨ ਦੇ ਇਹਨਾਂ ਬੋਲਾਂ ਵਿਚੋਂ ਸਾਕਾਰ ਹੁੰਦਾ ਹੈ: "ਅਸਲ 'ਚ ਗੱਲ ਇਹ ਹੈ ਕਿ ਅਸੀਂ ਦੋਵੇਂ ਡਰਦੇ ਆਂ ਕਿ ਕਿਤੇ ਸੀ.ਆਰ.ਪੀ. ਜਾਂ ਪੁਲਿਸ 'ਚੋਂ ਕਿਸੇ ਨੇ ਵੇਖ ਲਿਆ ਤਾਂ ਸਾਨੂੰ ਸ਼ਕਲੋਂ ਸਿੱਖ ਵੇਖ ਕੇ ਗੋਲੀ ਨਾ ਮਾਰ ਦੇਣ...ਅੱਜ-ਕੱਲ੍ਹ ਬੰਦਾ ਮਾਰਨ ਲੱਗਿਆਂ ਪੁੱਛ-ਗਿੱਛ ਕੌਣ ਕਰਦਾ ਐ ਜੀ।...ਤੁਸੀਂ ਨਾਲ ਹੋਵੋਗੇ ਤਾਂ ਕੋਈ ਮਿਲਿਆ ਵੀ ਤਾਂ ਤੁਹਾਡੇ ਕਰਕੇ ਸਾਡਾ ਬਚਾਅ ਹੋ ਜਾਊਗਾ..." ਇਸ ਬਿੰਦੂ ਉੱਤੇ ਪਹੁੰਚ ਕੇ ਕਹਾਣੀ ਹਿੰਦੂ-ਸਿੱਖ ਏਕਤਾ ਦਾ ਲੁਕਵਾਂ ਸੰਦੇਸ਼ ਦਿੰਦੀ ਹੈ ਜਿਹੜਾ ਚੌਥੇ ਬਿੰਦੂ ਨੂੰ ਰੂਪ ਪ੍ਰਦਾਨ ਕਰਦਾ ਹੈ। ਇਹ ਬਿੰਦੂ 'ਰਾਜ ਕੁਮਾਰ' ਤੇ 'ਸੁਰਜੀਤ' ਨਾਮਕ ਪਾਤਰਾਂ ਦੇ 'ਬੇਫਿਕਰ' ਭਾਵ ਰਾਹੀਂ ਉਘੜਦਾ ਹੈ। ਇਹ ਭਾਵ ਹੀ ਉਹਨਾਂ ਦੇ ਮਨ ਵਿਚਲੇ ਹਰ ਕਿਸਮ ਦੇ ਡਰ, ਭੈਅ, ਤਣਾਓ ਅਤੇ ਸਹਿਮ ਦੀ ਧੁੰਦ ਨੂੰ ਦੂਰ ਕਰਨ ਦੇ ਨਾਲ ਨਾਲ ਉਹਨਾਂ ਦੀਆਂ ਨਾੜਾਂ ਵਿਚ ਡਰ ਨਾਲ ਜੰਮੇ ਖੂਨ ਨੂੰ ਪੰਘਾਰ ਕੇ ਉਹਨਾਂ ਦੀ ਹਿੱਕ ਨੂੰ ਤਾਣ ਦਿੰਦਾ ਹੈ। ਇਹ ਸਾਂਝੀ ਤਣੀ ਹਿੱਕ ਹੀ ਚੌਥੀ ਕੂਟ ਹੈ ਜੋ ਹਿੰਦੂ ਸਿੱਖ ਏਕੇ ਦਾ ਪ੍ਰਤੀਕ ਹੈ।

ਕਹਾਣੀ ਵਿਚੋਂ ਪ੍ਰਾਪਤ ਹੁੰਦੇ ਇਹਨਾਂ ਚਾਰਾਂ ਬਿੰਦੂਆਂ ਦਾ ਕਲਾਤਮਕ ਸੁਮੇਲ ਹੀ ਕਹਾਣੀ ਦਾ ਬੱਝਵਾਂ ਪ੍ਰਭਾਵ ਹੈ ਜੋ ਇਸ ਲੰਮੀ ਕਹਾਣੀ ਨੂੰ ਖਿੰਡਰਨੋਂ ਬਚਾਉਂਦਾ ਹੈ। ਕਹਾਣੀ ਨੂੰ ਖਿੰਡਰਨੋਂ ਬਚਾਉਂਦੀ ਹੈ ਕਹਾਣੀਕਾਰ ਦੀ ਉਹ ਰਚਨਾਤਮਕ ਦ੍ਰਿਸ਼ਟੀ ਜਿਸਨੇ ਇਸ ਵਿਚਲੀ ਵਸਤੂ ਦੇ ਮੋਤੀਆਂ ਨੂੰ ਉਚਿਤ ਸਥਾਨ ਉੱਤੇ ਧਰ ਕੇ ਇਹਨਾਂ ਨਾਲ ਨਿਆਂਕਾਰੀ ਭੂਮਿਕਾ ਅਦਾ ਕੀਤੀ ਹੈ। ਕਹਾਣੀ ਦੀ ਵਸਤੂ ਬਣਦੀਆਂ ਪਹਿਲੀਆਂ ਤਿੰਨ ਕੂਟਾਂ ਨੂੰ ਕਹਾਣੀਕਾਰ ਨੇ ਆਪਣੇ ਮਨ ਦੇ ਵਹਿਣ ਦੀ ਸੁਭਾਵਕ ਪੇਸ਼ਕਾਰੀ ਰਾਹੀਂ ਰੂਪ ਦਿੱਤਾ ਹੈ। ਇਹ ਪੇਸ਼ਕਾਰੀ ਦੱਸਦੀ ਹੈ ਕਿ ਕਿਵੇਂ ਭੈਅ ਦੇ ਸ਼ਿਕੰਜੇ ਵਿਚ ਜਕੜੇ, ਸ਼ੱਕ ਦੀ ਚੰਗਿਆੜੀ ਨਾਲ ਧੁਖਦੇ ਅਤੇ ਸਹਿਮ ਦੀ ਜ਼ੰਜੀਰ ਵਿਚ ਬੱਝੇ ਪਾਤਰ ਦਿਲ-ਦਿਮਾਗ਼ ਅਤੇ ਲਹੂ-ਮਾਸ ਤੋਂ ਬਿਨਾਂ ਇਕ ਰਬੜ ਦੀ ਮਸ਼ੀਨ ਬਣ ਜਾਂਦੇ ਹਨ। ਉਹਨਾਂ ਨੂੰ ਅਜਿਹਾ ਬਣਾਉਣ ਵਿਚ ਉਸ ਮਾਹੌਲ ਦਾ ਵੱਡਾ ਹੱਥ ਹੁੰਦਾ ਹੈ ਜਿਹੜਾ ਰਾਜਕੀ ਸੰਸਥਾਵਾਂ ਉਹਨਾਂ ਨੂੰ

ਆਪਣੇ ਪਿੰਡੇ ਉੱਤੇ ਹੰਢਾਉਣ ਲਈ ਮਜਬੂਰ ਕਰਦੀਆਂ ਹਨ। ਇਸੇ ਲਈ ਕਹਾਣੀ ਵਿਚਲੇ ਪਾਤਰ ਹਾਸੇ ਵਿਚ ਸਹਿਮ ਨੂੰ ਦਬਾਉਂਦੇ ਹੋਏ ਭੈਅ ਤੇ ਚਿੰਤਾ ਦੀ ਸੂਲੀ ਉੱਤੇ ਟੰਗੇ ਉਸ ਸੁਖਦ ਸੁਪਨੇ ਨੂੰ ਤਲਾਸ਼ਦੇ ਹਨ ਜਿਹੜਾ ਮਾਹੌਲ ਨੇ ਨਿਗਲ ਲਿਆ ਹੈ। ਜਿਵੇਂ ਕਿ 'ਮੈਂ' ਪਾਤਰ ਪੰਡਤ ਰਾਮ ਨਾਥ ਦੇ ਜੁਆਈ 'ਰਾਜ ਕੁਮਾਰ' ਦੇ ਰੂਪ ਵਿਚ ਵਿਚਰਦਾ ਹੈ। ਉਹ ਲੋਕ ਬਾਤਾਂ ਵਿਚਲੇ ਰਾਜ ਕੁਮਾਰ ਵਰਗਾ ਰਾਜ ਕੁਮਾਰ ਤਾਂ ਨਹੀਂ, ਪਰ ਉਸਦੀ ਜਗਿਆਸਾ ਅਤੇ ਬਹਾਦਰੀ ਉਸ ਵਰਗੀ ਜ਼ਰੂਰ ਜਾਪਦੀ ਹੈ ਜਿਹੜੀ ਨਾ ਕੇਵਲ ਉਸਨੂੰ, ਬਲਕਿ ਉਸ ਨਾਲ ਤੁਰਦੇ ਸਾਰੇ ਪਾਤਰਾਂ ਨੂੰ ਵੀ ਚੌਥੀ ਕੂਟ ਤਕ ਪਹੁੰਚਾ ਦਿੰਦੀ ਹੈ। ਇਹ ਚੌਥੀ ਕੂਟ ਮਾਨਵ ਨੂੰ ਮਾਨਵ ਨਾਲ ਜੋੜਨ ਵਾਲੀ ਮਾਨਵਵਾਦੀ ਦ੍ਰਿਸ਼ਟੀ ਹੈ। ਸੰਧੂ ਮਾਨਵਵਾਦੀ ਦ੍ਰਿਸ਼ਟੀ ਨਾਲ ਆਪਣੇ ਪਾਤਰਾਂ ਨੂੰ ਵੇਖਦਾ ਤੇ ਵਿਖਾਉਂਦਾ ਹੈ। ਉਹਨਾਂ ਪ੍ਰਤੀ ਅਪਣੱਤ ਤੇ ਨਫ਼ਰਤ ਦੇ ਭਾਵ ਉਪਜਾਉਂਦਾ ਹੈ। ਇਸੇ ਲਈ ਉਹ ਸਮਾਜਕ ਸ਼ਿਸ਼ਟਾਚਾਰ ਰਾਹੀਂ ਝਾਕ ਕੇ ਵਿਅਕਤੀ ਦੇ ਦੁੱਖਾਂ ਤੇ ਸੁੱਖਾਂ ਨੂੰ ਚਿਤਰਦਾ ਹੈ ਅਤੇ ਚਿਤਰਣ ਵੇਲੇ ਉਸਨੂੰ ਖਿਆਲ ਰਹਿੰਦਾ ਏ ਕਿ ਯਥਾਰਥਕ ਪੱਖੋਂ ਉਸਦੀ ਦ੍ਰਿਸ਼ਟੀ ਹਰਫਲੀ ਤੇ ਘਬਰਾਈ ਹੋਈ ਨਾ ਜਾਪੇ। ਇਸ ਲਈ ਪਹਿਲਾਂ ਤਾਂ ਉਹ ਆਪਣੇ ਆਪ ਨੂੰ ਸਿੱਖ ਤੋਂ ਹਿੰਦੂ ਯਾਨੀ 'ਮੈਂ' ਪਾਤਰ ਤੋਂ ਰਾਜ ਕੁਮਾਰ ਦੇ ਰੂਪ ਵਿਚ ਪੇਸ਼ ਕਰਦਾ ਹੈ, ਤੇ ਫਿਰ, ਉਸ ਰਾਹੀਂ ਕਹਾਣੀ ਦੀ ਵਿਉਂਤ ਨੂੰ ਵਿਉਂਤਦਾ ਹੋਇਆ ਆਪਣੇ ਕਥਾ-ਉਦੇਸ਼ ਤਕ ਅੱਪੜ ਜਾਂਦਾ ਹੈ।

'ਪਰਛਾਵੇਂ' ਕਹਾਣੀ ਵਿਚਲਾ ਬਲਬੀਰ ਸਿੰਘ 'ਚੌਥੀ ਕੂਟ' ਕਹਾਣੀ ਦੇ ਡੀ. ਪੀ. ਈ. ਦਾ ਹੀ ਪ੍ਰਤੀਰੂਪ ਹੈ। ਡੀ. ਪੀ. ਈ. ਸ਼ਰ੍ਹੇਆਮ ਫਿਰਕਾਪ੍ਰਸਤੀ ਵਾਲੀਆਂ ਕੇਵਲ ਗੱਲਾਂ ਹੀ ਕਰਦਾ ਹੈ ਪਰ ਬਲਬੀਰ ਸਿੰਘ ਅਜਿਹੀਆਂ ਗੱਲਾਂ ਉੱਤੇ ਅਮਲ ਕਰਦਾ ਦਿਖਾਈ ਦਿੰਦਾ ਹੈ। ਕਹਾਣੀਕਾਰ ਦੀ ਦ੍ਰਿਸ਼ਟੀ ਨੇ ਡੀ. ਪੀ. ਈ. ਦੇ ਕਿਰਦਾਰ ਦੇ ਪਰਛਾਵੇਂ ਬਲਬੀਰ ਸਿੰਘ ਦੇ ਕਿਰਦਾਰ ਉਪਰ ਪੁਆਏ ਲਗਦੇ ਹਨ। ਸੰਨ ਸੰਤਾਲੀ ਦੇ ਕਤਲੇਆਮ ਤੇ ਪੰਜਾਬ ਵਿਚਲੇ ਦਹਿਸ਼ਤਗਰਦਾਂ ਵੱਲੋਂ ਕੀਤੇ ਗਏ ਜਨ ਸਾਧਾਰਨ ਦੇ ਕਤਲੇਆਮ ਨੂੰ ਇਕੋ ਤੱਕੜੀ ਦੇ ਦੋ ਪੱਲੜਿਆਂ ਵਿਚ ਪਾ ਕੇ ਤੋਲਦਿਆਂ ਵਰਿਆਮ ਸੰਧੂ ਕਾਤਲਾਂ ਦੀ ਭਾਲ ਕਰਦਾ ਕਰਦਾ ਕਹਾਣੀ ਦਾ ਮੂੰਹ ਕਹਾਣੀ ਦੀ ਕਲਾ ਵੱਲ ਕਰ ਦਿੰਦਾ ਹੈ। ਸ਼ਾਇਦ ਇਸੇ ਲਈ ਕਹਾਣੀਕਾਰ ਨੇ ਕਹਾਣੀ ਵਿਚ 'ਮੈਂ' ਪਾਤਰ ਦੀ ਛੋਟੀ ਬੱਚੀ ਦੇ ਮਨ ਵਿਚ ਇਕ ਸਵਾਲ ਪੈਦਾ ਕਰਵਾ ਕੇ ਉਸਨੂੰ ਆਪਣੀ ਦਾਦੀ ਮਾਂ ਕੋਲੋਂ ਪੁੱਛਦਿਆਂ ਵਿਖਾਇਆ ਹੈ, "ਮਾਂ ਜੀ ! ਭਲਾ ਰਾਤੀਂ ਗੋਲੀ ਚਲਾਉਣ ਵਾਲਿਆਂ ਵਿਚ ਬਲਬੀਰ ਮੂੰਹ ਹੈਗਾ ਸੀ?" ਇਸ ਸਵਾਲ ਦਾ ਉੱਤਰ ਵੀ ਕਹਾਣੀਕਾਰ ਨੇ ਕਲਾਤਮਕ ਤਰੀਕੇ ਨਾਲ ਦਿੰਦਿਆਂ ਕਹਾਣੀ ਦਾ ਅੰਤ ਇਹਨਾਂ ਸ਼ਬਦਾਂ ਰਾਹੀਂ ਕੀਤਾ ਹੈ ਕਿ, "ਉਸ ਕੇਡਾ ਬੱਚਿਆਂ ਵਾਲਾ ਸਵਾਲ ਕਰ ਦਿੱਤਾ ਸੀ ! ਬੱਚਿਆਂ ਵਾਲਾ ਹੀ ਤਾਂ ਸੀ। 'ਸਿਆਣੇ' ਤਾਂ ਅੱਜ-ਕੱਲ੍ਹ ਇਸ ਤਰ੍ਹਾਂ ਦਾ ਸਵਾਲ ਨਹੀਂ ਸਨ ਕਰਦੇ !" ਇਹਨਾਂ ਸਤਰਾਂ ਵਿਚਲਾ ਵਿਸਮਿਕ ਚਿੰਨ੍ਹ ਪੰਜਾਬੀ ਮਾਨਸਿਕਤਾ ਨੂੰ ਵੰਗਾਰਦੇ ਸਵਾਲ ਦਾ ਜੁਆਬ ਹੀ ਤਾਂ ਹੈ।

ਵਰਿਆਮ ਸੰਧੂ ਨੇ ਕਹਾਣੀ ਰਚਣ ਵੇਲੇ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਵਸਤੂਗਤ ਸ਼ਸਤਰ ਦੇ ਰੂਪ ਵਿਚ ਕਰਦਿਆਂ ਸਮਾਜ-ਸ਼ਾਸਤਰੀ ਪ੍ਰਸ਼ਨ ਉਘਾੜੇ ਹਨ। ਵਰਿਆਮ ਸੰਧੂ ਦੀ ਕਹਾਣੀ ਕਲਾ ਦੀ ਇਹ ਵਿਲੱਖਣ ਹੋਂਦ-ਵਿਧੀ ਹੈ ਜਿਹੜੀ ਉਸਦੀ ਕਹਾਣੀ ਨੂੰ ਦੂਸਰੇ ਪੰਜਾਬੀ ਕਹਾਣੀਕਾਰਾਂ ਨਾਲੋਂ ਨਿਖੇੜਦੀ ਤਾਂ ਹੈ ਹੀ, ਨਾਲ ਦੀ ਨਾਲ ਉਸਨੂੰ ਪੰਜਾਬੀ ਦੇ ਪਹਿਲੀ ਕਤਾਰ ਦੇ ਕਹਾਣੀਕਾਰਾਂ ਵਿਚ ਵੀ ਲਿਆ ਖੜ੍ਹਾਉਂਦੀ ਹੈ। ਸੰਧੂ ਦੀ ਕਲਾਤਮਕ ਵਿਲੱਖਣਤਾ ਇਸ ਕਰਕੇ ਵੀ ਬਣਦੀ ਹੈ ਕਿ ਉਹ ਪਾਤਰਾਂ ਨੂੰ ਕਹਾਣੀ ਦੇ ਖਾਸ ਤੱਤ ਵਜੋਂ ਵਰਤਦੇ ਸਮੇਂ ਉਹਨਾਂ ਨੂੰ ਵਿਚਾਰਧਾਰਕ ਰੰਗਣ ਦੇ ਦਿੰਦਾ ਹੈ। ਸੰਧੂ ਦੀਆਂ ਕਹਾਣੀਆਂ ਵਿਚ ਪਾਤਰ ਤੇ ਉਸਦੀ ਵਿਚਾਰਧਾਰਾ ਇਸ ਤਰ੍ਹਾਂ ਰਲਗੱਡ ਹੋਏ ਪਏ ਹਨ ਕਿ ਇਕ ਨੂੰ ਨਿਖੇੜਣ ਲੱਗਿਆਂ ਦੂਸਰੇ ਦੀ ਹੋਂਦ ਹੀ ਸਮਾਪਤ ਹੋ ਜਾਂਦੀ ਹੈ। 'ਪਰਛਾਵੇਂ' ਕਹਾਣੀ ਵਿਚਲੇ ਬਲਬੀਰ ਸਿੰਘ ਪਾਤਰ ਦੀਆਂ ਖ਼ੂੰਖਾਰ ਪੈੜਾਂ ਅੱਧੀ ਸਦੀ ਦੇ ਪੰਜਾਬ ਦੇ ਇਤਿਹਾਸ ਦੀ ਦੁਖਾਂਤਕ ਧੂੜ



ਨੂੰ ਉਭਾਰਦੀਆਂ ਹਨ। ਇਸ ਧੂੜ ਵਿਚੋਂ ਪਾਠਕਾਂ ਦੇ ਕੰਨਾਂ ਨੂੰ ਕਦੇ ਤਾਂ ਗੋਲੀਆਂ ਦੇ ਖੜਾਕ ਦੀ ਗੂੰਜ ਸੁਣਾਈ ਦਿੰਦੀ ਹੈ ਅਤੇ ਕਦੇ ਨੰਗੀਆਂ ਕਿਰਪਾਨਾਂ ਅਤੇ ਲਿਸ਼ਕਦੇ ਤਿੱਖੇ ਬਰਛਿਆਂ ਨਾਲ ਕਤਲ ਹੁੰਦੇ ਬੁੱਢੇ ਫਜ਼ਲ ਹੱਕ ਦੀ ਚੀਕ ਸੁਣਾਈ ਜਾਂਦੀ ਹੈ। ਧੂੜ ਵਿਚੋਂ ਉਡਦੇ ਪਰਛਾਵੇਂ 'ਮੈਂ' ਪਾਤਰ ਦੇ ਬਾਲ-ਮਨ ਦਾ ਵੱਡਾ ਹੋਇਆ ਪਰਛਾਵਾਂ 'ਪਰਛਾਵੇਂ' ਕਹਾਣੀ ਦਾ ਰੂਪ ਨਿਰਧਾਰਤ ਕਰਦਾ ਹੈ ਜਿਸ ਵਿਚੋਂ ਹਾਸੇ, ਮੁਸਕਰਾਹਟ, ਡਰ ਤੇ ਭੈਅ ਦੇ ਜਜ਼ਬਾਤ ਚਿੰਤਨੀ ਪਰਛਾਵਿਆਂ ਦੇ ਰੂਪ ਵਿਚ ਕਾਰਜਸ਼ੀਲ ਹੁੰਦੇ ਹਨ। ਕੁਝ ਇਸੇ ਤਰ੍ਹਾਂ ਦਾ ਪ੍ਰਭਾਵ 'ਮੈਂ ਹੁਣ ਠੀਕ ਠਾਕ ਹਾਂ' ਕਹਾਣੀ ਦਿੰਦੀ ਹੈ।

'ਮੈਂ ਹੁਣ ਠੀਕ ਠਾਕ ਹਾਂ' ਕਹਾਣੀ ਵਿਚ 'ਚੌਥੀ ਕੂਟ' ਕਹਾਣੀ ਵਿਚਲਾ ਦੂਸਰਾ ਬਿੰਦੂ ਕਾਰਜਸ਼ੀਲ ਹੈ ਜਿਸਦਾ ਕਿ ਪਹਿਲਾਂ ਜ਼ਿਕਰ ਹੋ ਚੁੱਕਾ ਹੈ। ਇਸ ਕਹਾਣੀ ਵਿਚ ਜੋਗਿੰਦਰ ਤੇ ਟੌਮੀ ਦਾ ਅਹਿਮ ਕਿਰਦਾਰ ਹੈ। ਦੋਹਾਂ ਦਾ ਕਿਰਦਾਰ ਕਹਾਣੀ ਵਿਚ ਰਸ ਭਰਦਾ ਹੈ। ਕਹਾਣੀ ਨੂੰ ਜਾਨ ਤੇ ਪ੍ਰਾਣ ਬਖ਼ਸ਼ਦਾ ਹੈ। ਜੋਗਿੰਦਰ ਤੇ ਟੌਮੀ ਨਮੂਨੇ ਦੇ ਪਾਤਰ ਹਨ। ਦੋਹਾਂ ਪਾਤਰਾਂ ਦਾ ਜੀਵਨ ਬਿਰਤਾਂਤ ਪੰਜਾਬ ਵਿਚ ਦਹਿਸ਼ਤਗਰਦੀ ਦੇ ਮਾਹੌਲ ਅੰਦਰਲੀ ਚੁੱਪ, ਸ਼ਾਂਤ ਤੇ ਟਿਕੀ ਹੋਈ ਵਹਿਸ਼ਤੀ ਰਾਤ ਦੇ ਚਾਰ ਸੁਆਲ ਹਨ। ਪਹਿਲਾ, ਕੀ ਭਾਰਤ ਦੀ ਕੇਂਦਰੀ ਸਰਕਾਰ ਨੇ ਅੰਮ੍ਰਿਤਸਰ ਉੱਤੇ ਫੌਜ ਚੜ੍ਹਾ ਕੇ ਅਕਾਲ ਤਖ਼ਤ ਢਾਹਿਆ ਤੇ ਉਸਦੇ ਪ੍ਰਤੀਕਰਮ ਵਜੋਂ ਪੰਜਾਬ ਅੰਦਰ ਦਹਿਸ਼ਤਗਰਦੀ ਦੀ ਲਹਿਰ ਜ਼ੋਰ ਫੜ ਗਈ? ਦੂਸਰਾ, ਕੀ ਪੁਲਿਸ ਦੇ ਤਸ਼ੱਦਦ ਤੋਂ ਦੁਖੀ ਜਨ-ਸਾਧਾਰਨ ਦਹਿਸ਼ਤਗਰਦ ਬਣੇ? ਤੀਸਰਾ, ਕੀ ਖਾੜਕੂ ਲਹਿਰ ਦੇ ਨਾਂ ਉੱਤੇ ਸਮਾਜ-ਵਿਰੋਧੀ ਗੁੰਡਾ ਅਨੁਸਰ ਦਹਿਸ਼ਤ ਤੇ ਵਹਿਸ਼ਤ ਦਾ ਸਾਜ਼ਸ਼ੀ ਮਾਹੌਲ ਰਚਦੇ ਰਹੇ? ਚੌਥਾ, ਕੀ ਪੰਜਾਬ ਦੇ ਲੋਕ ਚੱਕੀ ਦੇ ਦੋ ਪੁੜਾਂ (ਪੁਲਿਸ ਤੇ ਦਹਿਸ਼ਤਗਰਦ) ਵਿਚ ਰਾਜਸੀ ਕਾਰਨਾਂ ਕਰਕੇ ਪਿਸਦੇ ਰਹੇ? ਕਹਾਣੀ ਵਿਚ ਮਹਿੰਦਰ, ਸੁਖਵੰਤ ਤੇ ਟੌਮੀ ਦੇ ਕਤਲ ਤੇ ਕਾਤਲਾਂ ਦਾ ਬਿਰਤਾਂਤ ਇਹਨਾਂ ਸਵਾਲਾਂ ਦਾ ਜਵਾਬ ਹੀ ਹਨ। ਸੰਧੂ ਨੇ ਇਸ ਕਹਾਣੀ ਨੂੰ ਮੋਹ ਦੀਆਂ ਤੰਦਾਂ ਉਸਾਰ ਕੇ ਪੰਜਾਬੀਅਤ ਦੀਆਂ ਉਖੜੀਆਂ ਜੜ੍ਹਾਂ ਦੇ ਰੂਪ ਨੂੰ ਪੇਸ਼ ਕੀਤਾ ਹੈ। ਪੇਸ਼ ਕਰਨ ਸਮੇਂ ਸੰਧੂ ਰਾਜਨੀਤਕ ਤੇ ਸਭਿਆਚਾਰਕ ਚੇਤਨਾਵਾਂ ਦੀ ਮਿਸ਼ਰਤ ਦ੍ਰਿਸ਼ਟੀ ਦਾ ਇਸਤੇਮਾਲ ਕਰਦਾ ਹੈ। ਦਿਲ-ਦਿਮਾਗ਼ ਨੂੰ ਛੂਹਣ ਅਤੇ ਤਨ-ਮਨ ਨੂੰ ਹਲੂਣਨ ਵਾਲੀਆਂ ਬੌਧਿਕ ਤੇ ਭਾਵਨਾਤਮਕ ਸ਼ੈਲੀਆਂ ਦੀ ਵਰਤੋਂ ਕਰਦਿਆਂ ਸੰਧੂ ਨੇ ਪੰਜਾਬ ਦੇ ਦੁਖਾਂਤ ਨੂੰ ਜੋਗਿੰਦਰ ਸਿੰਘ ਦੇ ਤਨ, ਮਨ ਤੇ ਰੂਹ ਵਿਚ ਉਪਜੇ ਦੁਖਾਂਤਕ ਰੂਪਾਂ ਰਾਹੀਂ ਸਾਕਾਰ ਕੀਤਾ ਹੈ। ਸੰਧੂ ਦੀਆਂ ਕਲਾ-ਜੁਗਤਾਂ ਨੇ ਜੋਗਿੰਦਰ ਸਿੰਘ ਦੇ ਦਿਲ ਦੀਆਂ ਡੂੰਘਾਣਾਂ 'ਚੋਂ ਮਰਦਾਨਗੀ ਤੇ ਵਰਿਆਮਗੀ ਨੂੰ ਸਹਿਜੇ ਸਹਿਜੇ ਸਥਿਤੀਆਂ ਦੇ ਹਵਾਲੇ ਕਰਕੇ ਉਸਦੇ ਸ਼ਖ਼ਸੀ ਬਿੰਬ ਨੂੰ ਸਾਕਾਰ ਕੀਤਾ ਹੈ। ਟੌਮੀ ਨਾਲ ਉਸਦੇ ਸੰਬੰਧਾਂ ਤੋਂ ਬਿਨਾਂ ਇਹ ਬਿੰਬ ਅਧੂਰਾ ਹੈ। ਟੌਮੀ ਦਾ ਕਿਰਦਾਰ ਇਕ ਅਜਿਹੀ ਰਚਨਾਤਮਕ ਵਿਧੀ ਦੇ ਤੌਰ ਉੱਤੇ ਵਰਤਿਆ ਗਿਆ ਹੈ ਜਿਸ ਰਾਹੀਂ ਕਹਾਣੀਕਾਰ ਨੇ ਜਨ-ਸਾਧਾਰਨ, ਪੁਲਿਸ ਅਤੇ ਖਾੜਕੂਆਂ ਦੇ ਸ਼ੱਕ, ਸਹਿਮ ਤੇ ਡਰ ਦੇ ਭਾਵਾਂ ਨੂੰ ਲੜਾ-ਭਿੜਾ ਕੇ ਉਸ ਵੇਲੇ ਦੇ ਪੰਜਾਬ ਦਾ ਸੱਚੋ-ਸੱਚ ਗਲਪੀ ਨਿਤਾਰਾ ਕੀਤਾ ਹੈ। ਇਸ ਗਲਪੀ ਨਿਤਾਰੇ 'ਚੋਂ ਜੇ ਪ੍ਰਥਮ ਧਿਰ ਜੋਗਿੰਦਰ ਤੇ ਟੌਮੀ ਦੇ ਸੰਬੰਧ ਬਣੇ ਹਨ ਤਾਂ ਦੂਸਰੀ ਧਿਰ, ਜੋਗਿੰਦਰ ਦੀ ਮਾਂ ਹਰਬੰਸ ਕੌਰ, ਪਤਨੀ ਬੀਰੋ, ਪੁੱਤਰ ਸੁਖਦੇਵ ਤੇ ਗੁਰਦੇਵ ਦੇ ਟੌਮੀ ਨਾਲ ਸੰਬੰਧ ਬਣੇ ਹਨ। ਤੀਸਰੀ ਧਿਰ, ਨਿਹੰਗ ਮੁੱਖਾ ਸਿੰਘ, ਡਾਕਟਰ ਗਿੱਲ, ਚੰਨਣ ਤੇ ਖਾੜਕੂ ਦੇ ਰੂਪ ਵਿਚ ਪੇਸ਼ ਹੋਏ ਸਿੰਘ, ਸਾਧਾ ਸੀਤਲ ਤੇ ਸੀ. ਆਰ. ਪੀ. ਦੇ ਸੰਬੰਧ ਵੀ ਕਿਤੇ ਨਾ ਕਿਤੇ ਜਾ ਕੇ ਟੌਮੀ ਨਾਲ ਜੁੜਦੇ ਹਨ। ਇਹਨਾਂ ਤਿੰਨਾਂ ਧਿਰਾਂ ਦੇ ਆਪਸੀ ਸੰਬੰਧਾਂ ਦਾ ਤਾਣਾ-ਬਾਣਾ ਹੀ 'ਮੈਂ ਹੁਣ ਠੀਕ ਠਾਕ ਹਾਂ' ਕਹਾਣੀ ਦਾ ਰੂਪ ਸਿਰਜਦਾ ਹੈ। ਕਹਾਣੀ ਵਿਚ ਟੌਮੀ ਸਭਿਆਚਾਰਕ ਚੇਤਨਾ ਅਤੇ ਜੋਗਿੰਦਰ ਰਾਜਸੀ ਚੇਤਨਾ ਦੇ ਪ੍ਰਤੀਰੂਪ ਹਨ। ਟੌਮੀ ਦਾ ਜੋਗਿੰਦਰ ਹੱਥੋਂ ਕਤਲ ਅਸਲ ਵਿਚ ਆਮ ਆਦਮੀ ਦਾ ਰਾਜਕੀ ਸੰਸਥਾਵਾਂ ਵੱਲੋਂ ਕੀਤੇ ਕਤਲ ਦਾ ਹੀ ਵਿਲੱਖਣ ਗਲਪੀ ਪਰਤੌ ਹੈ। ਸੰਧੂ ਲੋਕਤੰਤਰ ਦੇ ਨਾਂ ਨਾਲ ਰਾਜ ਕਰ ਰਹੀਆਂ ਰਾਜਸੀ ਸੰਸਥਾਵਾਂ ਦੇ ਦੰਭ, ਭਰਮ ਤੇ ਸੱਚ ਦੀ ਪਛਾਣ ਕਰਨ ਵਾਲਾ ਕਹਾਣੀਕਾਰ ਹੈ। ਇਸੇ ਲਈ ਕਹਾਣੀ ਦੇ

ਅੰਤ ਵਿਚ ਟੌਮੀ ਨੂੰ ਮਾਰਨ ਉਪਰੰਤ ਜੋਗਿੰਦਰ ਦੇ ਨੱਕ ਨੂੰ 'ਮੁਸ਼ਕ' ਚੜ੍ਹ ਜਾਂਦੀ ਹੈ। ਇਸ ਮੁਸ਼ਕ ਦੀ ਪਛਾਣ ਸਿਰਫ ਸਾਧਾ ਸੀਤਲ ਨੂੰ ਹੀ ਹੁੰਦੀ ਹੈ। ਅਜਿਹੇ 'ਮੁਸ਼ਕ' ਬਾਰੇ ਸਾਧਾ ਸੀਤਲ ਦੇ ਬੋਲ ਹਨ: "ਮਾਤਾ! ਹੈਗੀ ਆ ਮੁਸ਼ਕ!...ਹੈ ਕਿਉਂ ਨਹੀਂ...?...ਰਤਾ ਅੱਖਾਂ ਮੀਟ ਕੇ ਧਿਆਨ ਨਾਲ ਵੇਖੋ ਖਾਂ ਆਪਣੇ ਅੰਦਰ..ਸੁੰਘੋ ਖਾਂ ਆਪਣੇ ਆਪ ਨੂੰ। ਆਪਣੇ ਅੰਦਰ ਨੂੰ...ਉੱਥੋਂ ਆਉਂਦੀ ਆ ਇਹ ਮੁਸ਼ਕ। ਹੋਰ ਕਿਧਰੋਂ ਨਹੀਂ...ਆਪਣੇ ਅੰਦਰੋਂ...।" ਸਾਧਾ ਸੀਤਲ ਦੇ ਫਲਸਫ਼ਾਨਾ ਅੰਦਾਜ਼ ਵਿਚ ਬੋਲੇ ਇਹ ਬੋਲ ਕਿਤੇ ਵਰਿਆਮ ਸੰਧੂ ਦੇ ਦ੍ਰਿਸ਼ਟੀਗਤ ਬੋਲ ਤਾਂ ਨਹੀਂ ਹਨ? ਸ਼ਾਇਦ...ਹਨ। 'ਮੁਸ਼ਕ' ਸ਼ਬਦ ਉਸ ਸਥਿਤੀ ਦਾ ਸੰਕੇਤ ਬਣਦਾ ਹੈ ਜਿਹੜੀ ਆਪਣਿਆਂ ਹੱਥੋਂ ਆਪਣਿਆਂ ਦੀ ਹੁੰਦੀ ਦੁਰਗਤ ਦਾ ਬੋਧ ਕਰਵਾਉਣ ਵਾਲੀ ਹੈ। ਜੋਗਿੰਦਰ ਸਿੰਘ ਕੇਵਲ ਇਕ ਪਾਤਰ ਹੀ ਨਹੀਂ ਹੈ ਸਗੋਂ ਪੰਜਾਬ ਦੀ ਉਹ ਰੂਹ ਹੈ ਜਿਹੜੀ ਕਦੇ ਜੋਗਿੰਦਰ ਸਿੰਘ ਦੇ ਤਕੜੇ ਭਲਵਾਨੀ ਜੁੱਸੇ ਵਾਂਗ ਜਵਾਨ ਹੁੰਦੀ ਸੀ ਤੇ ਜਿਸਨੂੰ ਦਹਿਸ਼ਤਗਰਦੀ ਦੇ ਮਾਹੌਲ ਨੇ ਬੇਜਾਨ ਕਰ ਦਿੱਤਾ। ਜੋਗਿੰਦਰ ਸਿੰਘ ਦੇ ਜੀਵਨ-ਚਰਿੱਤਰ ਵਿਚਲੀ ਤਬਦੀਲੀ ਪੰਜਾਬ ਦੀ ਤਬਦੀਲੀ ਨੂੰ ਹੀ ਪ੍ਰਗਟਾਉਂਦੀ ਹੈ। ਜੋਗਿੰਦਰ ਸਿੰਘ ਦਾ ਜੁੱਸਾ ਤੇ ਸੁਭਾਅ, ਜੇ ਕਹਾਣੀ ਦਾ ਰੂਪ ਨਿਰਧਾਰਤ ਕਰਦਾ ਇਕ ਤੱਤ ਹੈ, ਤਾਂ ਇਹ ਤੱਤ ਪੰਜਾਬ ਦੀ ਵਸਤੂ-ਸਥਿਤੀ ਨੂੰ ਪ੍ਰਗਟਾਉਣ ਦੀ ਹੀ ਭੂਮਿਕਾ ਨਿਭਾਉਂਦਾ ਹੈ। ਕੁਝ ਇਸੇ ਤਰ੍ਹਾਂ ਦਾ ਪ੍ਰਭਾਵ 'ਛੁੱਟੀ' ਨਾਮਕ ਕਹਾਣੀ ਦਿੰਦੀ ਹੈ।

'ਛੁੱਟੀ' ਕਹਾਣੀ ਵਿਚਲਾ ਪਾਤਰ ਮਾਸਟਰ ਬਲਦੇਵ ਸਿੰਘ ਜਿਵੇਂ ਜੋਗਿੰਦਰ ਸਿੰਘ ਦਾ ਹੀ ਬਦਲਵਾਂ ਰੂਪ ਹੋਵੇ, ਤੇ ਉਸਦਾ ਪੁੱਤਰ 'ਕੁਲਜੀਤ' ਜੋਗਿੰਦਰ ਦੇ ਕੁੱਤੇ ਟੌਮੀ ਦਾ। ਟੌਮੀ ਨੂੰ ਤਾਂ ਜੋਗਿੰਦਰ ਨੇ ਆਪਣੇ ਹੱਥੀਂ ਮਾਰ ਦਿੱਤਾ, ਪਰ ਕੁਲਜੀਤ ਨੂੰ ਪੁਲਿਸ ਨੇ 'ਭੁੱਚਰ ਕੋਲ ਹੋਏ ਮੁਕਾਬਲੇ' ਵਿਚ। ਇਕੋ ਸਥਿਤੀ (ਮੌਤ) ਨੂੰ ਕਲਾਤਮਕ ਤੌਰ ਉੱਤੇ ਉਲਟਾ-ਪੁਲਟਾ ਕੇ ਵੇਖਣ ਤੇ ਵਿਖਾਉਣ ਦੀ ਕਲਾ ਨੇ ਵਰਿਆਮ ਸੰਧੂ ਕੋਲੋਂ ਨਵੇਂ ਅੰਦਾਜ਼ ਵਿਚ ਨਵੀਂ ਕਹਾਣੀ ਲਿਖਵਾ ਦਿੱਤੀ। ਕਿਤੇ ਅਜਿਹੀ ਕਲਾ ਦੀ ਪ੍ਰਧਾਨਤਾ ਵਰਿਆਮ ਸੰਧੂ ਵੱਲੋਂ ਘੱਟ ਕਹਾਣੀਆਂ ਲਿਖੇ ਜਾਣ ਦੀ ਸੀਮਾਂ ਤਾਂ ਨਹੀਂ ਬਣ ਗਈ? ਇਕ ਵਸਤੂ-ਸਥਿਤੀ ਨੂੰ ਨਵਾਂ ਰੂਪ ਦੇਣ ਵੇਲੇ ਸੰਧੂ ਦੀ ਚੇਤਨਾ ਪਹਿਲਾਂ ਉਸਦੀ ਚੰਗੀ ਤਰ੍ਹਾਂ ਸ਼ਨਾਖਤ ਕਰਦੀ ਹੈ ਤੇ ਫਿਰ ਉਸਨੂੰ ਨਵਾਂ ਰੂਪ ਦੇ ਕੇ 'ਛੁੱਟੀ' ਵਰਗੀ ਕਹਾਣੀ ਲਿਖਣ ਲਈ ਉਕਸਾਉਂਦੀ ਹੈ।

ਜਿੱਥੇ 'ਛੁੱਟੀ' ਵਿਚਲਾ ਮਾਹੌਲ ਪੰਜਾਬ ਦੇ ਵਿੱਦਿਅਕ ਖੇਤਰ ਵਿਚ ਆਏ ਨਿਘਾਰ ਨੂੰ ਦਰਸਾਉਂਦਾ ਹੈ ਉੱਥੇ ਇਸਦਾ ਮਹੱਤਵਪੂਰਨ ਕਾਰਕ ਵਿੱਦਿਆ ਦੇਣ ਵਾਲੇ ਅਧਿਆਪਕਾਂ ਦੀ ਕੰਮਚੋਰੀ ਨੂੰ ਦਹਿਸ਼ਤਗਰਦੀ ਦੇ ਸਮੇਂ ਨਾਲ ਜੋੜ ਕੇ ਪੇਸ਼ ਕਰਦਾ ਹੈ। ਜਿਹੜੇ ਸਮਾਜਕ ਪ੍ਰਾਣੀ ਅਜਿਹੀ ਕਮਜ਼ੋਰੀ ਨੂੰ ਦੂਰ ਕਰਨਾ ਆਪਣਾ ਨੈਤਿਕ ਫਰਜ਼ ਸਮਝਦੇ ਹਨ ਉਹ ਮਾਸਟਰ ਚੀਮੇ ਦੇ ਪ੍ਰਚਾਰੇ ਇਸ ਨਾਅਰੇ ਦਾ ਸ਼ਿਕਾਰ ਹੋ ਜਾਂਦੇ ਹਨ: "ਸਾਡੇ ਸਕੂਲ ਦੇ ਤਿੰਨ ਸ਼ੁਦਾਈ ਬਲਵੇਦ ਸਿੰਘ, ਸਤਪਾਲ ਤੇ ਬੁੱਢਾ ਸਿੰਘ ਨਾਈ।" ਸੰਧੂ ਦੀ ਦੂਰ-ਅੰਦੇਸ਼ੀ ਰਚਨਾ-ਦ੍ਰਿਸ਼ਟੀ ਦਾ ਸਿੱਟਾ ਹੀ ਹੈ ਕਿ ਅਧਿਆਪਕ ਵਰਗ, ਵਿਦਿਆਰਥੀ ਵਰਗ ਤੇ ਦਰਜਾ ਚਾਰ ਕਰਮਚਾਰੀ ਵਰਗ ਦੀ ਸਮੀਕਰਣ ਨੂੰ ਦਰਸਾਉਂਦਾ ਇਹ ਨਾਅਰਾ ਸਰਕਾਰੀ ਵਿੱਦਿਅਕ ਸੰਸਥਾਵਾਂ ਵਿਚ ਅੱਜ ਵੀ ਬੁਲੰਦ ਹੈ। ਐਪਰ ਬਲਦੇਵ ਸਿੰਘ ਵਰਗੇ ਅਧਿਆਪਕ ਅੱਜ ਵੀ ਹਨ ਜਿਹਨਾਂ ਨੂੰ ਹਰ ਵੇਲੇ ਬੱਚਿਆਂ, ਲੋਕਾਂ ਅਤੇ ਦੇਸ਼ ਦਾ ਭਵਿੱਖ ਰੌਸ਼ਨ ਕਰਨ ਦੀ ਤਾਂਘ ਲੱਗੀ ਰਹਿੰਦੀ ਹੈ।

ਵਰਿਆਮ ਸਿੰਘ ਸੰਧੂ ਦੇ ਸਿਰਜੇ ਪਾਤਰ ਤਰਕ ਦਾ ਪੱਲਾ ਨਹੀਂ ਛੱਡਦੇ। ਉਹ ਤਰਕਸ਼ੀਲ ਢੰਗ ਨਾਲ ਸੋਚਦੇ ਹਨ ਤੇ ਦਲੀਲ ਨਾਲ ਗੱਲ ਕਰਦੇ ਹਨ। ਪਾਤਰਾਂ ਦੀ ਤਰਕਸ਼ੀਲ ਸੋਚ ਅਸਲ ਵਿਚ ਵਰਿਆਮ ਸਿੰਘ ਸੰਧੂ ਦੀ ਆਲੋਚਨਾਤਮਕ ਯਥਾਰਥਵਾਦ ਦੀ ਦ੍ਰਿਸ਼ਟੀ ਵਿਚੋਂ ਜਨਮ ਲੈਂਦੀ ਹੈ। ਪਾਤਰਾਂ ਨੂੰ ਸਿਰਜਣ ਦੀ ਕਲਾਤਮਕ ਪ੍ਰੇਰਨਾ ਵੀ ਉਹ ਯਥਾਰਥਵਾਦ ਦੀ ਵਿਧੀ ਵਿਚੋਂ ਗ੍ਰਹਿਣ ਕਰਦਾ ਹੈ, ਜਿਵੇਂ 'ਭੱਜੀਆਂ ਬਾਹੀਂ' ਕਹਾਣੀ ਵਿਚ ਰਾਮ ਲਾਲ ਦੇ ਪਰਿਵਾਰ ਦੀ ਯਥਾਰਥਕ ਸਥਿਤੀ ਨੂੰ ਸਿਰਜਦੇ ਸਮੇਂ ਕਹਾਣੀਕਾਰ ਪੰਜਾਬ ਸਮੱਸਿਆ ਦੇ ਮਹੱਤਵਪੂਰਨ ਪਹਿਲੂਆਂ ਉੱਤੇ ਵੀ ਪਾਤਰਾਂ ਦੇ ਬੋਲਾਂ ਅਤੇ ਉਹਨਾਂ ਦੇ ਯਥਾਰਥਕ ਜੀਵਨ ਰਾਹੀਂ ਝਾਤ ਪੁਵਾਉਂਦਾ ਹੈ। ਜਿਹਨਾਂ 'ਚੋਂ ਪ੍ਰਮੁੱਖ ਹਨ: ਇਕ,



ਅੱਤਿਵਾਦੀਆਂ ਦਾ ਕੇਵਲ ਵਰਗੇ ਮਾਸੂਮ ਹਿੰਦੂ ਨੌਜਵਾਨ ਨੂੰ ਗੋਲੀਆਂ ਮਾਰ ਕੇ ਮਾਰਨ ਦੇ ਸਿੱਟੇ ਵਜੋਂ ਰੌਣਕ ਭਰੇ ਬਾਜ਼ਾਰ ਸੁੰਨ-ਮਸਾਣ ਬਣ ਜਾਂਦੇ ਹਨ ਤੇ ਖਾਲੀ ਬਾਜ਼ਾਰ ਵਿਚ ਸਟੇਨਾਂ ਤੇ ਰਾਈਫਲਾਂ ਤਾਣੀ ਖਲੋਤੇ ਪੰਜਾਬ ਪੁਲਿਸ ਤੇ ਸੀ. ਆਰ. ਪੀ. ਐਫ. ਦੇ ਜਵਾਨ ਲਾਸ਼ ਦੁਆਲੇ ਘੇਰਾ ਪਾਈ ਖੜ੍ਹੇ ਹਨ। ਦੋ, ਪੰਜਾਬ ਅੰਦਰਲੀ ਦਲ-ਬਦਲੂ ਰਾਜਨੀਤੀ ਵੀ ਪੰਜਾਬ ਸਮੱਸਿਆ ਦੀ ਜਨਮ ਦਾਤੀ ਹੈ। ਤਿੰਨ, ਕੇਂਦਰ ਦਾ ਹਰਿਆਣਾ ਤੇ ਰਾਜਸਥਾਨ ਰਾਜਾਂ ਨੂੰ ਪੰਜਾਬ ਦਾ ਪਾਣੀ ਦੇ ਕੇ ਪੰਜਾਬ ਨਾਲ ਵਿਤਕਰਾ ਕਰਨਾ। ਚਾਰ, ਪੰਜਾਬ ਦੇ ਹਿੰਦੂਆਂ ਤੇ ਸਿੱਖਾਂ ਦਾ ਵੱਖੋ-ਵੱਖਰੇ ਪੈਂਤੜਿਆਂ (ਭਾਸ਼ਾ, ਧਰਮ, ਕੌਮ ਆਦਿ) 'ਤੇ ਇਕ ਦੂਸਰੇ ਦੇ ਵਿਰੋਧ 'ਚ ਡਟਣਾ। ਪੰਜ, ਚੰਡੀਗੜ੍ਹ ਪੰਜਾਬ ਦਾ ਕਿ ਹਰਿਆਣੇ ਦਾ?

ਪੰਜਾਬ ਸਮੱਸਿਆ ਦੇ ਇਹਨਾਂ ਪੰਜ ਪਹਿਲੂਆਂ ਨੂੰ ਗਲਪੀ ਰੂਪ ਦੇਣ ਸਮੇਂ ਵਰਿਆਮ ਸੰਧੂ ਦੀ ਕਲਮ ਪੰਜਾਬ ਦੀ ਸਾਂਝੀ ਸਭਿਆਚਾਰਕ ਚੇਤਨਾ ਦੇ ਪ੍ਰਗਟਾਅ ਲਈ ਰਾਮ ਲਾਲ ਦੇ ਪਰਿਵਾਰਕ ਮੈਂਬਰਾਂ ਦੀ ਜੀਵਨ ਕਹਾਣੀ ਨੂੰ ਇਕ ਕਲਾਤਮਕ ਹਥਿਆਰ ਵਜੋਂ ਵਰਤਦੀ ਹੈ। ਸ਼ਾਇਦ ਇਸੇ ਲਈ ਕਹਾਣੀਕਾਰ ਨੇ ਧੰਨਾ ਸਿੰਘ ਦੇ ਮੂੰਹੋਂ ਇਹ ਬੋਲ ਕਹਾਏ ਹਨ ਕਿ "ਅਕਸਰ ਭੱਜੀਆਂ ਬਾਹੀਂ ਗਲ ਨੂੰ ਈ ਆਉਂਦੀਆਂ ਨੇ।" ਸ਼ਾਇਦ ਇਸੇ ਲਈ ਕੇਵਲ ਦੇ ਅੱਤਿਵਾਦੀਆਂ ਹੱਥੋਂ ਮਾਰੇ ਜਾਣ ਉਪਰੰਤ ਸਰਕਾਰ ਵੱਲੋਂ ਮਿਲੇ ਉਸਦੇ ਪਰਿਵਾਰ ਨੂੰ ਦਸ ਹਜ਼ਾਰ ਰੁਪਏ ਉਸਦਾ ਸਭ ਤੋਂ ਵੱਡਾ ਫੌਜੀ ਭਰਾ ਬੈਂਕ ਵਿਚ ਉਸਦੀ ਵਹੁਟੀ ਦੇ ਨਾਂ ਲਵਾਉਣ ਦੀ ਬਜਾਇ ਉਸਦੇ ਪੁੱਤ ਤੇ ਧੀ ਦੇ ਨਾਂ ਫਿਕਸ ਕਰਵਾ ਦਿੰਦਾ ਹੈ ਤੇ ਪਿੰਡ ਦੀ ਪੰਚਾਇਤ ਵੀ ਉਸਦੇ ਅਜਿਹੇ ਕਾਰਨਾਮੇ ਉੱਤੇ ਮੋਹਰ ਲਾਉਂਦੀ ਹੈ। ਸ਼ਾਇਦ ਇਸੇ ਲਈ ਕੇਵਲ ਲਈ ਦੁਖਾਂਤ ਉਪਜਾਉਣ ਵਾਲਾ ਉਸ ਦਾ ਵੱਡਾ ਭਰਾ ਸਰਵਣ ਵੀ ਉਸਦੀ ਲਾਸ਼ ਉੱਤੇ ਝੁਕ ਕੇ ਅੱਥਰੂ ਕੇਰਦਾ ਤੇ ਕੀਰਨੇ ਪਾਉਂਦਾ ਵਿਖਾਇਆ ਗਿਆ ਹੈ। ਸ਼ਾਇਦ ਇਸੇ ਲਈ ਕਹਾਣੀਕਾਰ ਨੇ ਇਨਕਲਾਬ ਲਿਆਉਣ ਵਾਲੇ ਕਾਮਰੇਡ ਤੇਜਾ ਸਿੰਘ ਨੂੰ ਕਹਾਣੀ ਦੇ ਅੰਤ ਵਿਚ ਬੁਢੇਪੇ ਦੀ ਅਵਸਥਾ ਵਿਚ ਇਕੱਲੇ ਨੂੰ ਹੀ ਆਪਣੇ ਹੱਥ ਡੰਗੋਰੀ ਸੰਭਾਲੀ ਹੌਲੀ ਹੌਲੀ ਤੁਰਦੇ ਤੇ ਆਪਣੇ ਆਪ ਨਾਲ ਗੱਲਾਂ ਕਰਦੇ ਵਿਖਾਇਆ ਹੈ। ਕਾਮਰੇਡ ਤੇਜਾ ਸਿੰਘ ਦੀ ਸੋਚ ਵਾਲੇ ਹੋਰ ਪਾਤਰ ਹਨ ਧੰਨਾ ਸਿੰਘ ਦਰਜ਼ੀ, ਤਾਰਾ ਸਿੰਘ, ਮਾਸਟਰ ਮਨਜੀਤ ਸਿੰਘ, ਬੁੱਢਾ ਫੌਜੀ ਲਖਮੀਰ ਸਿੰਘ ਅਤੇ ਪ੍ਰਾਇਮਰੀ ਸਕੂਲ ਦਾ ਮਾਸਟਰ ਸ਼ਾਮ ਸੁੰਦਰ। ਕਾਮਰੇਡੀ ਸੋਚ ਰੱਖਣ ਵਾਲੇ ਇਹ ਸਾਰੇ ਪਾਤਰ ਦੇਸ਼ ਦੀ ਘਟੀਆ ਸਿਆਸਤ ਨੂੰ ਨਿੰਦਣ ਅਤੇ ਦੱਬੇ ਮੁਰਦੇ ਪੁੱਟਣ ਵਾਲੇ ਪਾਤਰਾਂ ਜਿਵੇਂ ਬੰਸੀ ਲਾਲ, ਹਰਿੰਦਰਪਾਲ ਅਤੇ ਨੰਬਰਦਾਰ ਸੌਦਾਗਰ ਸਿੰਘ ਦੀ ਸੋਚ ਨੂੰ ਆਪਣੀ ਆਪਣੀ ਬੌਧਿਕ ਸਮਰੱਥਾ ਨਾਲ ਭੰਨਣ ਤੇ ਤੋੜਣ ਦੀ ਭੂਮਿਕਾ ਨਿਭਾਉਂਦੇ ਹਨ। ਵਰਿਆਮ ਸੰਧੂ ਦੀ ਕਹਾਣੀ ਵਿਚ ਪਾਤਰ ਭਾਰੂ ਨੇ ਕਿ ਸਥਿਤੀਆਂ? ਸਥਿਤੀਆਂ ਭਾਰੂ ਨੇ ਕਿ ਦ੍ਰਿਸ਼ਟੀਕੋਣ? ਦ੍ਰਿਸ਼ਟੀਕੋਣ ਭਾਰੂ ਏ ਕਿ ਕਲਾ? ਇਹਨਾਂ ਪ੍ਰਸ਼ਨਾਂ ਦੀ ਥਾਹ ਤਾਂ ਵਰਿਆਮ ਸਿੰਘ ਸੰਧੂ ਦੀ ਕਹਾਣੀ ਨੂੰ ਕਹਾਣੀ ਜਾਚ ਨਾਲ ਪੜ੍ਹ ਕੇ ਅਤੇ ਸਮਾਜ-ਸ਼ਾਸਤਰੀ ਸੋਚ ਨਾਲ ਸਮਝ ਕੇ ਹੀ ਪਾਈ ਜਾ ਸਕਦੀ ਹੈ।

0 0 0 0

ਉਂਝ ਤਾਂ ਵਰਿਆਮ ਸੰਧੂ ਦੀ ਹਰ ਕਹਾਣੀ ਸਮਾਜਕ, ਆਰਥਿਕ ਤੇ ਰਾਜਨੀਤਕ ਆਜ਼ਾਦੀ ਨਾਲ ਜੁੜੇ ਵਿਅਕਤੀ ਦੇ ਬੁਨਿਆਦੀ ਮਸਲਿਆਂ ਦੀ ਹੀ ਗਾਲਪਨਿਕ ਤਰਜਮਾਨੀ ਹੈ। ਐਪਰ, ਕੁਝ ਕਹਾਣੀਆਂ ਵਿਸ਼ੇਸ਼ ਤੌਰ ਉੱਤੇ ਵਿਅਕਤੀ ਦੇ ਅਜਿਹੇ ਮਹੱਤਵਪੂਰਨ ਮਸਲਿਆਂ ਦੁਆਲੇ ਉਣੀਆਂ ਗਈਆਂ ਹਨ, ਜਿਵੇਂ 'ਕਾਲੀ ਧੁੱਪ', 'ਨੰਗਾ ਸੂਰਜ', 'ਸਾਂਝ', 'ਅੱਖਾਂ ਵਿਚ ਮਰ ਗਈ ਖੁਸ਼ੀ' ਅਤੇ 'ਜ਼ੰਜੀਰਾਂ'। ਇਹ ਪੰਜੇ ਕਹਾਣੀਆਂ ਰੋਟੀ, ਕੱਪੜਾ ਅਤੇ ਮਕਾਨ ਨੂੰ ਵਿਅਕਤੀ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਦੇ ਪ੍ਰਸੰਗ ਵਿਚ ਚਿਤਰਦੀਆਂ ਹਨ।

ਕਹਾਣੀਕਾਰ ਦੀ ਦ੍ਰਿਸ਼ਟੀ ਮੁਤਾਬਕ ਭਾਰਤ ਦੇਸ਼ ਦੇ ਵਾਸੀਆਂ ਨੂੰ ਰੋਟੀ, ਕੱਪੜਾ ਤੇ ਮਕਾਨ ਦੀ ਅਪੂਰਤੀ ਨੇ ਗ਼ੁਲਾਮ ਬਣਾ ਛੱਡਿਆ ਹੈ। ਸੁਤੰਤਰਤਾ ਤੇ ਸਮਾਨਤਾ ਜਿਹੇ ਸੰਵਿਧਾਨਕ ਨਾਅਰਿਆਂ (ਅਧਿਕਾਰਾਂ) ਨੇ ਉਹਨਾਂ ਦੀ ਢਿੱਡ ਦੀ ਜੰਗ ਨੂੰ ਖਤਮ ਤਾਂ ਕੀ ਕਰਨਾ ਸੀ ਸਗੋਂ ਇਸਨੂੰ ਹੋਰ ਤੇਜ਼ ਹੀ

ਕੀਤਾ ਹੈ। ਅਜਿਹੀ ਤੇਜ਼ੀ ਨੂੰ ਰੋਕਣ ਲਈ 'ਅੱਖਾਂ ਵਿਚ ਮਰ ਗਈ ਖੁਸ਼ੀ' ਦਾ ਇਕ ਪਾਤਰ ਧੰਨ ਦੇਵੀ ਵੱਲ ਚਰਖੇ ਵਾਲਾ ਤਿਰੰਗਾ ਸੁੱਟਦਿਆਂ ਕਹਿੰਦਾ ਹੈ, "ਲੈ ਇਹਨੂੰ ਪਾੜ ਕੇ ਮੁੰਡੇ ਨੂੰ ਬਸਤਾ ਤਾਂ ਬਣਾ ਕੇ ਦੇ ਤੇ ਬਾਕੀ ਫਿਰ...।" ਇਸੇ ਤਰ੍ਹਾਂ 'ਨੰਗਾ ਸੂਰਜ' ਕਹਾਣੀ ਦੀ ਅਧਿਆਪਕਾ ਨੂੰ ਦੀਪਾਂ ਨਾਮੀ ਪਾਤਰ ਦਾ ਰੋਟੀ ਖਾਣ ਬਦਲੇ ਬੋਲਿਆ ਸੱਚ ਵੱਡਾ ਜਾਪਦਾ ਹੈ ਤੇ ਉਸਨੂੰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦੀ ਪੁਸਤਕ ਦੇ ਹਰ ਅੱਖਰ ਵਿਚੋਂ ਦੀਪਾਂ ਦਾ ਚਿਹਰਾ (ਗ਼ਰੀਬ) ਦਿਸਣ ਲੱਗ ਪੈਂਦਾ ਹੈ। ਇਸੇ ਤਰ੍ਹਾਂ 'ਕਾਲੀ ਧੁੱਪ' ਵਿਚ ਮਹਿਲਾਂ ਵੱਲ ਜਾਂਦੀਆਂ ਮਹਿਲਾਂ ਵਾਲਿਆਂ ਦੀਆਂ ਅਮੀਰ ਤੇ ਪੜ੍ਹਾਕੂ ਕੁੜੀਆਂ ਦੀ ਪਿੱਠ ਵੇਖ ਕੇ ਗ਼ਰੀਬ ਧੀ ਵੱਲੋਂ ਆਪਣੀ ਮਾਂ ਨੂੰ ਪੁੱਛਿਆ ਇਹ ਸਵਾਲ ਅੱਜ ਵੀ ਦਰਕਾਰ ਹੈ: "ਮਾਂ ਨੀ ਮਾਂ! ਅੜੀਏ! ਭਲਾ ਜਵਾਨੀ ਕਦੋਂ ਕੁ ਆਉਂਦੀ ਹੈ?" ਇਸੇ ਤਰ੍ਹਾਂ 'ਸਾਂਝ' ਵਿਚ ਔਰਤ ਤੇ ਮਰਦ ਦੀ ਸਾਂਝ ਨੂੰ ਰੋਟੀ ਨਾਲ ਜੋੜ ਕੇ ਵੇਖਿਆ ਗਿਆ ਹੈ। ਕੁਝ ਇਸੇ ਤਰ੍ਹਾਂ 'ਜ਼ੰਜੀਰਾਂ' ਕਹਾਣੀ ਵਿਚ ਗ਼ਰੀਬੀ ਨੂੰ ਮੇਟਣ ਲਈ ਕੀਤੇ ਆਰਥਿਕ ਉਪਰਾਲਿਆਂ ਨੂੰ ਜਾਂ ਤਾਂ ਸਰਹੱਦਾਂ ਉੱਤੇ ਗੋਲਾਬਾਰੀ ਹੜੱਪ ਜਾਂਦੀ ਹੈ, ਤੇ ਜਾਂ ਫਿਰ, ਮਰਨ ਉਪਰੰਤ ਉਹਨਾਂ ਦੇ ਘਰਾਂ ਵਿਚ ਪਏ ਟਰੰਕਾਂ ਨੂੰ ਸਰਹੱਦਾਂ ਦੇ ਰਾਖਿਆਂ (ਫੌਜੀਆਂ) ਵੱਲੋਂ ਹੂੰਝਾਂ ਫੇਰ ਕੇ ਖਤਮ ਕਰ ਦਿੱਤਾ ਜਾਂਦਾ ਹੈ। ਅਜਿਹੀਆਂ ਹਾਲਤਾਂ ਵਿਚ ਆਮ ਇਨਸਾਨ ਆਜ਼ਾਦੀ ਦੇ ਅਰਥ ਲੱਭਦਾ ਲੱਭਦਾ ਮਰ ਜਾਂ ਮਾਰ ਦਿੱਤਾ ਜਾਂਦਾ ਹੈ। ਇਹਨਾਂ ਪੰਜ ਕਹਾਣੀਆਂ ਵਿਚ 'ਪੇਟ ਦਾ ਸੁਆਲ' ਪਾ ਕੇ ਸੁਤੰਤਰਤਾ, ਸਮਾਨਤਾ ਤੇ ਭਰਾਤਰੀਭਾਵ ਦੇ ਅਰਥਾਂ ਨੂੰ ਖੋਜਿਆ ਗਿਆ ਹੈ, ਜੋ ਕਿ ਵਿਅਕਤੀ ਦੇ ਬੁਨਿਆਦੀ ਹੱਕ ਤੇ ਮਸਲੇ ਹਨ।

ਇਹਨਾਂ ਸਰਬ ਸਾਂਝੇ ਮਸਲਿਆਂ ਦੇ ਹੱਲ ਲਈ 'ਅਨੋਖਾ ਰਾਹੀ' ਅਤੇ 'ਰਾਖਾ' ਕਹਾਣੀਆਂ ਦੇ ਕ੍ਰਮਵਾਰ ਦੋ ਵਾਰਤਾਲਾਪੀ ਗਾਲਪਨਿਕ ਟੁਕੜਿਆਂ ਨੂੰ ਵਿਚਾਰਿਆ ਜਾ ਸਕਦਾ ਹੈ। ਪਹਿਲਾ, "ਮੈਂ?...ਭਾਰਤ ਦੀ ਦੁੱਖਾਂ ਮਾਰੀ ਧਰਤੀ ਹਾਂ। ਇਹ ਮੇਰਾ ਹੀਰਾ ਪੁੱਤਰ ਮੇਰਾ ਦੁੱਖ ਨਹੀਂ ਸਹਾਰ ਸਕਿਆ। ਮੇਰੇ ਦੂਜੇ ਪੁੱਤਰਾਂ ਦੀ ਪੀੜ ਨਹੀਂ ਸਹਿ ਸਕਿਆ। ਮੇਰੇ ਤੇ ਆਪਣੇ ਭਰਾਵਾਂ ਦੇ ਸੁੱਖ ਬਦਲੇ ਇਸਨੇ ਆਪਣੇ ਪੁੱਤਰ ਵਾਰ ਦਿੱਤੇ ਨੇ। ਮੇਰੇ ਹਰ ਹੰਝੂ ਵਿਚ ਇਹਦੇ ਪੁੱਤਾਂ ਪਿਆਰਿਆਂ ਦਾ ਖੂਨ ਰਚ ਗਿਆ ਹੈ। ਮੈਂ ਆਪਣੇ ਇਸ ਛਿੰਦੇ ਪੁੱਤ ਤੋਂ ਕੁਰਬਾਨ ਜਾਂਦੀ ਹਾਂ। ਇਸ ਸੋਹਣੇ ਲਾਲ ਤੋਂ ਸਦਕੜੇ ਜਾਂਦੀ ਹਾਂ।" ਦੂਸਰਾ, "..ਮੈਂ ਅਸਲੀ ਰੱਬ ਪੱਥਰ ਦੀਆਂ ਨਿਰਜਿੰਦ ਮੂਰਤੀਆਂ ਤੇ ਵੱਡੇ ਉੱਚੇ ਉਸਰੇ ਧਾਰਮਿਕ ਸਥਾਨਾਂ ਵਿਚ ਨਹੀਂ ਸਮਝਦਾ ਸਗੋਂ ਜਿਉਂਦੇ ਇਨਸਾਨਾਂ ਵਿਚ ਸਮਝਦਾ ਹਾਂ। ਇਨਸਾਨ ਜੋ ਹੱਡ-ਮਾਸ ਤੇ ਲਹੂ ਦੇ ਪੁਤਲੇ ਹਨ। ਜਿਹਨਾਂ ਵਿਚ ਦਿਲ ਧੜਕਦਾ ਹੈ। ਇਨਸਾਨ ਵਿਚੋਂ ਰੱਬ ਲੱਭਣਾ ਹੀ ਅੱਜ ਦੇ ਮਨੁੱਖ ਦਾ ਅਸਲੀ ਉਦੇਸ਼ ਹੈ। ਮੇਰਾ ਰੱਬ ਇਹ ਜਨਤਾ ਹੈ, ਲੋਕ ਹਨ, ਤੁਸੀਂ ਹੋ। ਤੇ ਤੁਹਾਡੇ ਤੋਂ ਬਿਨਾਂ ਜੇ ਕੋਈ ਰੱਬ ਅਰਸ਼ਾਂ ਵਿਚ ਵਸਦਾ ਵੀ ਹੋਵੇ ਤਾਂ ਮੈਨੂੰ ਅਜਿਹੇ ਭਗਵਾਨ ਦੀ ਜ਼ਰੂਰਤ ਨਹੀਂ-ਚਾਹਨਾ ਨਹੀਂ-ਇੱਛਾ ਨਹੀਂ-।"

ਉਪਰੋਕਤ ਵਾਰਤਾਲਾਪੀ ਟੁਕੜਿਆਂ ਵਿਚੋਂ ਅਜਿਹੇ ਸੱਚੇ, ਸੁੱਚੇ ਤੇ ਇਨਕਲਾਬੀ ਵਿਅਕਤੀ ਦੇ ਦਰਸ਼ਨ ਹੁੰਦੇ ਹਨ ਜੋ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦਾ ਅਮੂਰਤ ਨਾਇਕ ਹੈ ਅਤੇ ਅਜਿਹਾ ਨਾਇਕ ਸੰਧੂ ਦੇ ਸਿਰਜੇ ਮਾਨਵਵਾਦੀ ਕਿਰਦਾਰ ਵਾਲੇ ਪਾਤਰਾਂ ਦੀ ਸੋਚ ਤੇ ਵਿਹਾਰ ਵਿਚੋਂ ਸਾਕਾਰ ਹੁੰਦਾ ਹੈ। ਵਰਿਆਮ ਸੰਧੂ ਦੀਆਂ ਕਹਾਣੀਆਂ ਅਮੂਰਤ ਨਾਇਕ ਦੇ ਕਲਾਤਮਕ ਸੰਕਲਪ ਨੂੰ ਸਾਹਵੇਂ ਲਿਆਉਂਦੀਆਂ ਹਨ। ਮਸਲਨ, ਸੰਧੂ ਦੀ ਸਭ ਤੋਂ ਛੋਟੀ ਕਹਾਣੀ 'ਪੁੱਛਣਾ' ਵਿਚ ਇਕ ਆਮ ਵਿਅਕਤੀ ਆਪਣੇ ਅਮੂਰਤ ਨਾਇਕੀ ਗੁਣਾਂ ਸਦਕਾ ਲੋਕ ਮਾਨਸਿਕਤਾ ਵਿਚ ਬੈਠੀ ਦੇਵੀ ਦੇ ਜੁੰਡਿਆਂ ਨੂੰ ਹੱਥ ਪਾ ਲੈਂਦਾ ਹੈ। ਇਸ ਕਹਾਣੀ ਵਿਚ ਸੰਧੂ ਨੇ ਫੋਕੇ ਕਰਮ-ਕਾਂਡਾਂ ਤੇ ਅੰਧ ਵਿਸ਼ਵਾਸਾਂ ਨੂੰ ਵਿਅੰਗ ਦੇ ਕਲਾਤਮਕ ਨਸ਼ਤਰ ਰਾਹੀਂ ਪੱਛਿਆ ਹੈ। ਇਸੇ ਤਰ੍ਹਾਂ ਕਹਾਣੀ 'ਕਾਹਲ' ਵਿਚ ਜੇ ਪ੍ਰੇਮ ਵਿਚ ਬੇਵਫਾਈ ਦੀ ਬਾਤ ਪਾਈ ਗਈ ਹੈ ਤਾਂ 'ਜੇਬ ਕਤਰੇ' ਵਿਚ ਰੋਟੀ ਤੋਂ ਬਿਨਾਂ ਪਿਆਰ ਨੂੰ ਤੜਫਦੀ ਕਲਪਨਾ ਦੇ ਰੂਪ ਵਾਲੀ ਬੁਝਾਰਤ ਸਿਰਜੀ ਗਈ ਹੈ।

ਸੰਧੂ ਦੀ ਲਗਪਗ ਹਰ ਕਹਾਣੀ ਵਿਚ ਵੱਧ ਜਾਂ ਘੱਟ ਮਾਤਰਾ ਵਿਚ ਬੁਝਾਰਤ ਵਰਗੀ



ਕਲਾਤਮਕ ਜੁਗਤ ਕਾਰਜਸ਼ੀਲ ਰਹਿੰਦੀ ਹੈ। ਅਜਿਹੀ ਬੁਝਾਰਤੀ ਜੁਗਤ ਪਾਠਕਾਂ ਦੀ ਦਿਮਾਗ਼ੀ ਕਸਰਤ ਕਰਵਾਉਣ ਦੇ ਨਾਲ ਨਾਲ ਉਹਨਾਂ ਨੂੰ ਜਜ਼ਬਾਤੀ ਸਕੂਨ ਵੀ ਪ੍ਰਦਾਨ ਕਰਦੀ ਹੈ। ਇਹ ਜਜ਼ਬਾਤੀ ਸਕੂਨ ਪਾਠਕਾਂ ਦੇ ਜਜ਼ਬਾਤ ਨੂੰ ਠੰਢਾ ਨਹੀਂ ਸਗੋਂ ਗਰਮ ਕਰਦਾ ਹੈ, ਜਿਵੇਂ 'ਕਾਹਲ' ਤੇ 'ਜੇਬ ਕਤਰੇ' ਕਹਾਣੀਆਂ ਵਿਚ ਪਾਈਆਂ ਬੁਝਾਰਤਾਂ ਵਿਚ ਪੇਸ਼ ਹੋਏ ਵਿਅਕਤੀ ਨੂੰ ਸਮਾਜਕ, ਆਰਥਿਕ ਤੇ ਰਾਜਨੀਤਕ ਪ੍ਰਬੰਧ ਢਾਹੁੰਦੇ ਹਨ ਅਤੇ ਉਸਦੀ (ਸਾਹਿਤਕਾਰ ਦੇ ਰੂਪ 'ਚ) ਹੱਕ ਤੇ ਹੱਕ ਪ੍ਰਾਪਤੀ ਲਈ ਚੁੱਕੀ ਬੰਦੂਕ (ਕ੍ਰਾਂਤੀਕਾਰੀਆਂ ਦੇ ਵਿਭਿੰਨ ਰੂਪ) ਨੂੰ ਆਪਣੀ ਆਪਣੀ ਮਣਾਂਮੂੰਹੀ ਤਾਕਤ ਨਾਲ ਹੜੱਪਦੇ ਜਾਂਦੇ ਹਨ।

ਐਪਰ 'ਦੁਖਾਂਤ ਦਾ ਸਫ਼ਰ' ਕਹਾਣੀ ਵਿਚ ਵਿਅਕਤੀ ਨੂੰ ਸਚੇਤ ਕਰਨ ਲਈ ਉਸ ਸਾਹਵੇਂ ਇਹ ਪ੍ਰਸ਼ਨ ਰੱਖਿਆ ਗਿਆ ਹੈ ਕਿ "ਅੱਜ ਦੇ ਯੁੱਗ ਵਿਚ ਅਸੀਂ ਕਿਸੇ ਵੱਲ ਕੁਝ ਲੱਭਣ ਦੀ ਨੀਅਤ ਨਾਲ ਹੀ ਕਿਉਂ ਵੇਖਦੇ ਹਾਂ?" ਸ਼ਾਇਦ ਇਸ ਪ੍ਰਸ਼ਨ ਦਾ ਉੱਤਰ 'ਕੁਰਾਹੀਆ' ਕਹਾਣੀ ਦੇ ਮੁੱਖ ਪਾਤਰ ਹੈੱਡ ਮਾਸਟਰ ਹਜ਼ਾਰਾ ਸਿੰਘ ਦੇ ਵਿਹਾਰ ਵਿਚੋਂ ਲੱਭ ਪੈਂਦਾ ਹੈ। ਉਸਦੀ ਸ਼ਖ਼ਸੀਅਤ ਦੇ ਇਹ ਗੁਣ ਹਨ: ਉਹ ਕਿਸੇ ਦੀ ਦਖ਼ਲਅੰਦਾਜ਼ੀ ਪਸੰਦ ਨਹੀਂ ਕਰਦਾ, ਕਿਸੇ ਵੀ ਕਿਸਮ ਦੇ ਲਾਲਚ 'ਚ ਨਹੀਂ ਫਸਦਾ, ਕਿਸੇ ਦੀ ਨਰਾਜ਼ਗੀ ਦੀ ਉਸਨੂੰ ਕੋਈ ਪ੍ਰਵਾਹ ਨਹੀਂ, ਵਿੱਦਿਅਕ ਅਫ਼ਸਰ ਹੁੰਦਿਆਂ ਵੀ ਇਕ ਧੱਕੜ ਅਫ਼ਸਰ ਵਾਲਾ ਉਸਦਾ ਦ੍ਰਿਸ਼ਟੀਕੋਣ ਨਹੀਂ ਹੈ, ਅਤੇ ਬਾਹਰੋਂ ਵੇਖਣ 'ਤੇ ਜਿੰਨਾ ਸਖਤ ਤੇ ਰੁੱਖਾ ਲਗਦਾ ਹੈ ਉਤਨਾ ਅੰਦਰੋਂ ਕੂਲਾ ਤੇ ਨਰਮ ਹੈ। ਪਰ ਸਮਾਜ ਵਿਚ ਅਵੈੜਾ, ਲੋਹੇ ਦਾ ਬਣ, ਕਾਨੂੰਨੀ ਘੈਂਟ, ਮੂੜ੍ਹ, ਸਖ਼ਤ ਤੇ ਸਾਨ੍ਹ ਵਰਗੇ ਵਿਸ਼ੇਸ਼ਣਾਂ ਨਾਲ ਜਾਣੇ ਜਾਂਦੇ ਹੈੱਡ ਮਾਸਟਰ ਦੀ ਜੀਵਨ ਨੂੰ ਜਿਉਣ ਦੀ ਇਕ ਆਪਣੀ ਹੀ ਤਰਤੀਬ ਹੈ। ਇਹ ਤਰਤੀਬ ਸਿਖਾਉਂਦੀ ਹੈ ਕਿ ਜੇਕਰ ਵਿਅਕਤੀ ਅੰਦਰ ਕੋਈ ਕਮਜ਼ੋਰੀ ਨਾ ਹੋਵੇ ਤਾਂ ਹੀ ਉਹ ਹਰ ਪੱਖੋਂ ਭ੍ਰਿਸ਼ਟ ਸਮਾਜਕ ਪ੍ਰਬੰਧ ਨਾਲ ਟਕਰਾਉਣ ਦੇ ਯੋਗ ਹੋ ਸਕਦਾ ਹੈ। ਅਜਿਹਾ ਵਿਅਕਤੀ ਕਿਸੇ ਵੀ ਨੀਤੀ ਤੇ ਸ਼ਕਤੀ ਦਾ ਵਿਖਾਵਾ ਕਰਨ ਵਾਲੇ ਬੰਦੇ ਨਾਲ ਸਖਤੀ ਨਾਲ ਨਿਪਟ ਸਕਦਾ ਹੈ। ਇਸੇ ਲਈ ਵਿਅਕਤੀ ਦੇ ਬੁਨਿਆਦੀ ਇਖ਼ਲਾਕ ਉੱਤੇ ਜ਼ੋਰ ਦੇਣ ਵਾਲਾ ਅਜਿਹਾ ਪਾਤਰ ਮਰਨ ਉਪਰੰਤ ਆਕੜੀਆਂ ਲੱਤਾਂ ਤੇ ਉਤਾਂਹ ਨੂੰ ਸਿੱਧੇ ਖੜ੍ਹੇ ਪੈਰਾਂ ਰਾਹੀਂ ਵੀ ਇਹੋ ਸੰਦੇਸ਼ ਦਿੰਦਾ ਜਾਪਦਾ ਹੈ ਕਿ ਸਮਾਜ ਵਿਚ ਹਰ ਅਮਾਨਵੀ ਤਾਕਤ ਨੂੰ ਮਰ ਕੇ ਵੀ ਵੰਗਾਰਿਆ ਜਾ ਸਕਦਾ ਹੈ।

'ਮੈਂ' ਪਾਤਰ ਦਾ ਦ੍ਰਿਸ਼ਟੀਕੋਣ ਵੀ ਹੈੱਡ ਮਾਸਟਰ ਹਜ਼ਾਰਾ ਸਿੰਘ ਨਾਲ ਮਿਲਦਾ ਜੁਲਦਾ ਹੈ ਪਰ ਉਹ ਉਸ ਵਰਗੇ ਚੰਗੇ ਬੰਦਿਆਂ ਵਿਚ ਥੋੜ੍ਹੀ ਜਿਹੀ ਲਚਕ ਵੇਖਣੀ ਚਾਹੁੰਦਾ ਹੈ। ਅਜਿਹੀ ਲਚਕ ਹੈੱਡ ਮਾਸਟਰ ਨੂੰ ਮਨਜ਼ੂਰ ਨਹੀਂ। ਸ਼ਾਇਦ ਲਚਕ ਦੀ ਅਣਹੋਂਦ ਅਥਵਾ ਉਸਦੀ ਅਸੂਲ-ਪ੍ਰਸਤ ਭਾਵਨਾ ਉਸਦੀ ਕੁਦਰਤੀ ਮੌਤ ਦਾ ਕਾਰਨ ਬਣ ਜਾਂਦੀ ਹੈ ਅਤੇ 'ਮੈਂ' ਪਾਤਰ ਆਪਣੇ ਆਪ ਨੂੰ ਕੁਰਾਹੀਆ ਸਮਝ ਲੈਂਦਾ ਹੈ। ਉਸਦੇ ਅਜਿਹੇ ਭਰਮ ਨੂੰ ਤੋੜਨ ਲਈ ਵਰਿਆਮ ਸੰਧੂ ਕਹਾਣੀ ਦੇ ਅੰਤ ਉੱਤੇ ਪ੍ਰਤੀਕਾਤਮਕ ਰੂਪ ਵਿਚ "ਪਾਪਾ! ਸੂਲਜ਼ ਲਾਤ ਨੂੰ ਸੌਂ ਕਿਉਂ ਜਾਂਦਾ ਏ?" ਵਾਲਾ ਤੋਤਲਾ ਵਾਕ ਬੱਚੀ ਦੇ ਮੂਹੋਂ ਸਿਰਜਦਾ ਹੈ। ਇਝ ਉਹ 'ਮੈਂ' ਪਾਤਰ ਨੂੰ ਆਪੂੰ ਕੁਰਾਹੀਆਂ ਬਣਨ ਤੋਂ ਬਚਾ ਲੈਂਦਾ ਹੈ।

ਵਰਿਆਮ ਸੰਧੂ ਦੀ ਕਲਾਤਮਕ ਅਥਵਾ ਵਿਚਾਰਧਾਰਕ ਦ੍ਰਿਸ਼ਟੀ ਦਾ ਕ੍ਰਿਸ਼ਮਾ ਹੀ ਹੈ ਕਿ ਉਸਨੇ 'ਕੁਰਾਹੀਆ' ਵਿਅਕਤੀ ਨੂੰ ਨਹੀਂ, ਹਰ ਪੱਖੋਂ ਭ੍ਰਿਸ਼ਟ ਸਮਾਜਕ, ਆਰਥਿਕ ਤੇ ਰਾਜਨੀਤਕ ਪ੍ਰਬੰਧਾਂ ਨੂੰ ਗਰਦਾਨਿਆ ਹੈ। ਕਲਾਤਮਕ ਪੱਖੋਂ ਮਜ਼ਬੂਤ ਅਜਿਹੀਆਂ ਮਨੋਵਿਗਿਆਨਕ ਤੇ ਸਮਾਜ ਸ਼ਾਸਤਰੀ ਦ੍ਰਿਸ਼ਟੀਕੋਣ ਵਾਲੀਆਂ ਕਹਾਣੀਆਂ ਦੀ ਅਜੋਕੇ ਸਮੇਂ ਵਿਚ ਪੰਜਾਬੀ ਸਾਹਿਤ ਸਭਿਆਚਾਰ ਨੂੰ ਭਰਵੀਂ ਲੋੜ ਹੈ। ਦੋ-ਢਾਈ ਦਹਾਕੇ ਪਹਿਲਾਂ ਅਜਿਹੀ ਲੋੜ ਨੂੰ ਪੂਰਾ ਕਰਦੀਆਂ ਵਰਿਆਮ ਸੰਧੂ ਦੀਆਂ ਕਹਾਣੀਆਂ ਨੇ ਜਿੱਥੇ ਉਸਨੂੰ ਧਨੰਤਰ ਪੰਜਾਬੀ ਕਹਾਣੀਕਾਰਾਂ ਦੀ ਕੋਟੀ ਵਿਚ ਦਾਖ਼ਲ ਕਰਵਾਇਆ ਉੱਥੇ ਨਵੇਂ ਪੰਜਾਬੀ ਕਹਾਣੀਕਾਰਾਂ ਲਈ ਇਹ ਕਹਾਣੀਆਂ ਕਲਾਤਮਕ ਵੰਗਾਰ ਵੀ ਬਣਦੀਆਂ ਹਨ।

[ਲੈਕਚਰਾਰ ਪੰਜਾਬੀ, ਈਵਨਿੰਗ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ]

## ਖਯਾਮ ਉਡਾਰੀ [ਐੱਸ. ਐੱਸ. ਜੋਗੀ]

ਕਿਸੇ ਅਨੁਵਾਦਤ ਪੁਸਤਕ ਦਾ ਰੀਵੀਊ ਕਰਨਾ ਮੇਰੇ ਮਨ ਨੂੰ ਭਾਉਂਦਾ ਤਾਂ ਨਹੀਂ ਪਰ ਫੇਰ ਵੀ ਕਰ ਰਿਹਾ ਹਾਂ। ਉਮਰ ਖਯਾਮ ਦੀਆਂ ਰੁਬਾਈਆਂ ਦਾ ਪੰਜਾਬੀ ਪਾਠਕਾਂ ਤਕ ਪਹੁੰਚਣਾ ਬਹੁਤ ਖ਼ੁਸ਼ੀ ਦੀ ਗੱਲ ਹੈ। ਐੱਸ. ਐੱਸ. ਜੋਗੀ ਦੀ ਅਨੁਵਾਦਤ ਅਤੇ ਜਸਵਿੰਦਰ ਪ੍ਰਕਾਸ਼ਨ, ਜਲੰਧਰ ਵੱਲੋਂ ਪ੍ਰਕਾਸ਼ਤ 'ਖਯਾਮ ਉਡਾਰੀ' (ਪੰਨੇ 88, ਮੁੱਲ 100 ਰੁਪਏ) ਮੇਰੇ ਹੱਥਾਂ ਵਿਚ ਹੈ। ਮੈਂ ਏਸ ਦਾ ਸਰੂਰ ਮਾਣ ਚੁੱਕਾ ਹਾਂ ਤੇ ਇਸਦੇ ਪ੍ਰਭਾਵ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ। ਜੋਗੀ ਨੇ ਉਮਰ ਖਯਾਮ ਦੇ ਜੀਵਨ ਫਲਸਫੇ ਨੂੰ ਫੜਨ ਦਾ ਪੂਰਾ ਯਤਨ ਕੀਤਾ ਹੈ। 'ਖਯਾਮ ਉਡਾਰੀ' ਵਿਚ ਦਿੱਤੀਆਂ 74 ਰੁਬਾਈਆਂ ਵਿਚੋਂ ਅੱਧੀਆਂ ਫਿਟਸਜ਼ੇਰਲਡ ਦੇ ਅੰਗਰੇਜ਼ੀ ਅਨੁਵਾਦ ਨੂੰ ਆਧਾਰ ਬਣਾ ਕੇ ਰਚੀਆਂ ਗਈਆਂ ਹਨ ਤੇ ਅੱਧੀਆਂ ਮੌਲਿਕ ਫ਼ਾਰਸੀ ਨੂੰ ਆਧਾਰ ਬਣਾ ਕੇ। ਫਿਟਸਜ਼ੇਰਲਡ ਨੂੰ ਆਧਾਰ ਬਣਾਉਣ ਦਾ ਵੱਡਾ ਕਾਰਨ ਇਹ ਜਾਪਦਾ ਹੈ ਕਿ ਉਸਨੇ ਖਯਾਮ ਦੀ ਸੋਚ ਨੂੰ ਫੜਿਆ ਹੈ, ਸ਼ਬਦਾਂ ਨੂੰ ਨਹੀਂ। ਇਹ ਵੀ ਕਿ ਉਸਦੇ ਅਨੁਵਾਦ ਤੋਂ ਪਹਿਲਾਂ ਉਮਰ ਖਯਾਮ ਨੂੰ ਜਗਤ ਕੇਵਲ ਤਾਰਾ ਵਿਗਿਆਨੀ ਵਜੋਂ ਜਾਣਦਾ ਸੀ। ਫਿਟਸਜ਼ੇਰਲਡ ਉਸਨੂੰ ਦੁਨੀਆਂ ਭਰ ਦੇ ਅੰਗਰੇਜ਼ੀ ਬੋਲਣ ਤੇ ਪੜ੍ਹਨ ਵਾਲਿਆਂ ਤਕ ਲੈ ਗਿਆ।

ਉੱਚ ਕੋਟੀ ਦੇ ਤਾਰਾ ਵਿਗਿਆਨੀ ਤੋਂ ਅੰਤਰਰਾਸ਼ਟਰੀ ਪ੍ਰਸਿੱਧੀ ਵਾਲਾ ਕਵੀ ਬਣਿਆ ਉਮਰ ਖਯਾਮ ਵਿਗਿਆਨਕ ਚਾਸ਼ਣੀ ਵਾਲੀ ਸ਼ਖਸੀਅਤ ਅਤੇ ਆਸਮਾਨੀ ਖਿਆਲ ਉਡਾਰੀ ਦਾ ਮਾਲਕ ਹੈ। ਉਹ ਮਿਰਜ਼ਾ ਗ਼ਾਲਿਬ ਦੀ ਆਮਦ ਤੋਂ ਪਹਿਲਾਂ ਉਰਦੂ ਫ਼ਾਰਸੀ ਜਗਤ ਵਿਚ ਅਤਿ ਮਕਬੂਲ ਰਿਹਾ ਹੈ। ਉਸਦੀਆਂ ਰੁਬਾਈਆਂ ਨੂੰ ਕਿਸੇ ਵੀ ਹੋਰ ਜ਼ੁਬਾਨ ਵਿਚ ਉਲਥਾਉਣਾ ਕੋਈ ਸੌਖਾ ਕੰਮ ਨਹੀਂ। ਪਰ ਪੰਜਾਬੀ ਕਵੀ ਜਸਵੰਤ ਸਿੰਘ ਨੇਕੀ ਦੇ ਛੋਟੇ ਵੀਰ ਐੱਸ. ਐੱਸ. ਜੋਗੀ ਨੇ ਇਸ ਪਾਸੇ ਸਚੇਤ ਹੰਭਲਾ ਮਾਰਿਆ ਹੈ।

ਈਰਾਨ ਦੇ ਬੁੱਧੀਜੀਵੀ ਤੇ ਕਲਾਕਾਰ ਸੂਫੀ ਮੱਤ ਨੂੰ ਪਰਨਾਏ ਹੋਏ ਹਨ। ਰੂਮੀ, ਹਾਫਿਜ਼ ਤੇ ਸਾਅਦੀ ਸਾਰੇ ਸੂਫੀ ਕਵੀ ਸਨ ਪਰ ਉਮਰ ਖਯਾਮ ਨੇ ਰੁਬਾਈਆਂ ਦਾ ਸੈਂਕੜਾ ਮਾਰ ਕੇ ਇਹਨਾਂ ਸਾਰਿਆਂ ਨੂੰ ਮਾਤ ਦਿੱਤੀ ਸੀ। ਮਿਥਿਆਸ, ਮਦਰਾ ਤੇ ਮੁਹੱਬਤ ਦਾ ਸ਼ਿਕਾਰ ਹੋਈ ਕੁਲ ਲੋਕਾਈ ਉਸਨੂੰ ਬਰਾਬਰ ਦੇ ਸ਼ੌਕ ਨਾਲ ਪੜ੍ਹਦੀ ਹੈ।

ਅਰਬੀ ਫਾਰਸੀ ਜਗਤ ਤੋਂ ਬਾਹਰ ਦੇ ਪੱਛਮੀ ਕਵੀ ਐਡਵਰਡ ਫਿਟਸਜੇਰਲਡ ਨੇ ਡੇਢ ਸੌ ਸਾਲ ਹੋਏ ਉਸਦੀਆਂ ਰੁਬਾਈਆਂ ਦਾ ਅੰਗਰੇਜ਼ੀ ਵਿਚ ਅਨੁਵਾਦ ਵੀ ਕਰ ਛੱਡਿਆ ਸੀ। ਫਿਟਸਜ਼ੇਰਲਡ (1809-1883) ਅਮੀਰ ਮਾਪਿਆਂ ਦਾ ਲਾਡਲਾ ਪੁੱਤਰ ਸੀ। ਵਾਟਰਫੋਰਡ ਨਦੀ ਵਿਚ ਇਕ ਨਿੱਜੀ ਟਾਪੂ ਦੀ ਮਾਲਕੀ ਤੋਂ ਬਿਨਾਂ ਉਸਦੇ ਮਾਪਿਆਂ ਕੋਲ ਲੰਕਾਸ਼ਾਇਰ, ਸਟੈਨਫੋਰਡਸ਼ਾਇਰ ਤੇ ਨਾਰਥੈਂਪਟਨਸ਼ਾਇਰ ਵਿਚ ਵੱਖ ਵੱਖ ਮਿਲਖਾਂ ਤੇ ਜਾਇਦਾਦਾਂ ਸਨ। ਉਸਦੀ ਮਾਂ ਤੇ ਬਾਪ ਦੋਵੇਂ ਐਂਗਲੋ ਨਾਰਮਨ ਪਿਛੋਕੜ ਵਾਲੇ ਸਨ। ਉਹਨਾਂ ਨੇ ਆਪਣੀ ਉਮਰਾ ਦੇ ਅੰਤਲੇ ਸਾਲਾਂ ਵਿਚ ਕੋਲੇ ਦੀਆਂ ਖਾਣਾਂ ਦੇ ਧੰਦੇ ਨੂੰ ਹੱਥ ਪਾ ਕੇ ਆਪਣੀ ਸਾਰੀ ਸੰਪਤੀ ਗੰਵਾ ਲਈ। ਏਦਾਂ ਦੇ ਹਾਲਾਤ ਵਿਚੋਂ ਲੰਘਣ ਵਾਲੇ ਫਿਟਸਜ਼ੇਰਲਡ ਦੀ ਉਮਰ ਖਯਾਮ ਦੀ ਸੋਚ ਵਿਚ ਦਿਲਚਸਪੀ ਹੋਣੀ ਤਾਂ ਕੁਦਰਤੀ ਸੀ ਪਰ ਇਹ ਕਿਸੇ ਨਹੀਂ ਸੋਚਿਆ ਹੋਣਾ ਕਿ ਉਹ ਉਸਦੀ ਸੋਚ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰਦੇ ਸਮੇਂ ਹਰ ਪੜਾਅ ਉੱਤੇ ਸੱਜਰਾ ਪੈਂਤੜਾ ਚੁੱਕੇਗਾ। ਉਸਨੇ 1859 ਵਾਲੇ ਪਹਿਲੇ ਐਡੀਸ਼ਨ ਵਿਚ ਕੇਵਲ 75 ਰੁਬਾਈਆਂ ਦਿੱਤੀਆਂ ਅਤੇ ਦਸ ਸਾਲ ਬਾਅਦ ਛਪਣ ਵਾਲੇ ਦੂਜੇ ਐਡੀਸ਼ਨ ਵਿਚ 110 ਜਦਕਿ 1889 ਵਿਜ ਛਪੇ ਤੀਜੇ ਐਡੀਸ਼ਨ ਵਿਚ ਇਹਨਾਂ ਵਿਚੋਂ ਕੇਵਲ 101 ਹੀ ਰੱਖੀਆਂ।

ਏਸ ਮਾਂਜਾ ਮਾਂਜੀ ਦਾ ਪੂਰਾ ਖੁਲਾਸਾ ਕਰਨ ਤੋਂ ਪਹਿਲਾਂ ਮੈਂ ਆਪਣੇ ਮਨ ਉੱਤੇ ਪਏ ਪ੍ਰਭਾਵਾਂ ਦੀ ਗੱਲ ਕਰਦਾ ਹਾਂ। ਮੈਨੂੰ ਉਸਦਾ ਇਹ ਮੱਤ ਬਹੁਤ ਮੋਂਹਦਾ ਹੈ ਕਿ ਮਰਨ ਤੋਂ ਪਿੱਛੋਂ ਕੋਈ ਨਰਕ ਸਵਰਗ ਨਹੀਂ।



ਇਹ ਵੀ ਕਿ ਮਹਲ, ਮਾੜੀਆਂ ਤੇ ਮੁਰਾਤਬੇ ਕਿਸੇ ਪ੍ਰਾਪਤੀ ਦਾ ਪੈਮਾਨਾ ਨਹੀਂ ਹੁੰਦੇ। ਜੀਊਣ ਦਾ ਅਸਲ ਮੰਤਵ ਜ਼ਿੰਦਗੀ ਨੂੰ ਮਾਨਣਾ ਹੈ, ਜਿਹੜਾ ਮਰਨ ਤੋਂ ਬਾਅਦ ਦੇ ਸੁਪਨਿਆਂ ਨਾਲ ਪ੍ਰਾਪਤ ਨਹੀਂ ਹੋ ਸਕਦਾ।

ਵਿਗਿਆਨਕ ਬਿਰਤੀ ਦਾ ਮਾਲਕ ਹੋਣ ਦੇ ਨਾਤੇ ਉਮਰ ਖਯਾਮ ਨੇ ਜੀਵਨ ਦੇ ਆਦਿ, ਅੰਤ ਅਸਥਿਰਤਾ ਦੇ ਹੁੰਦਿਆਂ ਸੁੰਦਿਆਂ ਇਸਨੂੰ ਭਰਪੂਰ ਰੂਪ ਵਿਚ ਮਾਨਣ ਦਾ ਸੰਦੇਸ਼ ਦਿੱਤਾ ਹੈ। ਹਸਰਤ, ਸ਼ੋਖੀ ਤੇ ਨਾਸ਼ਮਾਨਤਾ ਦਾ ਅਜਿਹਾ ਸੁਮੇਲ ਹੋਰ ਕਿਸੇ ਕਵੀ ਵਿਚ ਨਹੀਂ ਮਿਲਦਾ। ਫੁੱਲਾਂ/ਫਲਾਂ ਨਾਲ ਲੱਦੀਆਂ ਟਹਿਣੀਆਂ ਉਸਦੇ ਸਰਬ ਪ੍ਰਵਾਨਤ ਬਿੰਬ ਹਨ। ਨੈਣਾਂ ਦੀ ਮਸਤੀ ਤੇ ਬੁੱਲ੍ਹਾਂ ਦੀ ਉਨ੍ਹਾਬੀ ਰੰਗਤ ਦਾ ਜ਼ਿਕਰ ਵਾਰ ਵਾਰ ਆਉਂਦਾ ਵੇਖ ਇੰਝ ਜਾਪਦਾ ਹੈ ਜਿਵੇਂ ਕਵੀ ਉੱਤੇ ਹਰ ਦਮ ਇਸ਼ਕ-ਮੁਸ਼ਕ ਤੇ ਵਸਲ-ਬਹਾਰ ਹਾਵੀ ਸੀ। ਅਸਲੀਅਤ ਇਹ ਨਹੀਂ। ਇਹ ਸਭ ਸੂਫੀ ਮਸਤੀ ਦੇ ਰੰਗ ਹਨ। ਰੱਬ ਨੂੰ ਦਿਲਬਰ ਕਹਿਣਾ ਉਹਨਾਂ ਵਿਚੋਂ ਇਕ ਹੈ ਤੇ ਮਦਰਾ ਤੋਂ ਜੀਵਨ ਦਾ ਭੇਤ ਪੁੱਛਣਾ ਦੂਜਾ। ਕਾਦਰ ਦੇ ਮਾਇਆ ਜਾਲ ਨੂੰ ਕੋਸਣਾ ਤੀਜਾ।

*ਦੇਹ ਦਿਲਬਰ ਇਕ ਹੋਰ ਪਿਆਲੀ, ਤੇਰੀਆਂ ਲਵਾਂ ਬਲਾਵਾਂ*
*ਆਉਂਦੇ ਡਰ ਬੀਤੇ ਪਛਤਾਵੇਂ ਪੀਣ ਸਾਰ ਭੁੱਲ ਜਾਵਾਂ*
*ਭਲਕੇ? ਨਾ ਨਾ ਭਲਕੇ ਤਕ ਤਾਂ ਮੈਂ ਆਪੂੰ ਪਾ ਲੈਸਾਂ*
*ਬੀਤ ਚੁੱਕੇ ਲੱਖ ਵਰ੍ਹਿਆਂ ਦੇ ਗਲ ਘੁੱਟ ਕੇ ਆਪਣੀਆਂ ਬਾਹਵਾਂ।*

*ਇਕ ਮਿੱਟੀ ਦੇ ਠੂਠੇ ਨੂੰ ਮੈਂ ਦੋ ਹੱਥਾਂ ਵਿਚ ਚਾ ਕੇ*
*ਪੁੱਛਣਾ ਚਾਹਿਆ ਭੇਦ ਜੀਵਨ ਦਾ ਨਾਲ ਬੁੱਲ੍ਹਾਂ ਦੇ ਲਾ ਕੇ*
*ਹੋਠਾਂ ਨਾਲ ਜਦੋਂ ਮੈਂ ਛੂਹਿਆ ਤਾਂ ਉਸ ਮੈਨੂੰ ਦੱਸਿਆ*
*ਜੀਊਂਦੇ ਜੀਅ ਰੱਜ ਰੱਜ ਕੇ ਪੀ, ਨਹੀਂ ਮੁੜਨਾ ਏਥੋਂ ਜਾ ਕੇ।*

*ਕਾਦਰ ਨੇ ਆਦਮ ਦੇ ਰਾਹ ਵਿਚ ਮਾਇਆ ਜਾਲ ਵਿਛਾਇਆ*
*ਆਪੇ ਫਿਰ ਉਸ ਆਦਮ ਪੁੱਤ ਨੂੰ ਏਸ ਰਾਹ 'ਤੇ ਪਾਇਆ*
*ਓਸ ਬਿਦੋਸ਼ੇ ਦਾ ਫਿਰ ਦੱਸੋ ਦੋਸ਼ ਏਸ ਵਿਚ ਕੀ ਏ*
*ਰਾਹੋਂ ਭੜਕ ਗਿਆ ਜੇ ਸਹਿਜੇ ਉਹ ਹੱਵਾ ਦਾ ਜਾਇਆ।*

ਮਰਨ ਕਿਨਾਰੇ ਮਦਰਾ ਦੀ ਇਕ ਬੂੰਦ ਲਈ ਤਰਸਣਾ, ਆਪਣੀ ਲਾਸ਼ ਨੂੰ ਮਦਰਾ ਵਿਚ ਨਹਿਲਾਈ ਜਾਣੀ ਲੋਚਣਾ ਅਤੇ ਅੰਗੂਰੀ ਦਾ ਕਫਨ ਓੜ੍ਹ ਕੇ ਸੁੰਦਰ ਬਗੀਚੀ ਵਿਚ ਜਾ ਸੌਣਾ ਇਸ ਮਸਤੀ ਦੀ ਸਿਖਰ ਹੈ:

*ਮਰਨ ਕਿਨਾਰੇ ਮੂੰਹ ਮੇਰੇ ਵਿਚ ਮਿੱਤਰੋ ਮਦਰਾ ਪਾਣਾ*
*ਮਗਰੋਂ ਮੇਰੇ ਮੁਰਦੇ ਨੂੰ ਵੀ ਮਦਰਾ ਨਾਲ ਨੁਹਾਣਾ*
*ਵੇਲ ਅੰਗੂਰੀ ਦਾ ਫਿਰ ਮੈਨੂੰ ਸੁਹਣਾ ਕਫਨ ਪਵਾ ਕੇ*
*ਸੁੰਦਰ ਜਿਹੀ ਬਗੀਚੀ ਦੀ ਇਕ ਨੁਕਰੇ ਜਾ ਦਫਨਾਣ਼ਾ।*

ਅਸਲੀਅਤ ਕੀ ਹੈ ਉਸਦਾ ਰੰਗ ਵੀ ਦੇਖਣ ਵਾਲਾ ਹੈ

*ਸੁਣਿਐ ਉਸ ਥਾਂ ਰਹਿੰਦੇ ਨੇ ਅੱਜ ਉੱਲੂ ਅਤੇ ਗੁਲਹਿਰੀ*
*ਜਿੱਥੇ ਸੀ ਜਮਸ਼ੈਦ ਹੁਰਾਂ ਦੀ ਲਗਦੀ ਕਦੇ ਕਚਹਿਰੀ*
*ਤੇ ਬਹਿਰਾਮ-ਉਹ ਮਹਾਂ ਸ਼ਿਕਾਰੀ, ਸੁਣਿਐ ਉਸਦੇ ਸਿਰ ਨੂੰ*
*ਖੋਤੇ ਪਏ ਲਿਤਾੜਨ ਤੇ ਉਹ ਸੁੱਤਾ ਨੀਂਦਰ ਗਹਿਰੀ।*

ਪੰਜਾਬੀ ਵਿਚ ਬਾਬਾ ਫਰੀਦ ਵੀ ਆਪਣੇ "ਕਾਗਾ ਕਰਗ ਢੰਡੋਲਿਆ ਸਗਲਾ ਖਾਇਆ

ਮਾਸ" ਵਾਲੇ ਸ਼ਲੋਕ ਵਿਚ ਏਸੇ ਤਰ੍ਹਾਂ ਦੇ ਸੱਚ ਦੀ ਤਰਜਮਾਨੀ ਕਰਦਾ ਹੈ। ਉਮਰ ਖਯਾਮ ਦੀ ਸੋਚ ਵਿਚ ਗੰਭੀਰਤਾ, ਸ਼ੋਖੀ, ਹੁਲਾਸ, ਵਿਲਾਸ, ਮਦਰਾ, ਮਸਤੀ, ਪੈਮਾਨਾ ਤੇ ਸੁਰਾਹੀ ਸਾਰਾ ਕੁਝ ਹੀ ਰਚਿਆ ਹੋਇਆ ਹੈ। ਉਹ ਸਰਲ ਤੇ ਸਾਦਾ ਸ਼ਬਦਾਂ ਵਿਚ ਬਹੁਤ ਡੂੰਘੀ ਤੇ ਗੰਭੀਰ ਗੱਲ ਕਰ ਰਿਹਾ ਹੁੰਦਾ ਹੈ। ਉਹ ਸ਼ਬਦਾਂ ਤੇ ਅਰਥਾਂ ਦੇ ਤਵਾਜ਼ਨ ਦਾ ਬਾਦਸ਼ਾਹ ਹੈ। ਜੇ ਉਲਥੇ ਵਿਚ ਇਹ ਤਵਾਜ਼ਨ ਕਿਤੇ ਕਿਤੇ ਡੋਲਿਆ ਨਜ਼ਰ ਆਉਂਦਾ ਵੀ ਹੈ ਤਾਂ ਇਸ ਵਿਚ ਕਵੀ ਦਾ ਕੋਈ ਕਸੂਰ ਨਹੀਂ।

*ਮਦਰਾ ਵੀ ਹੈ, ਜਾਮ ਵੀ ਹੈ ਤੇ ਕੋਲੇ ਹੈ ਹਰਿਆਲੀ*
*ਇਹ ਸਭ ਮੈਨੂੰ ਨਕਦ ਨੇ ਹਾਸਲ ਤੇਰਾ ਸੁਰਗ ਖਿਆਲੀ*
*ਮਸਤ ਪਿਆ ਰਹਿ ਪੀ ਕੇ ਸਾਧਾ ਛੱਡ ਇਹਨਾਂ ਦੀਆਂ ਗੱਲਾਂ*
*ਕਿਹੜਾ ਗਿਆ ਨਰਕ ਨੂੰ ਕੀਹਦੀ ਸੁਰਗਾਂ ਨਾਲ ਭਿਆਲੀ।*

*ਲੋਕੀ ਕਹਿਣ, 'ਖਯਾਮ ਸਵਰਗ ਦੀਆਂ ਹੂਰਾਂ ਦਾ ਨਿੱਘ ਮਾਣੀ"*
*ਮੈਂ ਦੱਸਾਂ ਮਦਰਾ ਅੰਗੂਰੀ ਸਭ ਤਰਲਾਂ ਦੀ ਰਾਣੀ*
*ਮਿਲੇ ਜੋ ਨਕਦ ਫਟਾਫਟ ਲੈ ਲਓ ਹੱਥ ਧੋ ਲਓ ਉਧਾਰੋਂ*
*ਲਗਦੀ ਧਮਕ ਦੁਰੇਡੇ ਵਜਦੇ ਢੋਲ ਦੀ ਕੇਹੀ ਸੁਹਾਣੀ।*

ਜੇ ਸੁਰਗਾਂ ਦੇ ਪੋਲ ਉੱਤੇ ਟਿੱਪਣੀ ਕਰਨੀ ਹੋਵੇ ਤਾਂ ਉਹ ਸਾਗ ਰੋਟੀ ਨਾਲ ਰੱਜੇ ਆਦਮੀ ਦਾ ਬਿੰਬ ਦੇ ਕੇ ਨਹੀਂ ਕੀਤੀ ਜਾ ਸਕਦੀ। ਸੁਰਗ ਦਾ ਟਾਕਰਾ ਤਾਂ ਮਦਰਾ, ਜਾਮ ਤੇ ਹਰਿਆਲੀ ਹੀ ਕਰ ਸਕਦੀ ਹੈ।

ਉਮਰ ਖਯਾਮ ਦੀ ਰਚਨਾਤਮਕ ਰੂਹ ਨੂੰ ਫੜਨ ਲਈ ਫਾਰਸੀ ਦੀ ਥਾਂ ਕਿਸੇ ਵੀ ਹੋਰ ਭਾਸ਼ਾ ਦੇ ਢੁਕਵੇਂ ਸ਼ਬਦ ਲੱਭਣਾ ਔਖਾ ਤਾਂ ਬੜਾ ਹੈ ਪਰ ਜੋਗੀ ਨੇ ਪੂਰੀ ਵਾਹ ਲਾਈ ਜਾਪਦੀ ਹੈ। ਜਿਵੇਂ:

*ਰਾਹ ਵਿਚ ਏਦਾਂ ਤੁਰੀਂ ਕਿ ਤੈਨੂੰ ਕੋਈ ਨਾ ਕਰੇ ਸਲਾਮ*
*ਵਿਚਰੀਂ ਖਲਕ 'ਚ ਏਦਾਂ ਤੈਨੂੰ ਕੋਈ ਨਾ ਮਿਲੇ ਇਨਾਮ*
*ਤੇ ਜਦ ਤੂੰ ਜਾਏਂ ਮਸੀਤੇ, ਇੰਝ ਅੰਦਰ ਵੜੀਂ ਕਿ ਤੇਰਾ*
*ਤੇਰਾ ਸੁਆਗਤ ਕਰਕੇ ਤੈਨੂੰ ਥਾਪ ਨਾ ਦੇਣ ਇਮਾਮ।*

*ਏਨੀਆਂ ਲੰਮੀਆਂ ਵਾਟਾਂ ਦੇ ਜੋ ਪਾਂਧੀ ਹੈਸਨ ਸਾਰੇ*
*ਪਰਤ ਕੇ ਕੋਈ ਨਾ ਆਇਆ ਜੋ ਭੇਦਾਂ ਦਾ ਹਾਲ ਗੁਜ਼ਾਰੇ*
*ਛੱਡ ਦੇਈਂ ਨਾ ਰੀਝ ਕੋਈ ਤੂੰ ਏਸ ਸਰਾਂ ਵਿਚ ਰਹਿਕੇ*
*ਏਥੋਂ ਜੋ ਵੀ ਕੂਚ ਕਰ ਗਿਆ, ਮੁੜ ਨਾ ਫੇਰਾ ਮਾਰੇ।*

ਖਯਾਮ ਜੀਵਨ ਦੇ ਮੰਤਵਾਂ, ਮਨੋਰਥਾਂ, ਆਦੇਸ਼ਾਂ ਤੇ ਉਦੇਸ਼ਾਂ ਨੂੰ ਜ਼ਿੰਦਗੀ, ਹੋਣੀ ਤੇ ਨਾ ਪਾਇਦਾਰੀ ਦੇ ਚੌਖਟੇ ਵਿਚ ਫਿੱਟ ਕਰਕੇ ਪੇਸ਼ ਕਰਨ ਵਾਲਾ ਕਵੀ ਹੈ। ਇਹੀਓ ਕਾਰਨ ਹੈ ਕਿ ਮਿਰਜ਼ਾ ਗ਼ਾਲਿਬ ਦੇ ਸ਼ਿਆਰਾਂ ਵਾਂਗ ਉਸਦੀਆਂ ਰੁਬਾਈਆਂ ਹਰ ਉਮਰ ਤੇ ਹਰ ਤਬਾਅ ਦੇ ਬੰਦੇ ਦੇ ਮਨ ਵਿਚ ਸਮਾ ਜਾਂਦੀਆਂ ਹਨ। ਏਥੋਂ ਤਕ ਕਿ ਇਹਨਾਂ ਦੇ ਪਾਠਕ ਇਹਨਾਂ ਦੇ ਉਲਥੇ ਨੂੰ ਉਚਤਮ ਸਮਝਣ ਦੀ ਥਾਂ ਇਸਨੂੰ ਆਪਣੇ ਢੰਗ ਨਾਲ ਪੜ੍ਹਦੇ ਤੇ ਮਾਂਜਦੇ ਆਏ ਹਨ। ਸਭ ਤੋਂ ਵਧੀਆ ਪ੍ਰਮਾਣ ਫਿਟਸਜ਼ੈਰਲਡ ਦੀ ਹੈ। ਉਸਦੀ ਅਨੁਵਾਦ ਕੀਤੀ ਹੇਠ ਲਿਖੀ ਰੁਬਾਈ ਵੱਲ ਧਿਆਨ ਦਿਓ:

With them the Seed of Wisdom did I sow,
And with my own hand labour'd it to grow
And this was all the Harvest that I reaped
I came like Water and like Wind I go



ਦੂਜੀ ਤੇ ਤੀਜੀ ਐਡੀਸ਼ਨ ਵਿਚ ਇਸ ਰੁਬਾਈ ਦੀ ਦੂਜੀ ਲਾਈਨ ਇੰਝ ਹੈ:

And with mine own hand wrought to make it grow

ਸਪਸ਼ਟ ਹੈ ਕਿ ਫਿਟਸਜ਼ੈਰਲਡ ਨੂੰ 'ਲੇਬਰਡ' ਸ਼ਬਦ ਵਿਚਲੀ ਮਜ਼ਦੂਰੀ ਤੇ ਕਸ਼ਟ ਨਾਲੋਂ 'ਰਾਉਟ' ਵਿਚਲੀ ਚਾਹਨਾ ਤੇ ਸ਼ੌਕ ਦੀ ਭਾਵਨਾ ਵਧੇਰੇ ਚੰਗੀ ਲੱਗੀ। ਸੋਧੀ ਹੋਈ ਲਾਈਨ ਵਿਚ ਰਵਾਨੀ ਤਾਂ ਘਟੀ ਹੈ ਪਰ ਉਮਰ ਖਯਾਮ ਦੀ ਨਜ਼ਾਕਤ ਤੇ ਭਾਵਨਾ ਉਭਰ ਆਈ ਹੈ। ਹਰ ਅਨੁਵਾਦਕ ਏਦਾਂ ਨਹੀਂ ਕਰਦਾ। ਪਿਛਲੀ ਸਦੀ ਦੇ ਪੰਜਾਹਵਿਆਂ ਵਿਚ ਬਲਦੇਵ ਸਿੰਘ ਨਾਂ ਦੇ ਇਕ ਵਿਅਕਤੀ ਨੇ ਖਯਾਮ ਦੀਆਂ ਰੁਬਾਈਆਂ ਦੀ ਉਤੱਮਤਾ ਤੇ ਨਜ਼ਾਕਤ ਨੂੰ ਫੜਨ ਦਾ ਯਤਨ ਕੀਤਾ ਸੀ ਪਰ ਉਹ ਮਕਬੂਲ ਨਹੀਂ ਹੋਇਆ। ਜੋਗੀ ਵੀ ਨਹੀਂ ਕਰ ਸਕਿਆ।

ਐੱਸ. ਐੱਸ. ਜੋਗੀ ਨੇ ਏਸ ਰੁਬਾਈ ਦੀ ਚੌਥੀ ਲਾਈਨ ਵਿਚ 'ਵਾਟਰ' ਨੂੰ ਹੜ੍ਹ ਤੇ 'ਵਿੰਡ' ਨੂੰ ਹਨੇਰੀ ਕਹਿ ਕੇ ਰੁਬਾਈ ਦੀ ਨਜ਼ਾਕਤ ਤੇ ਉੱਤਮਤਾ ਨੂੰ ਠੇਸ ਪਹੁੰਚਾਈ ਹੈ। ਇਸ ਘਾਟੇ ਨੂੰ ਦੂਜੀ ਲਾਈਨ ਵਿਚ ਕੀਤੀ ਸੋਧ ਵੀ ਪੂਰਾ ਨਹੀਂ ਕਰਦੀ। ਜੋਗੀ ਦਾ ਪੰਜਾਬੀ ਅਨੁਵਾਦ ਪੜ੍ਹੋ:

*ਨਾਲ ਸਿਆਣਿਆ ਬੀਜ ਅਕਲ ਦਾ ਮੈਂ ਧਰਤੀ ਵਿਚ ਪਾਇਆ*
*ਆਪੇ ਇਸਦੀ ਗੋਡੀ ਕੀਤੀ ਆਪੇ ਪਾਣੀ ਲਾਇਆ*
*ਫਲ ਪੱਕਿਆ ਇਸ ਬੂਟੇ ਦਾ ਤਾਂ ਭੇਤ ਮੈਨੂੰ ਇਹ ਲੱਭਾ*
*ਵਾਂਗ ਹਨੇਰੀ ਤੁਰ ਚੱਲਿਆ ਜੋ ਹੜ ਵਾਂਗੂੰ ਸਾਂ ਆਇਆ।*

ਹੜ੍ਹ ਤੇ ਹਨੇਰੀ ਦੀ ਵਰਤੋਂ ਪੰਜਾਬੀ ਲੋਕ ਕਰਦੇ ਜ਼ਰੂਰ ਹਨ ਪਰ ਇਹਨਾਂ ਸ਼ਬਦਾਂ ਦਾ ਭਾਰ ਰੁਬਾਈ ਨਹੀਂ ਝੱਲਦੀ। ਚੰਗਾ ਹੁੰਦਾ ਜੋਗੀ ਇਸ ਲਾਈਨ ਨੂੰ ਕੁਝ ਏਸ ਤਰ੍ਹਾਂ ਲਿਖਦਾ:

*ਵਾਂਗ ਪਉਣ ਦੇ ਤੁਰ ਚੱਲਿਆ ਹਾਂ ਜਲ ਵਾਂਗੂੰ ਸਾਂ ਆਇਆ*

ਜੋਗੀ ਨੂੰ ਚਾਹੀਦਾ ਸੀ ਕਿ ਅਨੁਵਾਦਤ ਰੁਬਾਈਆਂ ਦੀ ਇਸ ਪੁਸਤਕ ਲਈ ਮੁੱਢਲੇ ਸ਼ਬਦ ਵੱਡੇ ਵੀਰ ਤੋਂ ਲਿਖਵਾਣ ਦੀ ਥਾਂ ਉਸ ਕੋਲੋਂ ਅਨੁਵਾਦ ਉੱਤੇ ਬੁਰਸ਼ ਮਰਵਾ ਲੈਂਦਾ।

ਕੁਝ ਵੀ ਹੋਵੇ ਪੰਜਾਬੀ ਜਗਤ ਨੂੰ ਖੁਸ਼ ਹੋਣਾ ਚਾਹੀਦਾ ਹੈ ਕਿ ਉਹ ਹੁਣ ਉਮਰ ਖਯਾਮ ਦੀ ਸੋਚ ਤੇ ਫਲਸਫੇ ਦਾ ਰਸ ਸੌਖਾ ਹੀ ਮਾਣ ਸਕੇਗਾ। ਸੋਧ ਹੁੰਦੀ ਰਹੇਗੀ। ਫਾਰਸੀ ਦੇ ਪਾਠਕਾਂ ਲਈ ਅੰਗਰੇਜ਼ੀ ਆਧਾਰ ਵਾਲੀਆਂ ਪੰਜਾਬੀ ਰੁਬਾਈਆਂ ਦੇ ਨਾਲ ਫਾਰਸੀ ਵਾਲੀਆਂ ਵੀ ਦਿੱਤੀਆਂ ਜਾਂਦੀਆਂ ਤਾਂ ਬਹੁਤ ਚੰਗੀ ਗੱਲ ਹੁੰਦੀ। ਹਾਲ ਦੀ ਘੜੀ ਸਹਿੰਦੀ ਸਹਿੰਦੀ ਮੁਬਾਰਕ। ਅਸੀਂ ਤਾਂ ਰੱਜਣਾ ਹੀ ਨਹੀਂ। ਅਸੀਂ ਉਮਰ ਖਯਾਮ ਦੀ ਗੱਲ ਪੱਲੇ ਬੰਨ੍ਹੀ ਹੋਈ ਹੈ:

*ਯੁਵਾ ਅਵਸਥਾ ਵਿਚ ਮੈਂ ਸੰਤਾਂ ਸਾਧਾਂ ਕੋਲ ਸਿਧਾਇਆ*
*ਆਪਣੇ ਵੱਲੋਂ ਉਹਨਾਂ ਮੇਰਾ ਹਰ ਮਸਲਾ ਸੁਲਝਾਇਆ*
*ਪਰ ਪੱਲੇ ਕੁਝ ਪਿਆ ਨਾ ਮੇਰੇ ਮੈਂ ਕੋਰੇ ਦਾ ਕੋਰਾ*
*ਜਿਸ ਬੂਹੇ 'ਚੋਂ ਵੜਿਆ ਸਾਂ ਓਸੇ 'ਚੋਂ ਬਾਹਰ ਆਇਆ।*

**[ਗੁਲਜ਼ਾਰ ਸਿੰਘ ਸੰਧੂ]**

## ਆਪਣੇ ਆਪਣੇ ਜੰਗਲ [ਜਸਵੀਰ]

'ਆਪਣੇ ਆਪਣੇ ਜੰਗਲ' ਕਾਵਿ-ਸੰਗ੍ਰਹਿ ਜਸਵੀਰ ਦੁਆਰਾ ਲਿਖਿਆ ਪਹਿਲਾ ਕਾਵਿ-ਸੰਗ੍ਰਹਿ ਹੈ ਜਿਸ ਦਾ ਰਚਨਾ-ਕਾਲ ਲਗਪਗ ਪਿਛਲੇ ਤਿੰਨ ਦਹਾਕਿਆਂ ਤਕ ਫੈਲਿਆ ਹੋਇਆ ਹੈ। ਇਸ ਸਮੇਂ ਦੌਰਾਨ ਸਥਾਨਕ ਅਤੇ ਵਿਸ਼ਵੀ ਪ੍ਰਸੰਗਾਂ ਵਿਚ ਅਨੇਕਾਂ ਤਬਦੀਲੀਆਂ ਵਾਪਰੀਆਂ ਹਨ। ਪਰ ਜਸਵੀਰ ਦੀ ਕਵਿਤਾ ਇਹਨਾਂ ਤਬਦੀਲੀਆਂ ਨੂੰ ਉਸ ਤਰ੍ਹਾਂ ਨਹੀਂ ਲੈਂਦੀ ਜਿਸ ਤਰ੍ਹਾਂ ਪੰਜਾਬੀ ਸ਼ਾਇਰੀ ਲੈਂਦੀ ਹੈ। ਉਹ ਆਪਣੀ ਵਿਲੱਖਣ ਹੋਂਦ ਬਣਾਈ ਰੱਖਣ ਲਈ ਯਤਨਸ਼ੀਲ ਪ੍ਰਤੀਤ ਹੁੰਦੀ ਹੈ। ਇਹ

ਸਚੇਤ ਯਤਨ ਜਸਵੀਰ ਨੂੰ ਸਮਕਾਲੀ ਨਾਰੀ-ਚਿੰਤਨ ਦੇ ਪ੍ਰਸੰਗ ਵਿਚ ਇਕ ਵਿਸ਼ੇਸ਼ ਕਵੀ ਵਜੋਂ ਵਿਚਾਰਨ ਦੀ ਮੰਗ ਕਰਦਾ ਹੈ। ਜਸਵੀਰ ਦੀ ਕਵਿਤਾ ਦਾ ਮੁੱਖ ਸਰੋਕਾਰ ਰਿਸ਼ਤਿਆਂ ਅਤੇ ਸੰਸਕਾਰਾਂ ਦੀ ਵਿਆਕਰਨ ਨੂੰ ਸਮਝਣ ਨਾਲ ਹੈ।

ਜਸਵੀਰ ਆਪਣੀ ਕਵਿਤਾ ਵਿਚ ਰਿਸ਼ਤਿਆਂ/ ਸੰਸਕਾਰਾਂ ਪ੍ਰਤਿ ਕੋਈ ਰੋਹ ਜਾਂ ਬਗ਼ਾਵਤੀ ਸੁਰ ਨਹੀਂ ਅਲਾਪਦੀ ਸਗੋਂ ਉਹ ਇਹਨਾਂ ਪ੍ਰਤਿ ਇਕ ਵਿਵੇਕਸ਼ੀਲ ਤੇ ਵਿਸ਼ਲੇਸ਼ਣੀ ਪਹੁੰਚ ਅਪਣਾਉਂਦੀ ਹੈ। ਉਸ ਦੀ ਕਵਿਤਾ ਵਿਚ ਇਕ ਵਿਸ਼ੇਸ਼ ਕਿਸਮ ਦਾ ਕਦਰ-ਪ੍ਰਬੰਧ ਸਿਰਜਿਆ ਮਿਲਦਾ ਹੈ ਜਿੱਥੇ ਰਿਸ਼ਤੇ ਸੰਸਕਾਰਾਂ ਵਿਚ ਬੱਝੇ ਵਸਤੂ ਜਾਂ ਭੋਗ ਨਾ ਹੋ ਕੇ, ਰਿਸ਼ਤੇ ਦੀ ਸੁੱਚਤਾ ਤੇ ਸਮੁੱਚਤਾ ਨੂੰ ਸਮਝਣ ਵੱਲ ਇਸ਼ਾਰਾ ਕਰਦੇ ਹਨ। ਅਜਿਹੇ ਨਵੀਨ ਕਦਰ-ਪ੍ਰਬੰਧ ਵਿਚ ਉਹਨਾਂ ਥੋਦੇ ਸੰਸਕਾਰਾਂ ਨੂੰ ਜਸਵੀਰ ਦੀ ਕਵਿਤਾ ਰੱਦ ਕਰਦੀ ਹੈ ਜਿਸ ਵਿਚ ਔਰਤ ਨੂੰ ਗ਼ੁਲਾਮ ਬਣਾ ਕੇ ਰੱਖਣ ਦੇ ਯਤਨ ਕੀਤੇ ਜਾਂਦੇ ਹਨ। ਜਸਵੀਰ ਦੀ ਕਵਿਤਾ ਦੀ ਕਾਵਿ-ਨਾਇਕਾ ਅਨੇਕਾਂ ਥਾਵਾਂ 'ਤੇ ਆਪਣੇ ਅਤੇ ਸਮਾਜ ਵਿਚ ਇਕ ਟਕਰਾਉ ਮਹਿਸੂਸ ਕਰਦੀ ਹੈ। ਇਹ ਟਕਰਾਉ ਸਵੈ ਨਾਲ ਵੀ ਜਾਰੀ ਰਹਿੰਦਾ ਹੈ ਅਤੇ ਸਮਾਜ ਨਾਲ ਵੀ। ਇਸ ਟਕਰਾਉ ਵਿਚ ਉਹ ਆਪਣੀਆਂ ਉਹਨਾਂ ਸਿਰਜਣ-ਸ਼ਕਤੀਆਂ ਤੋਂ ਜਾਣੂ ਹੁੰਦੀ ਹੈ ਜਿਸ ਕਰਕੇ ਉਹ ਆਪਣੇ ਆਪ ਨੂੰ ਵਿਲੱਖਣ ਸਮਝਦੀ ਹੈ ਤੇ ਉਹਨਾਂ ਸੀਮਾਵਾਂ ਨੂੰ ਵੀ ਪਹਿਚਾਣਦੀ ਹੈ ਜਿਸ ਕਾਰਨ ਉਹ ਇਕ 'ਪਰਿਕਰਮਾ' ਵਿਚ ਬੱਝੀ ਹੋਈ ਨਜ਼ਰ ਆਉਂਦੀ ਹੈ:

*ਉਂਜ ਮੈਨੂੰ ਪਤਾ ਲੱਗ ਗਿਐ*
*ਸਭ ਤੋਂ ਜ਼ਿਆਦੇ*
*ਖੌਰੂ ਪਾਉਣ ਵਾਲਾ ਸਮੁੰਦਰ*
*ਮੇਰੇ ਆਪਣੇ ਹੀ ਅੰਦਰ ਹੈ*
*ਮੈਂ ਜਦੋਂ ਤੋਂ ਪੂਰਨਿਆਂ ਦੀ ਪਰਿਕਰਮਾ ਕਰਨ ਲੱਗੀ*
*ਮੇਰੇ ਪੈਰਾਂ ਨੂੰ ਤਲਾਸ਼ ਭੁੱਲ ਗਈ*

ਜਸਵੀਰ ਦੀ ਕਵਿਤਾ ਵਿਚ ਔਰਤ ਅਤੇ ਮਰਦ ਦੇ ਰਿਸ਼ਤਿਆਂ ਸੰਬੰਧੀ ਅਨੇਕਾਂ ਕਾਵਿ-ਪ੍ਰਸੰਗ ਮਿਲਦੇ ਹਨ ਜਿਸ ਵਿਚ ਉਹ ਔਰਤ ਨੂੰ ਇਕ ਔਰਤ ਦੇ ਦ੍ਰਿਸ਼ਟੀ-ਕੋਣ ਤੋਂ ਦੇਖਣ ਦਾ ਯਤਨ ਕਰਦੀ ਹੈ। ਇਸ ਦੀ ਇਕ ਮਿਸਾਲ ਉਸ ਦੀ ਇਕ ਛੋਟੀ ਜਿਹੀ ਕਵਿਤਾ 'ਇਕ ਮਿਆਨ' ਵਿਚੋਂ ਲਈ ਜਾ ਸਕਦੀ ਹੈ। ਇਸ ਕਵਿਤਾ ਵਿਚ ਉਹ ਮਰਦ ਅਤੇ ਔਰਤ ਦੇ ਰਿਸ਼ਤੇ ਨੂੰ ਇਕ ਅਖੌਤ ਦੇ ਹਵਾਲੇ ਨਾਲ ਪੇਸ਼ ਕਰਦੀ ਹੈ:

*ਤੂੰ ਬੀਵੀ ਵੀ ਬਣਨਾ ਚਾਹੁੰਦੀ ਏਂ ਮਹਿਬੂਬ ਵੀ*
*ਪਰ ਸਿਆਣੇ ਆਖਦੇ ਨੇ*
*ਇਕ ਮਿਆਨ 'ਚ ਦੋ ਤਲਵਾਰਾਂ ਨਹੀਂ ਸਮਾ ਸਕਦੀਆਂ*

ਜਿੱਥੇ ਪਹਿਲੀਆਂ ਦੋ ਕਾਵਿ-ਸਤਰਾਂ ਉਸ ਔਰਤ ਦੀ ਮਨੋ ਅਵਸਥਾ ਦਾ ਚਿਤਰਨ ਕਰਦੀਆਂ ਹਨ ਜਿਸ ਵਿਚ ਸੱਚਾ-ਸੁੱਚਾ ਇਸ਼ਕ ਸ਼ਾਮਲ ਹੈ ਉਥੇ ਨਾਲ ਹੀ ਅਗਲੀਆਂ ਸਤਰਾਂ ਵਿਚ ਸਮਾਜ ਦੇ ਰਿਸ਼ਤਾ-ਨਾਤਾ ਪ੍ਰਬੰਧ ਵਿਚ ਪਿਆਰ ਨੂੰ ਪ੍ਰਵਾਨ ਚੜ੍ਹਨ ਲਈ ਪਤੀ-ਪਤਨੀ ਦੇ ਰਿਸ਼ਤੇ ਦਾ 'ਬੰਧਨ' ਜ਼ਰੂਰੀ ਹੈ, ਵੱਲ ਵੀ ਇਸ਼ਾਰਾ ਮਿਲਦਾ ਹੈ। ਇਥੇ ਮਹਿਬੂਬ ਅਤੇ ਪਤਨੀ ਦੇ ਬੰਧਨ ਵਿਚ ਟਕਰਾਉ ਪੈਦਾ ਹੁੰਦਾ ਹੈ। ਇਹ ਟਕਰਾਉ ਸੁਤੰਤਰਤਾ ਅਤੇ ਬੰਧੇਜ ਵਿਚ ਹੈ ਅਤੇ ਮਿਆਨ ਅਜਿਹਾ ਸਮਾਜਕ ਪ੍ਰਬੰਧ ਹੈ ਜਿੱਥੇ ਦੋਹਾਂ ਨੇ ਸਮਾਉਣ ਦਾ ਯਤਨ ਕਰਨਾ ਹੈ। ਪਰ ਕਾਵਿ-ਪ੍ਰਸੰਗ ਅਤੇ ਵਾਸਤਵਿਕਤਾ ਵਿਚ ਸਿਆਣਿਆਂ ਦੇ ਕਥਨ ਵਿਚਲਾ 'ਸੱਚ' ਇਥੇ ਕੰਮ ਆਉਣਾ ਹੈ ਜਿੱਥੇ ਦੋਹਾਂ ਵਿਚੋਂ ਇਕ ਹੀ ਰਿਸ਼ਤੇ ਨੇ ਸਮਾਜਕ ਪ੍ਰਬੰਧ ਵਿਚ ਪ੍ਰਵਾਨ ਚੜ੍ਹਨਾ ਹੈ। ਤੇ ਉਸ ਰਿਸ਼ਤੇ ਦਾ 'ਸੰਸਕਾਰਾਂ' ਵਿਚ ਬੱਝਿਆ ਹੋਣਾ ਜ਼ਰੂਰੀ ਹੈ। ਇਸ ਤਰ੍ਹਾਂ ਇਕ ਪੂਰੇ ਦੇ ਪੂਰੇ ਸਮਾਜਕ/ ਸਾਂਸਕ੍ਰਿਤਕ ਪ੍ਰਬੰਧ ਨੂੰ ਇਕ ਮਿਆਨ ਦੇ ਚਿਹਨ ਰਾਹੀਂ



ਪੇਸ਼ ਕਰਨਾ ਇਸ ਕਵਿਤਾ ਦੀ ਵਿਲੱਖਣ ਵਿਸ਼ੇਸ਼ਤਾ ਤੇ ਪ੍ਰਾਪਤੀ ਹੈ। ਜਸਵੀਰ ਦੀ ਕਵਿਤਾ ਵਿਚ ਥਾਂ-ਪਰ-ਥਾਂ ਅਜਿਹੇ ਹਵਾਲੇ ਮਿਲਦੇ ਹਨ ਜਿਸ ਵਿਚ ਉਹ ਰਿਸ਼ਤਿਆਂ ਦੇ ਨਾਂ 'ਤੇ ਬੰਧੇਜ ਮਹਿਸੂਸ ਕਰਦੀ ਉਹਨਾਂ ਸੰਸਕਾਰਾਂ ਨੂੰ ਚੁਣੌਤੀ ਦਿੰਦੀ ਹੈ ਜੋ ਰਿਸ਼ਤਿਆਂ ਦੇ ਪ੍ਰਸੰਗ ਵਿਚ ਕਬਜ਼ੇ ਜਾਂ ਲੇਬਲ ਤੋਂ ਵੱਧ ਕੁਝ ਨਹੀਂ। 'ਖੁਸ਼ਬੂ' ਕਵਿਤਾ ਵਿਚ ਉਹ ਕਹਿੰਦੀ ਹੈ:

*ਦਰਾਂ ਤੋਂ ਵਿਹੜਿਆਂ*
*ਵਿਹੜਿਆਂ ਤੋਂ ਬੇ ਦਰੋ ਦੀਵਾਰ ਬ੍ਰਹਿਮੰਡ ਤੀਕ*
*ਖ਼ੁਸ਼ਬੂ ਬਣਕੇ ਖਿਲਰਾਂਗੀ*
*ਤੂੰ ਕਬਜ਼ਿਆਂ ਤੇ ਲੇਬਲਾਂ ਤੋਂ ਵਿਹਲਾ ਹੋ ਕੇ ਆਵੀਂ*

ਇਸ ਤਰ੍ਹਾਂ ਜਸਵੀਰ ਦੀ ਕਵਿਤਾ ਰਿਸ਼ਤਿਆਂ ਅਤੇ ਸੰਸਕਾਰਾਂ ਦੀ ਵਿਆਕਰਨ ਨੂੰ ਸਮਝਣ ਦਾ ਯਤਨ ਕਰਦੀ ਹੈ। ਉਹ ਜਿਸ ਰਿਸ਼ਤੇ ਬਾਰੇ ਵੀ ਗੱਲ ਕਰਦੀ ਹੈ, ਉਸ ਦੇ ਸਮਾਨਾਰਥਕ ਇਕ ਅਜਿਹੀ ਭਾਵਨਾਤਮਕ ਅਤੇ ਮਾਨਸਿਕ ਸੰਤੁਸ਼ਟੀ ਦੀ ਆਸ ਕਰਦੀ ਹੈ ਜਿਸ ਨੇ ਉਸ ਦੇ ਸਵੈ ਨੂੰ ਸਮਝਣਾ ਹੈ, ਉਸ ਦੀ ਵੱਖਰਤਾ/ ਵਿਲੱਖਣਤਾ ਨੂੰ ਪਹਿਚਾਨਣਾ ਹੈ, ਉਸ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਯਤਨ ਕਰਨੇ ਹਨ। ਪਰ ਵਾਸਤਵ ਵਿਚ ਸਥਿਤੀ ਇਸ ਤੋਂ ਬਿਲਕੁਲ ਉਲਟ ਹੈ। ਇਹੀ ਕਾਰਨ ਹੈ ਕਿ ਉਹ ਰਿਸ਼ਤਿਆਂ ਨੂੰ 'ਮਿੱਠਾ ਜ਼ਹਿਰ', 'ਮਾਰੂਥਲ', 'ਬੇਤਰਤੀਬੀ' ਦਾ ਨਾਮ ਦਿੰਦੀ ਹੈ। ਜਿੱਥੇ ਰਿਸ਼ਤੇ ਅਜਿਹੇ ਨਾਕਾਰਤਮਕ ਬੰਧੇਜ ਦੇ ਸੂਚਕ ਹੋਣ ਉਥੇ ਉਹਨਾਂ ਪ੍ਰਤਿ ਸਕਾਰਾਤਮਕ ਪਹੁੰਚ ਅਪਣਾਏ ਬਿਨਾਂ ਰਿਸ਼ਤੇ ਨੂੰ ਲੰਮੇਂ ਸਮੇਂ ਤਕ ਬਰਕਰਾਰ ਨਹੀਂ ਰੱਖਿਆ ਜਾ ਸਕਦਾ। ਉਸ ਦੀ ਕਵਿਤਾ ਵਿਚ ਰਿਸ਼ਤਿਆਂ ਦਾ ਸੰਸਥਾਵੀ ਚਿਹਨ 'ਘਰ' ਹੈ। ਘਰ ਅਜਿਹੇ ਅਹਿਸਾਸ ਦਾ ਨਾਮ ਹੈ ਜਿਸ ਵਿਚ ਸਭ ਕੁਝ ਸਮਾਉਣ ਦੀ ਸਮਰੱਥਾ ਹੈ:

*ਘਰ ਤਾਂ ਉਹ ਅਪਣੱਤ ਦਾ ਨਾਂ ਹੈ*
*ਜੀਹਦੀ ਬੁੱਕਲ ਵਿਚ ਕੋਈ*
*ਨਿੱਕੇ ਜਿਹੇ ਬਾਲ ਵਾਂਗ ਸੌਂ ਜਾਂਦੈ*

ਇਸ ਤਰ੍ਹਾਂ ਜਸਵੀਰ ਦੀ ਕਵਿਤਾ ਵਿਚ ਇਕ ਸਕਾਰਾਤਮਕ ਨਜ਼ਰੀਆ ਵੀ ਪਿਆ ਹੈ ਜਿਹੜਾ ਰਿਸ਼ਤਿਆਂ ਤੇ ਸੰਸਕਾਰਾਂ ਨੂੰ ਬੰਧੇਜ ਨਾਲ ਨਹੀਂ ਸਗੋਂ ਨਿੱਘ ਤੇ ਅਪਣੱਤ ਨਾਲ ਦੇਖਦਾ ਹੈ। ਜਸਵੀਰ ਆਪਣੀ ਗੱਲ ਕਹਿਣ ਲਈ ਬਹੁਤੀ ਵਾਰ ਅਜਿਹੇ ਚਿਹਨਾਂ ਦੀ ਵਰਤੋਂ ਕਰਦੀ ਹੈ ਜਿਸ ਦੇ ਇਕ ਪਾਸੇ ਪੂਰੀ ਸਾਂਸਕ੍ਰਿਤਕ ਉਸਾਰੀ ਪਈ ਹੁੰਦੀ ਹੈ ਤੇ ਦੂਜੇ ਪਾਸੇ ਪ੍ਰਕਿਰਤਕ ਵਰਤਾਰਾ ਪਿਆ ਹੁੰਦਾ ਹੈ। ਇਸ ਮਾਧਿਅਮ ਨੂੰ ਅਪਣਾਉਂਦੀ ਉਹ ਕਵਿਤਾ ਦੀ ਕਾਵਿਕਤਾ ਨੂੰ ਬਣਾਈ ਰੱਖਣ ਲਈ ਯਤਨਸ਼ੀਲ ਪ੍ਰਤੀਤ ਹੁੰਦੀ ਹੈ। ਉਸ ਕੀ ਕਵਿਤਾ ਵਿਚ ਇਕੋ ਸਮੇਂ ਪਰੰਪਰਕ ਅਤੇ ਆਧੁਨਿਕ ਕਾਵਿ-ਬਿੰਬ ਇਸ ਸਹਿਜਤਾ ਨਾਲ ਪੇਸ਼ ਹੁੰਦੇ ਹਨ ਕਿ ਉਹ ਕਈ ਵਾਰ ਪ੍ਰਤਿਰੋਧਕ ਹੁੰਦਿਆਂ ਹੋਇਆਂ ਵੀ ਕਵਿਤਾ ਦੀਆਂ ਸਤਰਾਂ ਵਿਚ ਸਮਾ ਕੇ ਇਕ ਵੱਖਰੀ ਤਰ੍ਹਾਂ ਦਾ ਕਾਵਿ-ਸੰਚਾਰ ਕਰਨ ਦੇ ਸਮਰੱਥ ਹੁੰਦੇ ਹਨ। 'ਗੁੜ੍ਹਤੀ', 'ਰੋਸ਼ਨੀ ਦੀ ਉਡੀਕ', 'ਰੀਮੋਟ ਕੰਟਰੋਲ' ਆਦਿ ਕਵਿਤਾਵਾਂ ਇਸ ਪ੍ਰਸੰਗ ਵਿਚ ਵਿਚਾਰੀਆਂ ਜਾ ਸਕਦੀਆਂ ਹਨ। ਜਸਵੀਰ ਦੀ ਕਵਿਤਾ ਵਿਚ ਕਈ ਵਾਰ ਕੇਵਲ ਇਕ ਜਾਂ ਦੋ ਸ਼ਬਦ ਹੀ ਆਪਣੇ ਦੁਆਲੇ ਸਿਰਜਿਆ ਭਾਵ ਮੰਡਲ ਸੰਚਾਰਤ ਕਰਨ ਦੇ ਸਮਰੱਥ ਹਨ। ਇਹ ਉਸ ਦੀ ਕਾਵਿ-ਭਾਸ਼ਾ ਦੀ ਵਿਲੱਖਣਤਾ ਕਾਰਨ ਹੀ ਹੋਇਆ ਹੈ। ਇਸ ਪ੍ਰਸੰਗ ਵਿਚ ਉਪਰੋਕਤ ਵਰਣਿਤ ਕਵਿਤਾ 'ਇਕ ਮਿਆਨ' ਨੂੰ ਵੀ ਵਿਚਾਰਿਆ ਜਾ ਸਕਦਾ ਹੈ। ਹਰ ਕਵਿਤਾ ਦੇ ਸਾਹਮਣੇ ਇਮਰੋਜ਼ ਦੁਆਰਾ ਬਣਾਏ ਗਏ ਸਕੈੱਚ ਪਾਠਕ ਨੂੰ ਇਕ ਵਿਸ਼ੇਸ਼ ਭਾਵ-ਮੰਡਲ ਵਿਚ ਪ੍ਰਵੇਸ਼ ਕਰਵਾਉਣ ਵਿਚ ਬਣਦੀ ਭੂਮਿਕਾ ਅਦਾ ਕਰਦੇ ਹਨ। ਜਸਵੀਰ ਦੇ ਇਸ ਕਾਵਿ-ਸੰਗ੍ਰਹਿ 'ਆਪਣੇ ਆਪਣੇ ਜੰਗਲ' (ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ 157, ਮੁੱਲ 160 ਰੁਪਏ) ਦਾ ਪੰਜਾਬੀ ਸਾਹਿਤ ਜਗਤ ਵਿਚ ਸੁਆਗਤ ਹੈ। □□

-ਸਤਿੰਦਰਪਾਲ ਸਿੰਘ

## ਮਹਿਰੂਮੀਆਂ [ਸੁਖਵੰਤ ਕੌਰ ਮਾਨ]

ਸੁਖਵੰਤ ਕੌਰ ਮਾਨ ਪੰਜਾਬੀ ਕਹਾਣੀ ਵਿਚ ਇਕ ਸਥਾਪਤ ਹਸਤਾਖਰ ਹੈ। ਇਕ ਇਸਤਰੀ ਕਹਾਣੀਕਾਰ ਹੋਣ ਦੇ ਬਾਵਜੂਦ ਉਹ ਨਿਰੋਲ ਨਾਰੀਵਾਦੀ ਵਿਚਾਰਾਂ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਕਹਾਣੀਆਂ ਦੀ ਰਚੈਤਾ ਵਜੋਂ ਸਥਾਪਤ ਨਹੀਂ ਹੋਈ ਬਲਕਿ ਉਸ ਕੋਲ ਜੀਵਨ ਦੀ ਸਮੁੱਚੀ ਜਟਿਲਤਾ ਦੇ ਬਹੁ-ਪੱਖੀ ਪਾਸਾਰਾਂ ਨੂੰ ਮਹਿਸੂਸ ਕਰਨ, ਸਮਝਣ ਅਤੇ ਆਪਣੀ ਕਹਾਣੀ-ਰਚਨਾ ਰਾਹੀਂ ਅਭਿਵਿਅਕਤ ਕਰਨ ਦਾ ਕਲਾਤਮਕ ਵਿਵੇਕ ਅਤੇ ਸੁਹਜ ਮੌਜੂਦ ਹੈ। ਨਵ-ਪ੍ਰਕਾਸ਼ਤ ਕਹਾਣੀ ਸੰਗ੍ਰਹਿ 'ਮਹਿਰੂਮੀਆਂ' ਵਿਚ ਸੰਮਲਤ ਦਸ ਕਹਾਣੀਆਂ ਕਹਾਣੀ-ਰਚਨਾ ਦੇ ਨਵੀਨ ਵਸਤੂਗਤ ਅਤੇ ਰੂਪਗਤ ਸੰਦਰਭਾਂ ਦੇ ਸਫਲ ਤੇ ਸਾਰਥਕ ਪਾਸਾਰ ਸਿਰਜਦੀਆਂ ਹਨ। 'ਟਿਮਕਣੇ', 'ਟਿਮਕਣੇ-2', 'ਮਹਿਰੂਮੀਆਂ', 'ਮਹਿਰੂਮੀਆਂ-2', 'ਉੱਜੜ-ਖੇਡ', 'ਡਰਾਪ-ਆਉਟ' ਨਾਮੀਂ ਕਹਾਣੀਆਂ ਮਨੁੱਖ ਦੀ ਵਿਡੰਬਨਾਤਮਕ ਸਥਿਤੀ ਨੂੰ ਉਜਾਗਰ ਕਰਨ ਵਾਲੀਆਂ ਜ਼ਿਕਰਯੋਗ ਕਹਾਣੀਆਂ ਹਨ। ਇਹਨਾਂ ਸਾਰੀਆਂ ਕਹਾਣੀਆਂ ਦਾ ਬਿਰਤਾਂਤਕ ਪਾਸਾਰਾ ਪਾਤਰਾਂ ਦੀ ਵਿਚਲਤ ਅੰਤਰਮੁਖੀ ਪ੍ਰਕਿਰਿਆ ਦੇ ਸਮਾਨੰਤਰ ਬਾਹਰਮੁਖੀ ਘਟਨਾਵਾਂ ਦੀ ਵਿਰੋਧਾਭਾਸੀ ਸਥਿਤੀ ਨੂੰ ਸਾਹਮਣੇ ਲਿਆਉਂਦਾ ਹੈ।

'ਟਿਮਕਣੇ' ਕਹਾਣੀ ਇਸਤਰੀ ਪਾਤਰ ਅਵਤਾਰ ਕੌਰ 'ਤੇ ਫੋਕਸ ਕਰਦਿਆਂ ਹੋਇਆਂ ਇਸ ਪਾਤਰ ਦੀ ਉਸ ਅਸਹਿਜ ਮਾਨਸਿਕਤਾ ਨੂੰ ਪੇਸ਼ ਕਰਦੀ ਹੈ, ਜਿਸ ਰਾਹੀਂ ਉਹ ਸਾਰੀ ਵਿਰੋਧਾਭਾਸੀ ਸਥਿਤੀ ਦੀ ਵਿਡੰਬਨਾ ਨੂੰ ਅੰਤਰਮਨ ਤਕ ਸ਼ਿੱਦਤ ਨਾਲ ਮਹਿਸੂਸ ਕਰਦੀ ਹੈ। ਉਸ ਦੀ ਇਸ ਅਸਹਿਜ ਮਾਨਸਿਕਤਾ ਦਾ ਕਾਰਨ ਉਸਦੀ ਆਪਣੀ ਧੀ ਛਿੰਦੋ ਅਤੇ ਦੋਹਤੀ ਸਰੂ ਹੈ। ਇਸ ਪਾਤਰ ਨੂੰ ਆਪਣੀ ਪਿਆਰੀ ਦੋਹਤੀ ਸਰੂ 'ਤੇ ਤਰਸ ਆ ਰਿਹਾ ਹੈ ਜਿਸ ਲਈ ਉਸ ਦੀ ਮਾਂ ਨੇ ਬਹੁਤ ਦੇਰ ਦਾ ਦਰਵਾਜ਼ਾ ਬੰਦ ਕੀਤਾ ਹੋਇਆ ਹੈ। ਅਵਤਾਰ ਕੌਰ ਦੇ ਇਹ ਸਿਮਰਤੀ ਸ਼ਬਦ: 'ਕੀ ਕਰ ਸਕਦੀ ਹਾਂ ਮੈਂ? ਕੀ ਏ ਮੇ ਰੀ ਹੈਸੀਅਤ? ਕੌਣ ਮੰਨਦਾ ਏ ਮੇਰੀ? ਦਿਲ ਤਾਂ ਕਰਦੈ ਕੰਧ ਨਾਲ ਟੱਕਰ ਮਾਰਾਂ...ਵਿਲਕਦਾ ਪਿਆ ਏ ਦਿਲ ਮੇਰਾ, ਅੱਥਰੂ ਲੁਕਾਉਂਦੀ ਫਿਰਦੀ ਆਂ ਕੁੜੀ ਤੋਂ, ਬਸ ਝਟ ਪੁੱਛ ਲਵੇਗੀ" ਉਸ ਦੀ ਅਸਮਰੱਥਾ ਦਾ ਅਹਿਸਾਸ ਕਰਵਾਉਂਦੇ ਹਨ ਕਿ ਉਹ ਆਪਣੀ ਦੋਹਤੀ ਦੀ ਮਾਂ ਦੀ ਮੌਜੂਦਗੀ ਵਿਚ ਵੀ ਉਸ ਦੇ ਮਾਂ ਦੇ ਪਿਆਰ ਤੋਂ ਵਾਂਝਿਆਂ ਰਹਿਣ ਦੇ ਅਹਿਸਾਸ ਦਾ ਕੋਈ ਹੱਲ ਨਹੀਂ ਲੱਭ ਸਕਦੀ। ਅਵਤਾਰ ਕੌਰ ਦੋਹਤੀ ਨਾਲ ਅਸੀਮ ਪਿਆਰ ਅਤੇ ਧੀ ਦੀ ਖੁਸ਼ੀ ਵਿਚ ਰੁਕਾਵਟ ਨਾ ਪਾਉਣ ਦੀ ਦੁਬਿਧਾਜਨਕ ਸਥਿਤੀ ਨੂੰ ਭੋਗਦੀ ਹੋਈ ਤਣਾਉਯੁਕਤ ਮਾਨਸਿਕਤਾ ਦਾ ਸ਼ਿਕਾਰ ਹੋ ਜਾਂਦੀ ਹੈ। ਕਹਾਣੀਕਾਰ ਨੇ ਆਤਮਬਚਨੀ ਦੀ ਤਕਨੀਕ ਰਾਹੀਂ ਉਸਦੀ ਦੁਬਿਧਾ ਨੂੰ ਉਭਾਰਿਆ ਹੈ। ਉਸ ਵਕਤ ਅਵਤਾਰ ਕੌਰ ਦੀ ਸਮੱਸਿਆ ਹੋਰ ਗੰਭੀਰ ਹੋ ਜਾਂਦੀ ਹੈ ਜਦੋਂ ਧੀ ਛਿੰਦੋ, ਸਾਹਬ ਨਾਲ ਵਿਆਹ ਕਰਵਾਉਣ ਹਿੱਤ ਮਾਂ ਨੂੰ ਕਹਿੰਦੀ ਹੈ ਕਿ ਉਹ ਸਰੂ ਨੂੰ ਉਸ ਦੇ ਦਾਦੀ ਦਾਦੇ ਕੋਲ ਭੇਜ ਦੇਵੇ। ਕਹਾਣੀਕਾਰ ਨੇ ਸਮੱਸਿਆ ਨੂੰ ਗਹਿਰਾ ਕਰਨ ਲਈ ਵਿਭਿੰਨ ਘਟਨਾਵਾਂ ਦਾ ਪ੍ਰਬੰਧ ਉਲੀਕਿਆ ਹੈ। ਇਸ ਘਟਨਾ-ਪ੍ਰਬੰਧ ਵਿਚ ਹਰ ਇਕ ਘਟਨਾ ਉਪਰੰਤ ਕੇਂਦਰੀ ਪਾਤਰ ਅਵਤਾਰ ਕੌਰ ਦਾ ਤਣਾਅ ਸੰਕਟ ਗਹਿਰਾ ਹੁੰਦਾ ਜਾਂਦਾ ਹੈ। ਕਹਾਣੀ ਦੇ ਅੰਤ 'ਤੇ ਸਰੂ ਨੂੰ ਦਾਦੀ ਦਾਦੇ ਵੱਲੋਂ ਲੈ ਜਾਣ ਉਪਰੰਤ ਅਵਤਾਰ ਕੌਰ ਆਪਣੀ ਖੰਡਿਤ, ਅਬੋਲ ਹੋਂਦ ਦੇ ਅਸਹਿ ਅਣਕਹੇ ਦੁੱਖ ਨੂੰ ਮਨਬਚਨੀ ਸੰਵਾਦ ਰਾਹੀਂ ਦ੍ਰਿਸ਼ਟੀਗਤ ਕਰਦੀ ਹੈ। ਕਹਾਣੀਕਾਰ ਨੇ ਸਮੇਂ ਦੀ ਨਿਰੰਤਰਤਾ ਨਾਲ ਪਾਤਰ ਦੇ ਸੰਕਟ ਦੀ ਤੀਬਰਤਾ ਨੂੰ ਵਧਾਇਆ ਹੈ। ਫਲਸਰੂਪ ਅਵਤਾਰ ਕੌਰ ਦੀ ਮਾਨਸਿਕਤਾ ਦੇ ਅਤਿ ਵਲੂੰਧਰਵੇਂ ਬਿੰਬ 'ਟਿਮਕਣੇ-2' ਕਹਾਣੀ ਵਿਚ ਪ੍ਰਸਤੁਤ ਕੀਤੇ ਗਏ ਹਨ। 'ਮਾਂ-ਵਿਹੂਣੀ' ਸਰੂ ਦਾ ਦੁੱਖ ਅਤੇ ਉਸ ਦੀ ਧੀ ਦਾ ਆਪ ਹੁਦਰਾਪਣ ਅਵਤਾਰ ਕੌਰ ਦੇ ਮਾਨਸਿਕ ਤਵਾਜ਼ਨ ਵਿਚ ਅਸੰਤੁਲਨ ਦਾ ਕਾਰਨ ਬਣ ਜਾਂਦਾ ਹੈ। ਉਹ ਡੌਲ ਨੂੰ ਸਰੂ ਸਮਝ ਕੇ ਠੰਡ ਤੋਂ ਬਚਾਉਣ ਲਈ ਸਵੈਟਰ ਪਾਉਂਦੀ ਹੈ ਤੇ ਗੋਦੀ ਵਿਚ ਲੈ ਕੇ ਪਿਆਰ ਕਰਦੀ ਹੈ। ਅੰਤ 'ਤੇ ਉਹ ਆਪਣੇ ਆਪ ਤੋਂ ਮੁਨਕਰ ਹੋ ਆਪਣੇ ਸਾਵੇਂ ਰਿਸ਼ਤਿਆਂ; ਸਰੂ, ਮਾਹਲ ਅਤੇ ਮੋਤੀ ਨੂੰ ਤਲਾਸ਼ਦੀ ਇਕ ਡੂੰਘੀ ਭਟਕਣਾ ਵਿਚ ਗੁਆਚ ਜਾਂਦੀ ਹੈ।



'ਮਹਿਰੂਮੀਆਂ' ਅਤੇ 'ਮਹਿਰੂਮੀਆਂ-2' ਕਹਾਣੀਆਂ ਪਾਤਰਾਂ ਦੇ ਜਟਿਲ ਮਾਨਸਿਕ ਢਾਂਚੇ ਦੀਆਂ ਮਹੀਨ ਪਰਤਾਂ ਉਭਾਰਨ ਵਾਲੀਆਂ ਕਹਾਣੀਆਂ ਹਨ। ਇਸ ਢਾਂਚੇ ਵਿਚ ਗਤੀਸ਼ੀਲ ਸੰਕਟ/ਤਣਾਅ ਦੀਆਂ ਅਲਾਮਤਾਂ ਨੂੰ ਕਹਾਣੀਕਾਰ ਨੇ ਉੱਤਮ ਪੁਰਖੀ ਆਤਮ ਬਚਨੀ ਦੀ ਤਕਨੀਕ ਰਾਹੀਂ ਪ੍ਰਸਤੁਤ ਕੀਤਾ ਹੈ। ਕਹਾਣੀਕਾਰ ਇਸ ਕਹਾਣੀ ਦੀ ਕੇਂਦਰੀ ਪਾਤਰ ਗਿੰਨੀ ਦੇ ਰਿਸ਼ਤਿਆਂ ਦੀ ਭਾਵੁਕਤਾ ਦੇ ਅਹਿਸਾਸ ਦੀ ਸ਼ਿੱਦਤ ਨੂੰ ਸਿਖਰ ਤਕ ਪਹੁੰਚਾਉਣ ਲਈ ਘਟਨਾਤਮਕ ਚੱਕਰ ਉਲੀਕਦੀ ਹੈ ਜੋ ਕੇਂਦਰੀ ਪਾਤਰ ਦੇ ਮਨੋਵਿਹਾਰ ਨੂੰ ਗਹਿਰਾ ਤਣਾਉਸ਼ੀਲ ਬਣਾਉਂਦਾ ਹੈ। ਇਸ ਕਹਾਣੀ ਦੀ ਕੇਂਦਰੀ ਪਾਤਰ ਅਵਚੇਤਨੀ ਪੱਧਰ 'ਤੇ ਮਾਂ ਪ੍ਰਤਿ ਮੋਹ, ਪਿਆਰ, ਹਮਦਰਦੀ ਅਤੇ ਵਿਸ਼ਵਾਸ ਦੀ ਅਸੀਮਤਾ ਨੂੰ ਉਜਾਗਰ ਕਰਦੀ ਹੈ। ਉਹ ਆਪਣੀ ਮਾਂ ਦੇ ਅਸਹਿਜ ਵਿਹਾਰ ਦੇ ਕਾਰਨਾਂ ਦਾ ਪਿਛੋਕੜ ਤਲਾਸ਼ਦੀ ਰਹਿੰਦੀ ਹੈ। ਕਈ ਵਾਰ ਉਹ ਆਪਣੇ ਆਪ ਨੂੰ ਹੀ ਦੋਸ਼ੀ ਮੰਨਦੀ ਹੈ। ਸਮੁੱਚੀ ਕਹਾਣੀ ਵਿਚ ਕੇਂਦਰੀ ਪਾਤਰ, ਮਾਂ ਦੀ ਉਦਾਸੀ ਤੇ ਇਕੱਲੇਪਣ ਨੂੰ ਘਟਾਉਣ ਲਈ ਕੁਝ ਨਾ ਕੁਝ ਵਿਕਲਪ ਤਲਾਸ਼ਦੀ ਹੈ। ਉਸ ਨੂੰ ਆਪਣੀ ਮਾਂ ਦੇ ਵਿਭਿੰਨ ਸੁੱਖਾਂ ਤੋਂ ਮਹਿਰੂਮ ਹੋਣ ਦਾ ਅਹਿਸਾਸ ਵਿਚਲਤ ਕਰਦਾ ਰਹਿੰਦਾ ਹੈ। 'ਮਹਿਰੂਮੀਆਂ-2' ਕਹਾਣੀ ਕੇਂਦਰੀ ਪਾਤਰ ਗਿੰਨੀ ਦੀ ਮਾਂ ਪ੍ਰਤਿ ਉਸੇ ਚਿੰਤਾ ਨਾਲ ਆਰੰਭ ਹੁੰਦੀ ਹੈ। ਗਿੰਨੀ ਦੀ ਸਿਮਰਤੀ ਵਿਚ ਮੌਜੂਦ ਮਾਂ ਦੇ ਉਦਾਸ ਪਲ, ਉਹਨਾਂ ਦਾ ਅਤੀਤ ਅਤੇ ਮਾਂ ਦੇ ਅਸਹਿਜ ਵਿਹਾਰ ਦੇ ਬਿੰਬ ਗਿੰਨੀ ਦੇ ਮਾਨਸਿਕ ਕਲੇਸ਼ ਨੂੰ ਪ੍ਰਚੰਡ ਕਰਦੇ ਹਨ। ਫਲਸਰੂਪ ਉਸ ਦੇ ਪਰਿਵਾਰਕ ਜੀਵਨ ਅਤੇ ਉਸ ਦੇ ਗੈਰੀ ਨਾਲ ਰਿਸ਼ਤੇ ਵਿਚ ਅਸੁਖਾਵਾਂਪਣ ਆ ਜਾਂਦਾ ਹੈ। ਕਹਾਣੀਕਾਰ ਨੇ ਗੈਰੀ ਦੀ ਹਉਮੈ ਅਤੇ ਗਿੰਨੀ ਦੀ ਮਾਂ ਪ੍ਰਤਿ ਅਤਿ ਭਾਵੁਕਤਾ ਦੀਆਂ ਵਿਰੋਧਾਭਾਸੀ ਸਥਿਤੀਆਂ ਦਾ ਟਕਰਾਉ ਸਿਰਜਿਆ ਹੈ। ਮਾਂ ਪ੍ਰਤਿ ਚਿੰਤਨਮੁਖੀ ਵਿਹਾਰ ਸਦਕਾ ਜਿੰਨਾ ਗਿੰਨੀ ਦਾ ਮਾਨਸਿਕ ਕਲੇਸ਼ ਵਧਦਾ ਹੈ ਉਤਨਾ ਹੀ ਗਿੰਨੀ ਦੇ ਪਰਿਵਾਰਕ ਜੀਵਨ ਦਾ ਸੰਕਟ ਗਹਿਰਾ ਹੁੰਦਾ ਜਾਂਦਾ ਹੈ। ਅੰਤ 'ਤੇ ਗੈਰੀ ਨਾਲੋਂ ਅਸਥਾਈ ਤੌਰ 'ਤੇ ਵੱਖ ਹੋ ਕੇ ਮਾਂ ਨੂੰ ਬਿਨਾਂ ਸੂਚਿਤ ਕੀਤੇ ਘਰ ਪਹੁੰਚਦੀ ਹੈ ਤਾਂ ਮਾਂ ਕੋਲ ਕਿਸੇ ਗੈਰ ਮਰਦ ਦੀ ਮੌਜੂਦਗੀ ਉਸਦੀ ਹੋਂਦ ਨੂੰ ਹਰ ਰਿਸ਼ਤੇ ਤੋਂ ਵਾਂਝਿਆਂ ਕਰਦੀ ਪ੍ਰਤੀਤ ਹੁੰਦੀ ਹੈ। ਕਹਾਣੀ ਪਾਤਰ ਦੀ ਭਾਵੁਕਤਾ ਨੂੰ ਸਿਖਰ 'ਤੇ ਪਹੁੰਚਾ ਕੇ ਸਥਿਤੀ ਦਾ ਵਿਸਫੋਟਕ ਅੰਤ ਕਰਦੀ ਹੈ। ਸਮੁੱਚੀ ਕਹਾਣੀ ਵਿਚ ਉਪਜੇ ਮਾਂ ਦੇ ਪਾਤਰ ਲਈ ਹਮਦਰਦੀ ਅਤੇ ਤਰਸ ਦੇ ਭਾਵ ਅੰਤ 'ਤੇ ਤਬਦੀਲ ਹੋ ਕੇ ਗਿੰਨੀ ਦੇ ਪਾਤਰ ਲਈ ਪੈਦਾ ਹੋ ਜਾਂਦੇ ਹਨ। ਕਹਾਣੀਕਾਰ ਵਿਸ਼ਵਾਸਘਾਤ ਸਦਕਾ ਗਿੰਨੀ ਦੀ ਵਲੂੰਧਰੀ ਆਤਮਾ ਦਾ ਬਿਆਨ ਹੀ ਨਹੀਂ ਕਰਦੀ ਸਗੋਂ ਅੰਤਲੇ ਸ਼ਬਦ ਗਿੰਨੀ ਦੇ ਆਤਮ ਗਿਲਾਨੀ ਭਰਪੂਰ ਅਹਿਸਾਸ ਨੂੰ ਪੇਸ਼ ਕਰਦੇ ਹਨ ਤੇ ਭਵਿੱਖੀ ਸੰਕਟਾਂ ਵੱਲ ਇਸ਼ਾਰਾ ਕਰਦੇ ਹਨ।

'ਡਰਾਪ-ਆਊਟ' ਕਹਾਣੀ ਵੀ ਵਿਚਲਤ ਪਾਤਰ ਦੇ ਅਸਾਵੇਂ ਮਨੋਵਿਹਾਰ ਦੇ ਕਾਰਨਾਂ ਅਤੇ ਅਸਹਿਜ ਕਾਰਜਾਂ ਦਾ ਬਿਰਤਾਂਤ ਹੈ। ਕੇਂਦਰੀ ਪਾਤਰ ਮੋਨਾ ਬਚਪਨ ਤੋਂ ਹੀ ਇਕ ਲੜਕੀ ਹੋਣ ਕਰਕੇ ਆਪਣੇ ਪਿਤਾ ਵੱਲੋਂ ਭੇਦ-ਭਾਵ ਅਤੇ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੈ। ਮੋਨਾ ਦੇ ਕਲੇਸ਼ ਦਾ ਕਾਰਨ ਉਸ ਦੇ ਪਿਉ ਵੱਲੋਂ ਮਾਂ ਦਾ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਹੈ। ਜਿਵੇਂ ਜਿਵੇਂ ਉਸ ਨੂੰ ਆਪਣੀ ਅਤੇ ਮਾਂ ਦੀ ਨਿਗੂਣੀ ਹੋਂਦ ਦਾ ਅਹਿਸਾਸ ਹੁੰਦਾ ਜਾਂਦਾ ਹੈ ਉਸ ਦਾ ਮਾਨਸਿਕ ਸੰਕਟ ਪ੍ਰਚੰਡ ਹੁੰਦਾ ਜਾਂਦਾ ਹੈ। ਉਪਰੋਕਤ ਵਰਣਤ ਕਹਾਣੀਆਂ ਦੇ ਪਾਤਰਾਂ ਵਾਂਗ ਉਹ ਇਸ ਮਾਨਸਿਕ ਸੰਤਾਪ ਨੂੰ ਹੰਢਾਉਣ ਦੀ ਤ੍ਰਾਸਦੀ ਨੂੰ ਹੀ ਅੰਤਮ ਸੱਚ ਨਹੀਂ ਮੰਨਦੀ ਸਗੋਂ ਇਸ ਦੇ ਵਿਕਲਪ ਤਲਾਸ਼ਦੀ ਹੈ। ਪਰੰਤੂ ਕਹਾਣੀ ਦਾ ਘਟਨਾ-ਚੱਕਰ ਉਸ ਨੂੰ ਫਿਰ ਉਸੇ ਸੰਕਟ-ਗ੍ਰਸਤ ਬਿੰਦੂ 'ਤੇ ਲਿਆ ਕੇ ਖੜ੍ਹਾ ਕਰ ਦਿੰਦਾ ਹੈ ਜਿਸ ਤੋਂ ਮੁਕਤੀ ਪ੍ਰਾਪਤ ਕਰਨ ਲਈ ਉਸ ਨੇ ਘਰ ਛੱਡ ਦਿੱਤਾ ਸੀ। ਮੋਨਾ ਦੂਜੀਆਂ ਕਹਾਣੀਆਂ ਦੇ ਪਾਤਰਾਂ ਤੋਂ ਇਸ ਲਈ ਵੀ ਵੱਖਰੀ ਹੈ ਕਿ ਉਹ ਸੰਕਟ-ਬਿੰਦੂ 'ਤੇ ਪਹੁੰਚ ਕੇ ਵੀ ਨਿਰਾਸ਼ ਨਹੀਂ ਹੁੰਦੀ ਸਗੋਂ ਸਥਿਤੀ ਦੇ ਅਸੰਤੁਲਨ ਨੂੰ ਸੰਤੁਲਨ ਵਿਚ ਬਦਲਨ ਲਈ ਸਫਲ ਉਪਰਾਲੇ ਜੁਟਾਉਂਦੀ ਹੈ।

ਇਹਨਾਂ ਪੰਜਾਂ ਕਹਾਣੀਆਂ ਦਾ ਸੰਗਠਨਾਤਮਕ ਢਾਂਚਾ ਅਤੇ ਬਿਰਤਾਂਤੀ ਜੁਗਤਾਂ ਲਗਪਗ

ਇਕੋ ਜਿਹੀਆਂ ਹਨ। ਇਹਨਾਂ ਕਹਾਣੀਆਂ ਵਿਚ ਉਸਾਰੇ ਗਏ ਪਾਤਰਾਂ ਦੀਆਂ ਸਮੱਸਿਆਵਾਂ ਅਤੇ ਇਹਨਾਂ ਤੋਂ ਉਤਪੰਨ ਮਨੋ-ਵਿਹਾਰਕ ਅਲਾਮਤਾਂ ਐਨੀਆਂ ਮਿਲਦੀਆਂ ਹਨ ਕਿ ਪਾਠਕ ਦੀ ਸਿਮਰਤੀ ਵਿਚ ਸਾਰੀਆਂ ਕਹਾਣੀਆਂ ਦੇ ਪਾਤਰ ਰਲਗੱਡ ਹੋ ਜਾਂਦੇ ਹਨ। ਇਹਨਾਂ ਮਨੋਵਿਚਲਤ ਹੋਂਦ ਦੇ ਧਾਰਨੀ ਪਾਤਰਾਂ ਦੀ ਦਸ਼ਾ ਨੂੰ ਦਰਸਾਉਣ ਲਈ ਇਕੋ ਜਿਹੇ ਰੂਪਕਾਂ ਦੀ ਵਰਤੋਂ ਕੀਤੀ ਮਿਲਦੀ ਹੈ। ਕਹਾਣੀ 'ਟਿਮਕਣੇ' (ਪੰਨਾ-7) ਅਤੇ 'ਮਹਿਰੂਮੀਆਂ' (ਪੰਨਾ-64) ਵਿਚ ਬਾਰਬੀ ਡੌਲ ਦਾ ਰੂਪਕ ਇਕ ਸਮਾਨ ਅਰਥਾਂ ਦਾ ਧਾਰਨੀ ਹੈ। ਦੋਹਾਂ ਕਹਾਣੀਆਂ ਵਿਚ ਇਸ ਰੂਪਕ ਦੀ ਵਰਤੋਂ ਹਿੱਤ ਸਥਿਤੀ ਪ੍ਰਸੰਗ ਹੀ ਬਦਲਿਆ ਗਿਆ ਹੈ। ਇਹਨਾਂ ਕਹਾਣੀਆਂ ਵਿਚ ਭਾਵੁਕ ਅਤੇ ਵਿਚਾਰਕ ਪੱਖ ਤੋਂ ਪਾਤਰ ਦੀ ਦਬਾਅਮਈ ਤ੍ਰਿਸਕਾਰਤ ਹੋਂਦ ਨੂੰ ਦਰਸਾਉਣ ਲਈ ਬਾਰਬੀ ਡੌਲ ਦਾ ਸੂਚਕ ਸ਼ਬਦ ਵਰਤਿਆ ਗਿਆ ਹੈ।

ਸਮੁੱਚੀਆਂ ਕਹਾਣੀਆਂ ਪੂੰਜੀਵਾਦੀ ਸਭਿਆਚਾਰ ਵਿਚੋਂ ਪਨਪਦੇ ਵਿਅਕਤੀਪਰਕ ਸੰਕਟਾਂ ਅਤੇ ਹੋਣੀਆਂ ਦੀਆਂ ਲਖਾਇਕ ਹਨ। ਇਸ ਸੰਗ੍ਰਹਿ ਦੀਆਂ ਬਾਕੀ ਕਹਾਣੀਆਂ 'ਲੱਭੂ', 'ਠੀਹਾ', 'ਬਚਾਉ ਕਾਰਜ', 'ਉਜੜ ਖੇਡ' ਅਤੇ 'ਜਦੋਂ ਹਨੀਫ਼ ਆਉਂਦਾ ਹੈ' ਵੀ ਮਾਨਵੀ ਮੁੱਲਾਂ ਤੋਂ ਵਿਛੁੰਨੀਆਂ ਕਦਰਾਂ-ਕੀਮਤਾਂ ਦੇ ਬਹੁਪੱਖੀ ਪਾਸਾਰ ਸਿਰਜਦੀਆਂ ਹਨ। ਸਮੁੱਚੇ ਤੌਰ 'ਤੇ ਸੁਖਵੰਤ ਕੌਰ ਮਾਨ ਦਾ ਸੱਜਰਾ ਕਹਾਣੀ ਸੰਗ੍ਰਹਿ 'ਮਹਿਰੂਮੀਆਂ' (ਚੇਤਨਾ ਪ੍ਰਕਾਸ਼ਨ, ਪੰਨੇ 128, ਮੁੱਲ 140 ਰੁਪਏ) ਨਿਵੇਕਲੇ ਸੰਗਠਨਾਤਮਕ ਢਾਂਚਿਆਂ ਅਧੀਨ ਵਿਵਿਧ ਵਿਸ਼ਿਆਂ ਦੇ ਨਿਭਾਅ ਦੇ ਸੁਚੱਜੇ ਪ੍ਰਮਾਣ ਸਿਰਜਦਾ ਹੈ। ਇਸ ਕਹਾਣੀ ਸੰਗ੍ਰਹਿ ਦਾ ਕਹਾਣੀ-ਜਗਤ ਵਿਚ ਵਡਮੁੱਲੇ ਵਾਧੇ ਵਜੋਂ ਸਵਾਗਤ ਹੈ।

[ਰਾਜਵੰਤ ਕੌਰ]

## ਪ੍ਰਾਪਤ ਪੁਸਤਕਾਂ

ਕਮਿਊਨਿਸਟ ਲਹਿਰ ਦੇ ਅੰਗ ਸੰਗ (ਵਾਰਤਕ) ਜਗਜੀਤ ਸਿੰਘ ਆਨੰਦ
ਪੰਨੇ 260,ਮੁੱਲ 300 ਰੁਪਏ,ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਭਗਤ ਸਿੰਘ: ਵਿਚਾਰਵਾਨ ਇਨਕਲਾਬੀ (ਵਾਰਤਕ) ਚਮਨ ਲਾਲ
ਪੰਨੇ 311,ਮੁੱਲ 450 ਰੁਪਏ,ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

ਵਿਗਿਆਨ ਸੁਗਿਆਨ ਸੰਵਾਦ (ਵਾਰਤਕ) ਦਰਸ਼ਨ ਸਿੰਘ ਸਹਿਰੀ
ਪੰਨੇ 136,ਮੁੱਲ 160 ਰੁਪਏ, ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ,ਪਟਿਆਲਾ

ਬਾਬਾ ਬੂਝਾ ਸਿੰਘ:ਗ਼ਦਰ ਤੋਂ ਨਕਸਲਬਾੜੀ ਤਕ (ਜੀਵਨੀ) ਅਜਮੇਰ ਸਿੱਧੂ
ਪੰਨੇ 248,ਮੁੱਲ 300 ਰੁਪਏ,ਪੇਪਰਬੈਕ 150 ਰੁਪਏ, $20,ਤਰਕਭਾਰਤੀ ਪ੍ਰਕਾਸ਼ਨ,ਬਰਨਾਲਾ

ਸਾਮਰਾਜੀ ਝੱਖੜ (ਵਾਰਤਕ) ਡਾ.ਅਜੀਤਪਾਲ ਸਿੰਘ ਐੱਮ.ਡੀ.
ਪੰਨੇ 136,ਮੁੱਲ 100 ਰੁਪਏ,ਪੇਪਰਬੈਕ 80 ਰੁਪਏ,ਤਰਕਭਾਰਤੀ ਪ੍ਰਕਾਸ਼ਨ,ਬਰਨਾਲਾ

ਮੇਰਾ ਕਾਵਿ-ਨਾਟ ਲੋਕ (ਵਾਰਤਕ) ਰਵਿੰਦਰ ਰਵੀ
ਪੰਨੇ 549,ਮੁੱਲ 600 ਰੁਪਏ,ਤਰਲੋਚਨ ਪਬਲਿਸ਼ਰਜ਼, ਸੈਕਟਰ 15 ਡੀ,ਚੰਡੀਗੜ੍ਹ

ਗ਼ਦਰ ਲਹਿਰ: ਇਤਿਹਾਸ,ਰਾਜਨੀਤੀ ਅਤੇ ਸਾਹਿਤ (ਵਾਰਤਕ) ਸਪਾਦਕ:ਸਰਬਜੀਤ ਸਿੰਘ (ਡਾ.)
ਪੰਨੇ 207,ਮੁੱਲ 250 ਰੁਪਏ,ਦੀਪਕ ਪਬਲਿਸ਼ਰਜ਼,ਮਾਈ ਹੀਰਾਂ ਗੇਟ,ਜਲੰਧਰ

ਪੰਜਾਬੀ ਵਿਆਕਰਨ:ਸਿਧਾਂਤ ਅਤੇ ਵਿਹਾਰ (ਵਾਰਤਕ) ਬੂਟਾ ਸਿੰਘ ਬਰਾੜ
ਪੰਨੇ 252,ਮੁੱਲ 300 ਰੁਪਏ,ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਸਮਾਜਿਕ ਅਧਿਐਨ ਦਾ ਅਧਿਆਪਨ (ਵਾਰਤਕ) ਡਾ. ਗੁਰਮੀਤ ਸਿੰਘ
ਪੰਨੇ 237,ਮੁੱਲ 300 ਰੁਪਏ,ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਸਿਹਤ ਅਤੇ ਸਰੀਰਕ ਸਿੱਖਿਆ (ਵਾਰਤਕ) ਡਾ.ਸੁਖਦੇਵ ਸਿੰਘ ਸੰਧੂ
ਪੰਨੇ 176,ਮੁੱਲ 225 ਰੁਪਏ,ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਪਥ ਹੀ ਮੰਜ਼ਿਲ ਹੈ (ਸਫਰਨਾਮਾ) ਮਨਮੋਹਨ ਸਿੰਘ ਬਾਵਾ
ਪੰਨੇ 152,ਮੁੱਲ 150 ਰੁਪਏ,$ 10, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਜੰਗਲ ਜੰਗਲ ਪਰਬਤ ਪਰਬਤ (ਸਫਰਨਾਮਾ) ਮਨਮੋਹਨ ਸਿੰਘ ਬਾਵਾ
ਪੰਨੇ 164,ਮੁੱਲ 140 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਡਾ.ਗੁਰਚਰਨ ਸਿੰਘ ਮਹਿਤਾ ਅਭਿਨੰਦਨ (ਵਾਰਤਕ) ਸੰਪਾਦਕ:ਡਾ.ਗੁਰਮੁਖ ਸਿੰਘ



ਪੰਨੇ 127,ਮੁੱਲ 150 ਰੁਪਏ,ਪੰਜਾਬੀ ਸਾਹਿਤ ਸਭਾ ਪਟਿਆਲਾ

ਵਿਸ਼ਵ ਉਪੇਰਾ:ਸਿਧਾਂਤ,ਸਰੂਪ ਅਤੇ ਸਰੋਕਾਰ (ਆਲੋਚਨਾ) ਕੁਲਦੀਪ ਸਿੰਘ ਦੀਪ (ਡਾ.)
ਪੰਨੇ 119,ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਲੋਕ ਧਾਰਾ ਦਾ ਕਵੀ ਗੁੱਜਰ ਸਿੰਘ ਗਿੱਲ (ਆਲੋਚਨਾ) ਬ੍ਰਹਮਜਗਦੀਸ਼ ਸਿੰਘ
ਪੰਨੇ 104,ਮੁੱਲ 120 ਰੁਪਏ,ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਹਰਭਜਨ ਸਿੰਘ ਹੁੰਦਲ ਦੀ ਵਾਰਤਕ ਕਲਾ (ਆਲੋਚਨਾ) ਰਮਨਦੀਪ ਕੌਰ
ਪੰਨੇ 106,ਮੁੱਲ 100 ਰੁਪਏ,ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ,ਗੁਰੂ ਕੀ ਨਗਰੀ ਬਠਿੰਡਾ

ਅਜਮੇਰ ਸਿੰਘ ਔਲਖ ਦੇ ਮੇਰੇ ਚੋਣਵੇਂ ਇਕਾਂਗੀ ਅਤੇ ਲਘੂ ਨਾਟ-ਕਲਾ (ਆਲੋਚਨਾ) ਸ਼ਰਨਜੀਤ ਕੌਰ
ਪੰਨੇ 88,ਮੁੱਲ 100 ਰੁਪਏ,ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਗੁਰਮਤਿ ਕਾਵ: ਪ੍ਰਵਚਨ ਤੇ ਸੰਰਚਨਾ (ਆਲੋਚਨਾ) ਦੇਵਿੰਦਰ ਸਿੰਘ (ਡਾ.)
ਪੰਨੇ 119,ਮੁੱਲ 125 ਰੁਪਏ,ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਸ਼ਬਦ ਮੰਥਨ (ਗੁਰਦਿਆਲ ਕੰਵਲ ਦੀ ਰਚਨਾ ਦੀ ਆਲੋਚਨਾ) ਸੰਪਾਦਕ:ਰਵਿੰਦਰ ਰਵੀ,ਡਾ.ਸ਼ਰਨਜੀਤ ਕੌਰ
ਪੰਨੇ 168,ਮੁੱਲ 300,$20.ਤਰਲੋਚਨ ਪਬਲਿਸ਼ਰਜ਼, ਸੈਕਟਰ 15 ਡੀ, ਚੰਡੀਗੜ੍ਹ

ਰੂਟਸ (ਨਾਵਲ) ਐਲੈਕਸ ਹੇਲੀ, ਅਨੁਵਾਦ: ਦਲਜੀਤ ਸਿੰਘ ਐਡਮਿੰਟਨ
ਪੰਨੇ 828,ਮੁੱਲ 550 ਰੁਪਏ,ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਸਰਘੀ (ਨਾਵਲ) ਸੰਤੋਖ ਧਾਲੀਵਾਲ
ਪੰਨੇ 284,ਮੁੱਲ 300 ਰੁਪਏ,ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਤਮਾਸ਼ਾ (ਨਾਵਲ) ਕੇ,ਐੱਲ.ਗਰਗ
ਪੰਨੇ 199,ਮੁੱਲ 225 ਰੁਪਏ,ਨੈਸਨਲ ਬੁਕ ਸ਼ਾਪ ਚਾਂਦਨੀ ਚੌਕ,ਦਿੱਲੀ

ਧੁੰਦ ਤੇ ਪ੍ਰਭਾਤ (ਨਾਵਲ) ਅਵਤਾਰ ਉੱਪਲ
ਪੰਨੇ 143828,ਮੁੱਲ 150 ਰੁਪਏ,ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਨੇੜੇ ਦੇ ਵਾਸੀ (ਕਹਾਣੀ ਸੰਗ੍ਰਹਿ) ਸਰੂਪ ਸਿਆਲਵੀ
ਪੰਨੇ 136,ਮੁੱਲ 140 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

ਨਿੱਕੇ ਵੱਡੇ ਹਿਟਲਰ (ਕਹਾਣੀ ਸੰਗ੍ਰਹਿ) ਡਾ.ਕਰਮਜੀਤ ਸਿੰਘ ਨਡਾਲਾ
ਪੰਨੇ 108,ਮੁੱਲ 125 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

ਸੂਰਜ ਡੁੱਬਣ ਤੋਂ ਪਹਿਲਾਂ (ਨਾਵਲ) ਮੇਜਰ ਸਿੰਘ ਚਾਹਲ
ਪੰਨੇ 144,ਮੁੱਲ 150 ਰੁਪਏ,ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਸੂਰਜ ਡੁੱਬਾ ਸਿਖਰ ਦੁਪਹਿਰੇ (ਨਾਵਲ) ਰੁਚਰਨ ਸਿੰਘ ਔਲਖ
ਪੰਨੇ 128,ਮੁੱਲ 130 ਰੁਪਏ,ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਕਾਸ਼ਨੀ ਸ਼ਰਾਰੇ ਵਾਲੀ ਕੁੜੀ (ਕਹਾਣੀ ਸੰਗ੍ਰਹਿ) ਇੰਦਰਜੀਤ ਪਾਲ ਕੌਰ
ਪੰਨੇ 110,ਮੁੱਲ 125 ਰੁਪਏ,ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਅਧੂਰੀਆਂ ਕਹਾਣੀਆਂ ਦੇ ਪਾਤਰ (ਕਹਾਣੀ ਸੰਗਗ੍ਰਹਿ) ਅਮਰਜੀਤ ਕੌਰ ਪੰਨੂ
ਪੰਨੇ 128,ਮੁੱਲ 140 ਰੁਪਏ,ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਰੁੱਸੀਆਂ ਹਵਾਵਾਂ (ਕਹਾਣੀ ਸੰਗ੍ਰਹਿ) ਬਲਵੰਤ ਸਿੰਘ ਮੁਸਾਫਿਰ
ਪੰਨੇ 104, ਮੁੱਲ 100 ਰੁਪਏ, ਰੈਣ ਬਸੇਰਾ ਪ੍ਰਕਾਸ਼ਨ,ਗੁਰੂ ਨਾਨਕ ਕਾਲੋਨੀ,ਲੁਧਿਆਣਾ

ਮੱਸਿਆ ਦੀ ਰਾਤ (ਕਹਾਣੀ ਸੰਗ੍ਰਹਿ) ਪਵਨ ਪਰਿੰਦਾ
ਪੰਨੇ 80, ਮੁੱਲ 85 ਰੁਪਏ, ਪੇਪਰਬੈਕ 50 ਰੁਪਏ,ਕੁਕਨੂਸ ਪ੍ਰਕਾਸ਼ਨ, ਜਲੰਧਰ

ਲਾਹੇ ਹੋਏ (ਕਹਾਣੀ ਸੰਗ੍ਰਹਿ) ਪਵਨ ਪਰਿੰਦਾ
ਪੰਨੇ 80, ਮੁੱਲ 75 ਰੁਪਏ, ਪੇਪਰਬੈਕ 40 ਰੁਪਏ, ਕੁਕਨੁਸ ਪ੍ਰਕਾਸ਼ਨ, ਜਲੰਧਰ

ਆਮੀਨ (ਕਾਵਿ ਸੰਗ੍ਰਹਿ) ਪ੍ਰੀਤਮ ਸਿੰਘ ਰਾਹੀ
ਪੰਨੇ 144,ਮੁੱਲ 150 ਰੁਪਏ,ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਕਾਇਨਾਤ (ਕਾਵਿ ਸੰਗ੍ਰਹਿ) ਮਨਜੀਤਪਾਲ ਕੌਰ
ਪੰਨੇ 112,ਮੁੱਲ 125 ਰੁਪਏ,ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਅਗਲੇ ਜਨਮ 'ਚ ਲਿਖਾਂਗਾ (ਕਾਵਿ ਸੰਗ੍ਰਹਿ) ਡਾ.ਸਸ਼ੀਲ ਰਹੇਜਾ
ਪੰਨੇ 120,ਮੁੱਲ 125 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

ਆਖਰੀ ਪਰਵਾਜ਼ (ਕਾਵਿ ਸੰਗ੍ਰਹਿ) ਗੁਰਚਰਨ ਸਿੰਘ ਔਲਖ
ਪੰਨੇ 144,ਮੁੱਲ 150 ਰੁਪਏ,ਰਵੀ ਸਾਹਿਤ ਪ੍ਰਕਾਸ਼ਨ,ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਕਾਲੇ ਫੁਲ (ਕਾਵਿ ਸੰਗ੍ਰਹਿ) ਰਾਜਵਿੰਦਰ ਮੀਰ
ਪੰਨੇ 79,ਮੁੱਲ 125 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

ਸਫੇ 'ਤੇ ਲਿਖਿਆ ਸੱਚ (ਕਾਵਿ ਸੰਗ੍ਰਹਿ) ਦਰਸ਼ਨ ਸਿੰਘ ਓਬਰਾਏ
ਪੰਨੇ 104,ਮੁੱਲ 140 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

ਸੁਰਖ ਗੁਲਾਬੋਂ ਕਾ ਮੌਸਮ (ਕਾਵਿ ਸੰਗ੍ਰਹਿ) ਕਮਲ
ਪੰਨੇ 119,ਮੁੱਲ 130 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

ਖਿਣ (ਕਾਵਿ ਸੰਗ੍ਰਹਿ) ਇਕਬਾਲ ਦੀਪ
ਪੰਨੇ 88, ਮੁੱਲ 120 ਰੁਪਏ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ

ਸੁਆਲਾਂ ਦੇ ਸਨਮੁਖ (ਕਾਵਿ ਸੰਗ੍ਰਹਿ) ਨੀਤੂ ਅਰੋੜਾ
ਪੰਨੇ 95, ਮੁੱਲ 100 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਕਵਿਤਾ ਦੀ ਇਬਾਰਤ (ਕਾਵਿ ਸੰਗ੍ਰਹਿ) ਗਗਨ ਦੀਪ ਸ਼ਰਮਾ
ਪੰਨੇ 95, ਮੁੱਲ 100 ਰੁਪਏ, , ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਕਾਨੀ ਦੇ ਘੁੰਗਰੂ (ਕਾਵਿ ਸੰਗ੍ਰਹਿ) ਨੀਲਮ ਸੈਣੀ
ਪੰਨੇ 119,ਮੁੱਲ 125 ਰੁਪਏ,ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਕਲਾਮ ਸੁਲਤਾਨ ਬਾਹੂ (ਕਾਵਿ ਸੰਗ੍ਰਹਿ) ਸੰਪਾਦਕ: ਸ਼ਾਹ ਚਮਨ
ਪੰਨੇ 135,ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਔਰਤ ਤੂੰ ਮਹਾਨ (ਕਾਵਿ ਸੰਗ੍ਰਹਿ) ਦਵਿੰਦਰ ਕੌਰ ਜੌਹਲ
ਪੰਨੇ 116,ਮੁੱਲ 140 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਹਾਲ ਚਾਲ ਮਿੱਤਰਾਂ ਦਾ (ਕਾਵਿ ਵਾਰਤਾਲਾਪ) ਕੁਲਦੀਪ ਸਿੰਘ ਬਾਸੀ
ਪੰਨੇ 94,ਮੁੱਲ 120 ਰੁਪਏ,ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਬੇਗਮੋ ਦੀ ਧੀ (ਨਾਟਕ ਸੰਗ੍ਰਹਿ) ਗੁਰਸ਼ਰਨ ਸਿੰਘ
ਪੰਨੇ 55,ਮੁੱਲ 50 ਰੁਪਏ,ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਵਿਦਰੋਹ ਦੇ ਰਾਹ 'ਤੇ (ਨਾਟਕ ਸੰਗ੍ਰਹਿ) ਗੁਰਸ਼ਰਨ ਸਿੰਘ
ਪੰਨੇ 71,ਮੁੱਲ 60 ਰੁਪਏ,ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਜੰਗੀ ਰਾਮ ਦੀ ਹਵੇਲੀ (ਨਾਟਕ ਸੰਗ੍ਰਹਿ) ਗੁਰਸ਼ਰਨ ਸਿੰਘ
ਪੰਨੇ 69,ਮੁੱਲ 60 ਰੁਪਏ,ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

ਮਿਸਟਰ ਜਿਨਾਹ (ਹਿੰਦੀ ਨਾਟਕ) ਡਾ.ਨਰੇਂਦਰ ਮੋਹਨ. ਅਨੁਵਾਦਕ:ਤਰਸੇਮ
ਪੰਨੇ 110,ਮੁੱਲ 125 ਰੁਪਏ,ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ,ਲੁਧਿਆਣਾ

---


## 'ਸਿਰਜਣਾ' ਬਾਰੇ ਜਾਣਕਾਰੀ

| | | |
|---|---|---|
| 1. | ਪ੍ਰਕਾਸ਼ਨ ਸਥਾਨ | 225-ਬੀ, ਮਖਦੂਮਪੁਰਾ, ਜਲੰਧਰ |
| 2. | ਪ੍ਰਕਾਸ਼ਨ ਕਾਲ | ਤ੍ਰੈਮਾਸਕ |
| 3. | ਛਾਪਕ, ਪ੍ਰਕਾਸ਼ਕ ਤੇ ਮਾਲਕ | ਸੁਰਿੰਦਰ ਮੋਹਨ ਸਿੰਘ |
| 4. | ਕੌਮੀਅਤ | ਭਾਰਤੀ |
| 5. | ਪਤਾ | 225-ਬੀ, ਮਖਦੂਮਪਰਾ, ਜਲੰਧਰ |
| 6. | ਸੰਪਾਦਕ | ਰਘਬੀਰ ਸਿੰਘ |
| 7. | ਕੌਮੀਅਤ | ਭਾਰਤੀ |
| 8. | ਪਤਾ | 1728, ਸੈਕਟਰ 43-ਬੀ, ਚੰਡੀਗੜ੍ਹ |

ਮੈਂ, ਸਰਿੰਦਰ ਮੋਹਨ ਸਿੰਘ, ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ : 28 ਫਰਵਰੀ 2009 ਦਸਤਖਤ : ਸੁਰਿੰਦਰ ਮੋਹਨ ਸਿੰਘ, ਪ੍ਰਕਾਸ਼ਕ

*ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐਸ. ਸੀ. ਐਫ. 112, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।*

*ਸੰਪਾਦਕ :* ***ਰਘਬੀਰ ਸਿੰਘ*** *ਪ੍ਰਕਾਸ਼ਨ ਮਿਤੀ : 1 ਅਪਰੈਲ, 2009*





**ਬਹੁਪੱਖੀ ਪ੍ਰਤਿਭਾ ਵਾਲੇ ਸਿਰਜਕ ਬਲਬੀਰ ਪਰਵਾਨਾ ਦਾ**
**ਨਵਾਂ ਨਾਵਲ**

# ਨਿੱਕੇ ਨਿੱਕੇ ਯੁੱਧ




ਬਲਬੀਰ ਪਰਵਾਨਾ ਦਾ ਸੱਜਰਾ ਨਾਵਲ 'ਨਿੱਕੇ ਨਿੱਕੇ ਯੁੱਧ' ਇਕ ਕੁਸ਼ਲ ਗਲਪਕਾਰ ਵਜੋਂ ਉਸਦੀ ਸਮਰੱਥਾ ਦੀ ਗਵਾਹੀ ਦਿੰਦਾ ਹੈ। ਪਿਛਲੀ ਅੱਧੀ ਸਦੀ ਵਿਚ ਪ੍ਰਵਾਨ ਚੜ੍ਹੀ ਜਵਾਨੀ ਦੇ ਨਿੱਜੀ ਤੇ ਸਮੂਹਕ ਸਰੋਕਾਰਾਂ, ਸੰਘਰਸ਼ਾਂ, ਜਿੱਤਾਂ-ਹਾਰਾਂ, ਤੋਟਾਂ ਤੇ ਤ੍ਰਿਪਤੀਆਂ ਦੀ ਬਾਤ ਪਾਉਣ ਤੋਂ ਬਿਨਾਂ ਪੰਜਾਬੀ ਜਨ-ਜੀਵਨ ਵਿਚ ਆਈਆਂ ਵਿਆਪਕ ਤਬਦੀਲੀਆਂ ਨੂੰ ਇਹ ਨਾਵਲ ਕਲਾਵੇ ਵਿਚ ਲੈਂਦਾ ਹੈ। ਪਿੰਡਾਂ ਤੇ ਕਸਬਿਆਂ ਦੀ ਬਦਲਦੀ ਨੁਹਾਰ ਦੇ ਨਾਲ ਨਾਲ ਸਮਾਜ-ਸੱਭਿਆਚਾਰਕ ਰਿਸ਼ਤਿਆਂ ਵਿਚ ਆ ਰਹੇ ਸੂਖਮ ਤੇ ਸਥੂਲ ਪਰਿਵਰਤਨਾਂ, ਸਿਆਸਤ ਤੇ ਵਿਵਸਥਾ ਦੇ ਵਲ-ਵਲੇਵਿਆਂ ਦੀ ਵੀ ਇਸਦੇ ਕਥਾ-ਵਸਤੂ ਵਿਚੋਂ ਟੋਹ ਲੱਗਦੀ ਹੈ। ਬਲਬੀਰ ਪਰਵਾਨਾ ਦਾ ਕਮਾਲ ਇਹ ਹੈ ਕਿ ਉਸ ਨੇ ਸਾਰਾ ਕੁਝ ਇਸ ਤਰ੍ਹਾਂ ਦੀ ਰੌਚਕ ਕਹਾਣੀ ਰਾਹੀਂ ਦਰਸਾਇਆ ਹੈ ਕਿ ਕਿਤੇ ਵੀ ਰਤਾ ਜਿੰਨੀ ਉਕਤਾਹਟ ਮਹਿਸੂਸ ਨਹੀਂ ਹੁੰਦੀ।

ਸੁੰਦਰ ਦਿੱਖ ਪੰਨੇ : 132 ਮੁੱਲ : 150 ਰੁਪਏ

**ਲੋਕ ਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ**

**SIRJANA** Literary Punjabi Quarterly Chandigarh

No. 152 April-June 2009

Registered with the Registrar of Newspapers for India vide R.N. 10215/65




ਰਣਜੀਤ ਸਿੰਘ ਭਿੰਡਰ ਸ਼ੁਭ-ਭਾਵੀ, ਆਧੁਨਿਕ ਸੋਚ ਦਾ ਧਾਰਨੀ, ਪ੍ਰੌਢ ਚੇਤਨਾ ਵਾਲਾ ਸਿਰਜਕ ਹੈ। ਉਸ ਦੀਆਂ ਕਹਾਣੀਆਂ ਕਿਸੇ ਵਕਤੀ ਉਬਾਲ ਜਾਂ ਕਿਸੇ ਸਸਤੀ ਸ਼ੁਹਰਤ ਦੀ ਭਾਲ ਵਿਚੋਂ ਨਹੀਂ ਪੈਦਾ ਹੋਈਆਂ, ਇਹਨਾਂ ਦੇ ਪਿੱਛੇ ਜ਼ਿੰਦਗੀ ਦਾ ਵਿਸ਼ਾਲ ਤਜਰਬਾ, ਡੂੰਘੀ ਸੋਚ, ਗੰਭੀਰ ਚਿੰਤਨ ਅਤੇ ਮਾਨਵਤਾ ਲਈ ਡੂੰਘੀ ਚਿੰਤਾ ਕਾਰਜਸ਼ੀਲ ਹਨ। ਸਮਾਜਕ ਰਿਸ਼ਤਿਆਂ ਨੂੰ ਭਿੰਡਰ ਨੇ ਮਾਨਵੀ ਰਿਸ਼ਤਿਆਂ ਦੇ ਵਡੇਰੇ ਪ੍ਰਸੰਗ ਵਿਚ ਸਮਝਣ-ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਉਸਦੀ ਕਹਾਣੀ ਵਿਚ ਮਾਨਵਵਾਦੀ ਸਰੋਕਾਰ ਸਹਿਜਤਾ ਨਾਲ ਸੰਕੇਤਕ ਰੂਪ ਵਿਚ ਕਲਾਤਮਕ ਪ੍ਰਗਟਾਅ ਲੈਂਦੇ ਹਨ।

**ਸੁੰਦਰ ਦਿਖ** **ਪੰਨੇ 127** **ਮੁੱਲ : 140 ਰੁਪਏ**

ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ